ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 23 | Issue 222| 8 to 14 April, 2026 | Ph.: (510) 240-5949 | Email: asrtimes@gmail.com




## ਇਰਾਨ ਨਾਲ ਜੰਗ ਦੌਰਾਨ ਟਰੰਪ ਦੇ 'ਯੂ-ਟਰਨ' ਨੇ ਦੁਨੀਆ ਨੂੰ ਕੀਤਾ ਹੈਰਾਨ

## ਵਾਸ਼ਿੰਗਟਨ 'ਚ ਵਿਰੋਧੀ ਪਾਰਟੀਆਂ ਅਤੇ ਜਨਤਾ ਵੱਲੋਂ ਟਰੰਪ ਦਾ ਸਖ਼ਤ ਵਿਰੋਧ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਰਾਨ ਨਾਲ ਕੀਤੇ ਗਏ ਅਚਾਨਕ ਦੋ ਹਫ਼ਤਿਆਂ ਦੇ ਜੰਗਬੰਦੀ ਦੇ ਐਲਾਨ ਨੇ ਅਮਰੀਕੀ ਰਾਜਨੀਤੀ ਅਤੇ ਵਿਸ਼ਵ ਭਰ ਦੇ ਬਾਜ਼ਾਰਾਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਜਿੱਥੇ ਇੱਕ ਪਾਸੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਅਤੇ ਸ਼ੇਅਰ ਬਾਜ਼ਾਰ ਵਿੱਚ ਉਛਾਲ ਦੇਖਿਆ ਗਿਆ ਹੈ, ਉੱਥੇ ਹੀ ਵਾਸ਼ਿੰਗਟਨ ਦੇ ਰਾਜਨੀਤਿਕ ਗਲਿਆਰਿਆਂ ਵਿੱਚ ਇਸ ਫੈਸਲੇ ਨੂੰ ਲੈ ਕੇ ਤਿੱਖੀ ਬਹਿਸ ਸ਼ੁਰੂ ਹੋ ਗਈ ਹੈ। ਰਿਪਬਲਿਕਨ ਪਾਰਟੀ ਦੇ ਕੱਟੜਪੰਥੀ ਆਗੂ ਇਸ ਸਮਝੌਤੇ ਨੂੰ ਸ਼ੱਕ ਦੀ ਨਿਗਾਹ ਨਾਲ ਦੇਖ ਰਹੇ ਹਨ, ਜਦਕਿ ਡੈਮੋਕ੍ਰੇਟਿਕ ਪਾਰਟੀ ਨੇ ਇਸ ਜੰਗ ਨੂੰ ਸੰਵਿਧਾਨਕ ਉਲੰਘਣਾ ਦੱਸਦਿਆਂ ਰਾਸ਼ਟਰਪਤੀ ਟਰੰਪ ਵਿਰੁੱਧ ਕਾਰਵਾਈ ਦੀ ਮੰਗ ਤੇਜ਼ ਕਰ ਦਿੱਤੀ ਹੈ। ਇਸ ਸਮਝੌਤੇ ਵਿੱਚ ਸਭ ਤੋਂ ਹੈਰਾਨੀਜਨਕ ਪਹਿਲੂ ਪਾਕਿਸਤਾਨ ਦੀ ਭੂਮਿਕਾ ਰਿਹਾ। ਰਾਸ਼ਟਰਪਤੀ ਟਰੰਪ ਨੇ ਖ਼ੁਦ ਸ਼ਾਹਬਾਜ਼ ਸ਼ਰੀਫ਼ ਅਤੇ ਫੀਲਡ ਮਾਰਸ਼ਲ ਆਸਿਮ ਮੁਨੀਰ ਦਾ ਧੰਨਵਾਦ ਕਰਕੇ ਇਹ ਸਪੱਸ਼ਟ ਕਰ ਦਿੱਤਾ ਕਿ ਇਸਲਾਮਾਬਾਦ ਨੇ ਵਾਸ਼ਿੰਗਟਨ ਅਤੇ ਤਹਿਰਾਨ ਵਿਚਕਾਰ ਇੱਕ ਮਹੱਤਵਪੂਰਨ ਪੁਲ ਦਾ ਕੰਮ ਕੀਤਾ ਹੈ।

ਹਾਲਾਂਕਿ ਪਾਕਿਸਤਾਨ ਮੂਹਰੇ ਰਿਹਾ, ਪਰ ਪਰਦੇ ਦੇ ਪਿੱਛੇ ਚੀਨ ਨੇ ਅਹਿਮ ਦਬਾਅ ਬਣਾਇਆ ਸੀ। ਚੀਨ ਲਈ ਇਰਾਨ ਦਾ ਊਰਜਾ ਬੁਨਿਆਦੀ ਢਾਂਚਾ ਬਹੁਤ ਮਹੱਤਵਪੂਰਨ ਹੈ। ਅਮਰੀਕੀ ਹਮਲਿਆਂ ਨਾਲ ਤੇਲ ਦੀ ਸਪਲਾਈ ਪ੍ਰਭਾਵਿਤ ਹੋਣ ਦਾ ਡਰ ਸੀ, ਇਸ ਲਈ ਬੀਜਿੰਗ ਨੇ ਇਰਾਨ ਨੂੰ 'ਲਚਕੀਲਾਪਨ' ਦਿਖਾਉਣ ਦੀ ਸਲਾਹ ਦਿੱਤੀ ਸੀ ਤਾਂ ਜੋ ਆਰਥਿਕ ਨੁਕਸਾਨ ਤੋਂ ਬਚਿਆ ਜਾ ਸਕੇ।

ਚੀਨ ਦੇ ਸਰਕਾਰੀ ਅਖ਼ਬਾਰ ਗਲੋਬਲ ਟਾਈਮਜ਼ ਦੇ ਜੰਗਬੰਦੀ ਤੋਂ ਇੱਕ ਦਿਨ ਪਹਿਲਾਂ ਸੰਪਾਦਕੀ ਵਿੱਚ ਲਿਖਿਆ ਸੀ ਕਿ ਜੇਕਰ ਅਮਰੀਕਾ ਅਤੇ ਇਜ਼ਰਾਇਲ ਫ਼ੌਜੀ ਸਾਧਨਾਂ ਦੀ ਵਰਤੋਂ ਕਰਕੇ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਇਹ 'ਤੇਲ ਜੀਵਨ ਰੇਖਾ' ਇੱਕ 'ਯੁੱਧ ਦੇ ਮੈਦਾਨ' ਵਿੱਚ ਬਦਲ ਜਾਵੇਗੀ, ਜਿਸ ਨਾਲ ਪੂਰੀ ਦੁਨੀਆ ਨੂੰ ਨੁਕਸਾਨ ਹੋਵੇਗਾ। ਚੀਨ ਨੇ ਚਿਤਾਵਨੀ ਦਿੱਤੀ ਸੀ ਕਿ ਫ਼ੌਜੀ ਦਖਲਅੰਦਾਜ਼ੀ ਖੇਤਰ ਨੂੰ 'ਅਸਲ ਯੁੱਧ ਖੇਤਰ' ਵਿੱਚ ਬਦਲ ਦੇਵੇਗੀ, ਵਿਸ਼ਵ ਆਰਥਿਕ ਸਥਿਰਤਾ ਨੂੰ ਤਬਾਹ ਕਰ ਦੇਵੇਗੀ ਅਤੇ ਖੇਤਰੀ ਦੇਸ਼ਾਂ ਨੂੰ ਨੁਕਸਾਨ ਪਹੁੰਚਾਏਗੀ। ਚੀਨ ਦਾ ਕਹਿਣਾ ਸੀ ਕਿ ਸ਼ਾਂਤੀ ਤੋਂ ਬਿਨਾਂ, ਕੋਈ ਵੀ ਸਮੁੰਦਰੀ ਰਸਤਾ ਕਦੇ ਵੀ ਸੁਰੱਖਿਅਤ ਨਹੀਂ ਹੋ ਸਕਦਾ।

ਰੂਸੀ ਸਰਕਾਰੀ ਮੀਡੀਆ ਆਰਟੀ ਇੰਟਰਨੈਸ਼ਨਲ ਦਾ ਮੰਨਣਾ ਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਰਾਨ ਵਿਰੁੱਧ ਐਲਾਨੀ ਗਈ 'ਦੋ ਹਫ਼ਤਿਆਂ ਦੀ ਜੰਗਬੰਦੀ' ਕੋਈ ਮਹਿਜ਼ ਕੂਟਨੀਤਕ ਚਾਲ ਨਹੀਂ, ਸਗੋਂ ਈਸਫਾਹਨ ਦੇ ਪਹਾੜਾਂ ਵਿੱਚ ਅਮਰੀਕੀ ਫ਼ੌਜੀ ਸ਼ਕਤੀ ਨੂੰ ਲੱਗੇ ਉਸ ਜ਼ਬਰਦਸਤ ਝਟਕੇ ਦਾ ਨਤੀਜਾ ਹੈ, ਜਿਸ ਨੇ ਵਾਸ਼ਿੰਗਟਨ ਨੂੰ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ ਸੀ। ਆਰ.ਟੀ. ਇੰਟਰਨੈਸ਼ਨਲ ਲਿਖਦਾ ਹੈ ਕਿ ਇਸ ਪੂਰੇ ਘਟਨਾਕ੍ਰਮ ਦੀ ਸ਼ੁਰੂਆਤ 3 ਅਪ੍ਰੈਲ ਨੂੰ ਹੋਈ ਸੀ ਜਦੋਂ ਇਰਾਨੀ ਮਿਜ਼ਾਈਲ ਪ੍ਰਣਾਲੀ ਨੇ ਅਮਰੀਕਾ ਦੇ ਅਤਿ-ਆਧੁਨਿਕ ਐਫ-15ਈ ਸਟ੍ਰਾਈਕ ਈਗਲ ਨੂੰ ਡੇਗ ਦਿੱਤਾ। ਹਾਲਾਂਕਿ ਅਮਰੀਕਾ ਨੇ ਇੱਕ ਗੁੰਝਲਦਾਰ 'ਸਪੈਸ਼ਲ ਫੋਰਸਿਜ਼' ਅਪਰੇਸ਼ਨ ਰਾਹੀਂ ਆਪਣੇ ਲਾਪਤਾ ਹਥਿਆਰ ਅਧਿਕਾਰੀ ਨੂੰ ਬਚਾਉਣ ਦਾ ਦਾਅਵਾ ਕੀਤਾ ਸੀ, ਪਰ ਇਸ ਦੀ ਕੀਮਤ ਨੇ ਅਮਰੀਕੀ ਹਵਾਈ ਫ਼ੌਜ ਦੇ ਮਾਣ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਦੋ ਐਮ ਸੀ-130ਜੇ ਟ੍ਰਾਂਸਪੋਰਟ ਜਹਾਜ਼ ਅਤੇ ਚਾਰ ਲਿਟਰ ਬਰਲਡ ਹੈਲੀਕਾਪਟਰਾਂ ਦਾ ਚਿੱਕੜ ਵਿੱਚ ਫਸਣਾ ਅਤੇ ਫਿਰ ਅਮਰੀਕਾ ਵੱਲੋਂ ਉਨ੍ਹਾਂ ਨੂੰ ਖ਼ੁਦ ਨਸ਼ਟ ਕਰਨਾ, ਸੋਮਾਲੀਆ ਦੇ 'ਬਲੈਕ ਹਾਕ ਡਾਊਨ' (1993) ਦੀ ਯਾਦ ਦਿਵਾਉਂਦਾ ਹੈ। ਇਹ ਸਪੱਸ਼ਟ ਕਰਦਾ ਹੈ ਕਿ ਇਰਾਨ ਵਰਗੇ ਦੇਸ਼ ਵਿੱਚ ਜ਼ਮੀਨੀ ਜਾਂ ਵਿਸ਼ੇਸ਼ ਅਪਰੇਸ਼ਨ ਕਰਨਾ ਹੁਣ ਅਮਰੀਕਾ ਲਈ ਬੱਚਿਆਂ ਦੀ ਖੇਡ ਨਹੀਂ ਰਿਹਾ।

ਆਰ.ਟੀ. ਇੰਟਰਨੈਸ਼ਨਲ ਨੇ ਇਹ ਵੀ ਲਿਖਿਆ ਹੈ ਕਿ ਇਸ ਜੰਗ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਦੁਨੀਆ ਹੁਣ ਇੱਕ-ਧਰੁਵੀ ਨਹੀਂ ਰਹੀ।

ਕੌਣ ਜਿੱਤਿਆ ਅਤੇ ਕੌਣ ਹਾਰਿਆ?

ਇਹ ਜੰਗ ਅਜਿਹੀ ਹੈ ਜਿੱਥੇ ਦੋਵੇਂ ਧਿਰਾਂ ਜਿੱਤ ਦਾ ਜਸ਼ਨ ਮਨਾ ਰਹੀਆਂ ਹਨ, ਪਰ ਹਕੀਕਤ ਕੁਝ ਹੋਰ ਹੈ।

ਮੋਜਤਬਾ ਖ਼ਾਮੇਨੇਈ ਅਤੇ ਇਰਾਨੀ ਮੀਡੀਆ ਇਸ ਨੂੰ 'ਇਤਿਹਾਸਕ ਜਿੱਤ' ਕਹਿ ਰਹੇ ਹਨ ਕਿਉਂਕਿ ਉਨ੍ਹਾਂ ਨੇ ਅਮਰੀਕਾ ਨੂੰ 10-ਨੁਕਾਤੀ ਸ਼ਰਤਾਂ (ਪਾਬੰਦੀਆਂ ਹਟਾਉਣਾ, ਯੂਰੇਨੀਅਮ ਅਧਿਕਾਰ ਦੀ ਪ੍ਰਵਾਨਗੀ) 'ਤੇ ਗੱਲ ਕਰਨ ਲਈ ਮਜ਼ਬੂਰ ਕੀਤਾ।

## ਜੰਗਬੰਦੀ ਦੇ ਅਹਿਮ ਨੁਕਤੇ

ਇਰਾਨ ਦੀ ਸੁਪਰੀਮ ਨੈਸ਼ਨਲ ਸਿਕਿਓਰਿਟੀ ਕੌਂਸਲ ਨੇ ਜਿਸ '10-ਨੁਕਾਤੀ ਪਲਾਨ' ਨੂੰ ਗੱਲਬਾਤ ਦਾ ਆਧਾਰ ਬਣਾਇਆ ਹੈ, ਉਹ ਅਸਲ ਵਿੱਚ ਅਮਰੀਕਾ ਲਈ ਇੱਕ 'ਸਮਰਪਣ ਪੱਤਰ' ਵਾਂਗ ਹੈ। ਇਸ ਦੇ ਪ੍ਰਮੁੱਖ ਨੁਕਤੇ ਹੇਠ ਲਿਖੇ ਹਨ:

- **ਗ਼ੈਰ-ਹਮਲਾਵਰ ਵਚਨਬੱਧਤਾ:** ਅਮਰੀਕਾ ਲਿਖਤੀ ਰੂਪ ਵਿੱਚ ਦੇਵੇ ਕਿ ਉਹ ਇਰਾਨ 'ਤੇ ਹਮਲਾ ਨਹੀਂ ਕਰੇਗਾ।
- **ਸਟ੍ਰੇਟ ਆਫ ਹਰਮੁਜ਼:** ਇਸ ਅਹਿਮ ਸਮੁੰਦਰੀ ਰਸਤੇ 'ਤੇ ਇਰਾਨ ਦਾ ਮੁਕੰਮਲ ਕੰਟਰੋਲ ਹੋਵੇਗਾ।
- **ਪ੍ਰਮਾਣੂ ਅਧਿਕਾਰ:** ਯੂਰੇਨੀਅਮ ਸੰਵਰਧਨ ਦੇ ਇਰਾਨੀ ਅਧਿਕਾਰ ਨੂੰ ਅੰਤਰਰਾਸ਼ਟਰੀ ਮਾਨਤਾ।
- **ਪਾਬੰਦੀਆਂ ਦਾ ਖਾਤਮਾ:** ਸਾਰੀਆਂ ਆਰਥਿਕ ਅਤੇ ਰਾਜਨੀਤਿਕ ਪਾਬੰਦੀਆਂ ਨੂੰ ਤੁਰੰਤ ਹਟਾਉਣਾ।
- **ਅੰਤਰਰਾਸ਼ਟਰੀ ਮਤੇ:** ਇਰਾਨ ਵਿਰੋਧੀ ਸਾਰੇ ਮਤਿਆਂ ਨੂੰ ਰੱਦ ਕਰਨਾ।
- **ਜੰਗ ਦਾ ਹਰਜਾਨਾ:** ਅਮਰੀਕੀ ਹਮਲਿਆਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਭਾਰੀ ਜੁਰਮਾਨਾ।
- **ਫ਼ੌਜੀ ਵਾਪਸੀ:** ਮੱਧ-ਪੂਰਬ ਖੇਤਰ ਵਿੱਚੋਂ ਸਾਰੀਆਂ ਅਮਰੀਕੀ ਲੜਾਕੂ ਫੌਜਾਂ ਦਾ ਬਾਹਰ ਨਿਕਲਣਾ।
- **ਲਿਬਨਾਨ ਮੋਰਚਾ:** ਹਿਜ਼ਬੁੱਲਾ ਅਤੇ ਹੋਰ ਇਸਲਾਮਿਕ ਪ੍ਰਤੀਰੋਧਾਂ ਵਿਰੁੱਧ ਜੰਗ ਦਾ ਖਾਤਮਾ।
- **ਖੇਤਰੀ ਸੁਰੱਖਿਆ:** ਅਮਰੀਕੀ ਦਖਲ ਤੋਂ ਮੁਕਤ ਨਵਾਂ ਖੇਤਰੀ ਸੁਰੱਖਿਆ ਢਾਂਚਾ।
- **ਵਿਗਿਆਨਕ ਖੁਦਮੁਖਤਿਆਰੀ:** ਇਰਾਨ ਦੇ ਤਕਨੀਕੀ ਵਿਕਾਸ 'ਤੇ ਬਾਹਰੀ ਨਿਗਰਾਨੀ ਦੀ ਸਮਾਪਤੀ।

## ਅਮਰੀਕਾ 'ਚ ਟਰੰਪ ਦਾ ਵਿਰੋਧ



ਟਰੰਪ ਦੇ ਆਪਣੇ ਹੀ ਖੇਮੇ ਦੇ ਕੁਝ ਆਗੂ ਇਸ ਨਰਮਾਈ ਤੋਂ ਖੁਸ਼ ਨਹੀਂ ਹਨ। ਸੈਨੇਟਰ ਲਿੰਡਸੇ ਗ੍ਰਾਹਮ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ ਕਿ ਇਰਾਨ ਨੇ ਪਹਿਲਾਂ ਵੀ ਅੰਤਰਰਾਸ਼ਟਰੀ ਜਲ ਮਾਰਗਾਂ 'ਤੇ ਹਮਲੇ ਕਰਕੇ ਸਮੁੰਦਰੀ ਆਜ਼ਾਦੀ ਨੂੰ ਖਤਮ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਂਗਰਸ ਕਿਸੇ ਵੀ ਅਜਿਹੇ ਸਮਝੌਤੇ ਦੀ ਸਖ਼ਤ ਸਮੀਖਿਆ ਕਰੇਗੀ ਜੋ ਇਰਾਨ ਨੂੰ ਦੁਬਾਰਾ ਪ੍ਰਮਾਣੂ ਕਾਰੋਬਾਰ ਵਿੱਚ ਆਉਣ ਦੀ ਇਜਾਜ਼ਤ ਦਿੰਦਾ ਹੋਵੇ। ਇਸੇ ਦੌਰਾਨ, ਫਾਰ-ਰਾਈਟ ਕਾਰਕੁਨ ਲੌਰਾ ਲੂਮਰ ਨੇ ਇਸ ਨੂੰ ਅਮਰੀਕਾ ਦੀ ਹਾਰ ਕਰਾਰ ਦਿੰਦਿਆਂ ਕਿਹਾ, 'ਅਸੀਂ ਇਸ ਗੱਲਬਾਤ ਤੋਂ ਕੁਝ ਵੀ ਹਾਸਲ ਨਹੀਂ ਕੀਤਾ, ਉਲਟਾ ਅੱਤਵਾਦੀ ਜਸ਼ਨ ਮਨਾ ਰਹੇ ਹਨ।' ਮਾਰਕ ਲੇਵਿਨ ਵਰਗੇ ਟਿੱਪਣੀਕਾਰਾਂ ਨੇ ਵੀ ਚਿਤਾਵਨੀ ਦਿੱਤੀ ਹੈ ਕਿ ਦੁਸ਼ਮਣ ਅਜੇ ਵੀ ਖਤਮ ਨਹੀਂ ਹੋਇਆ ਹੈ।

ਡੈਮੋਕ੍ਰੇਟਿਕ ਆਗੂਆਂ ਨੇ ਜੰਗਬੰਦੀ ਦਾ ਸਵਾਗਤ ਤਾਂ ਕੀਤਾ ਹੈ, ਪਰ ਉਨ੍ਹਾਂ ਦਾ ਮੁੱਖ ਨਿਸ਼ਾਨਾ ਜੰਗ ਦੀ 'ਗ਼ੈਰ-ਕਾਨੂੰਨੀ' ਸ਼ੁਰੂਆਤ ਹੈ। ਸੈਨੇਟਰ ਰੂਬੇਨ ਗੈਲੇਗੋ ਨੇ ਕਿਹਾ ਕਿ ਫ਼ੌਜੀਆਂ ਦੀ ਜਾਨ ਬਚਾਉਣਾ ਚੰਗੀ ਗੱਲ ਹੈ, ਪਰ ਟਰੰਪ ਪ੍ਰਸ਼ਾਸਨ ਨੂੰ ਇਹ ਜਵਾਬ ਦੇਣਾ ਪਵੇਗਾ ਕਿ ਬਿਨਾਂ ਕਾਂਗਰਸੀ ਮਨਜ਼ੂਰੀ ਦੇ ਇਹ ਜੰਗ ਕਿਉਂ ਸ਼ੁਰੂ ਕੀਤੀ ਗਈ।

(ਬਾਕੀ ਸਫ਼ਾ 26 'ਤੇ)

### ਅਮਰੀਕਾ ਦਾ ਪੱਖ

ਟਰੰਪ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਆਪਣੇ ਫ਼ੌਜੀ ਉਦੇਸ਼ ਪੂਰੇ ਕਰ ਲਏ ਹਨ ਅਤੇ ਉਹ ਹੁਣ ਤਾਕਤ ਰਾਹੀਂ ਸ਼ਾਂਤੀ ਦੀ ਨੀਤੀ 'ਤੇ ਚੱਲ ਰਹੇ ਹਨ।

ਅਸਲ ਵਿੱਚ ਕੋਈ ਨਹੀਂ ਜਿੱਤਿਆ। ਇਰਾਨ ਨੇ ਆਪਣਾ ਸਰਵਉੱਚ ਨੇਤਾ ਗੁਆਇਆ ਹੈ ਅਤੇ ਅਮਰੀਕਾ ਨੂੰ ਆਪਣੀ 'ਸੱਭਿਅਤਾ ਖ਼ਤਮ ਕਰਨ' ਦੀ ਧਮਕੀ ਤੋਂ ਪਿੱਛੇ ਹਟਣਾ ਪਿਆ ਤੇ ਆਪਣਾ ਵੀ ਨੁਕਸਾਨ ਕਰਵਾਉਣਾ ਪਿਆ।

ਮੋਜਤਬਾ ਖ਼ਾਮੇਨੇਈ ਨੇ ਟਰੰਪ ਨੂੰ ਸਾਫ਼ ਕਿਹਾ ਹੈ ਕਿ 'ਹੱਥ ਅਜੇ ਵੀ ਟ੍ਰਿਗਰ 'ਤੇ ਹਨ।' ਇਰਾਨ ਨੇ ਇਹ

### ਟਰੰਪ ਦੀ ਰਣਨੀਤੀ ਧਮਕੀ ਤੋਂ ਡਿਪਲੋਮੇਸੀ ਤੱਕ ਦਾ ਸਫ਼ਰ

ਬੀਤੇ ਮੰਗਲਵਾਰ ਸਵੇਰੇ ਰਾਸ਼ਟਰਪਤੀ ਟਰੰਪ ਨੇ ਬੇਹੱਦ ਹਮਲਾਵਰ ਰੁਖ ਅਖਤਿਆਰ ਕਰਦਿਆਂ ਕਿਹਾ ਸੀ ਕਿ 'ਅੱਜ ਰਾਤ ਇੱਕ ਪੂਰੀ ਸਭਿਅਤਾ ਖਤਮ ਹੋ ਜਾਵੇਗੀ।' ਪਰ ਇਸ ਦੇ ਮਹਿਜ਼ 10 ਘੰਟਿਆਂ ਬਾਅਦ ਜੰਗਬੰਦੀ ਦਾ ਐਲਾਨ ਕਰਨਾ ਸਭ ਨੂੰ ਹੈਰਾਨ ਕਰ ਗਿਆ। ਹੁਣ ਦੋਵਾਂ ਦੇਸ਼ਾਂ ਦੇ ਪ੍ਰਤੀਨਿਧੀ ਅਗਲੇ ਸ਼ੁੱਕਰਵਾਰ ਪਾਕਿਸਤਾਨ ਦੀ ਰਾਜਧਾਨੀ ਵਿੱਚ ਮਿਲਣਗੇ।

ਇਰਾਨੀ ਮੀਡੀਆ ਮੁਤਾਬਕ, ਤਹਿਰਾਨ ਨੇ ਸ਼ਰਤ ਰੱਖੀ ਹੈ ਕਿ ਉਹ ਹੋਰਮੁਜ਼ ਦੇ ਜਲਡਮਰੂ 'ਤੇ ਆਪਣਾ ਕੰਟਰੋਲ ਬਰਕਰਾਰ ਰੱਖੇਗਾ ਅਤੇ ਅਮਰੀਕਾ ਨੂੰ ਇਰਾਨ ਦੇ ਘਰੇਲੂ ਯੂਰੇਨੀਅਮ ਸੰਵਰਧਨ ਪ੍ਰੋਗਰਾਮ ਨੂੰ ਮਾਨਤਾ ਦੇਣੀ ਪਵੇਗੀ।

# 'ਬਿੱਲ ਸੀ-9' ਰਾਹੀਂ ਖ਼ਾਲਿਸਤਾਨੀ ਸਿਆਸਤ ਨੂੰ ਘੇਰਨ ਦੀ ਤਿਆਰੀ ?

## ਕੈਨੇਡਾ ਵਿਖੇ ਨ.ਫ਼ਰਤ ਵਿਰੋਧੀ 'ਬਿੱਲ ਸੀ-9' ਪਾਸ ਹੋਣ ਮਗਰੋਂ ਮੰਦਰਾਂ ਅੱਗੇ ਖ਼ਾਲਿਸਤਾਨ ਪੱਖੀਆਂ ਦਾ ਪ੍ਰਦਰਸ਼ਨ

### ਕੈਨੇਡੀਅਨ ਮੰਦਰਾਂ ਨੇ ਸਰਕਾਰ ਤੋਂ ਮੰਗੀ 250 ਮੀਟਰ ਦੀ 'ਸੁਰੱਖਿਅਤ ਦੂਰੀ'

### ਕੀ ਹੁਣ ਕੈਨੇਡਾ 'ਚ ਨਾਅਰੇਬਾਜ਼ੀ ਬਦਲੇ ਹੋਵੇਗੀ ਉਮਰ ਕੈਦ ?

ਬਰੈਂਪਟਨ/ਸਰੀ/ਏ.ਟੀ. ਨਿਊਜ਼: ਕੈਨੇਡਾ ਵਿੱਚ ਨ.ਫ਼ਰਤ ਵਿਰੋਧੀ ਨਵੇਂ ਕਾਨੂੰਨ (ਬਿੱਲ ਸੀ-9) ਨੂੰ ਲੈ ਕੇ ਚੱਲ ਰਹੀ ਸਿਆਸੀ ਸਰਗਰਮੀ ਦਰਮਿਆਨ ਬੀਤੇ ਦਿਨ ਬਰੈਂਪਟਨ ਅਤੇ ਸਰੀ ਦੇ ਦੋ ਵੱਡੇ ਹਿੰਦੂ ਮੰਦਰਾਂ ਦੇ ਬਾਹਰ ਖ਼ਾਲਿਸਤਾਨ ਪੱਖੀ ਜਥੇਬੰਦੀ 'ਸਿੱਖ ਫ਼ਾਰ ਜਸਟਿਸ' ਵੱਲੋਂ ਪ੍ਰਦਰਸ਼ਨ ਕੀਤੇ ਗਏ। ਹਾਲਾਂਕਿ ਇਹ ਪ੍ਰਦਰਸ਼ਨ ਸ਼ਾਂਤਮਈ ਰਹੇ, ਪਰ ਇਸ ਨੇ ਕੈਨੇਡਾ ਵਿੱਚ ਧਾਰਮਿਕ ਸੁਰੱਖਿਆ ਅਤੇ ਨਵੇਂ ਕਾਨੂੰਨ ਦੀ ਲੋੜ ਬਾਰੇ ਬਹਿਸ ਮੁੜ ਛੇੜ ਦਿੱਤੀ ਹੈ।



ਪ੍ਰਦਰਸ਼ਨ ਗ੍ਰੇਟਰ ਟੋਰਾਂਟੋ ਏਰੀਆ ਦੇ ਤ੍ਰਿਵੇਣੀ ਮੰਦਰ ਅਤੇ ਬ੍ਰਿਟਿਸ਼ ਕੋਲੰਬੀਆ ਦੇ ਲਕਸ਼ਮੀ ਨਾਰਾਇਣ ਮੰਦਰ ਨੇੜੇ ਕੀਤੇ ਗਏ। ਮੰਦਰ ਪ੍ਰਬੰਧਕਾਂ ਅਨੁਸਾਰ ਪ੍ਰਦਰਸ਼ਨਕਾਰੀ ਮੰਦਰ ਤੋਂ ਕਰੀਬ 100 ਮੀਟਰ ਦੀ ਦੂਰੀ 'ਤੇ ਸਨ। ਕੋਲੀਸ਼ਨ ਆਫ ਹਿੰਦੂਜ਼ ਆਫ ਨੌਰਥ ਅਮਰੀਕਾ ਅਤੇ ਹੋਰ ਸੰਸਥਾਵਾਂ ਨੇ ਇਸ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਮੰਦਰ ਪੂਜਾ ਦੇ ਅਸਥਾਨ ਹਨ, ਪ੍ਰਦਰਸ਼ਨ ਕਰਨ ਵਾਲੀ ਥਾਂ ਨਹੀਂ। ਉਨ੍ਹਾਂ ਮੰਦਰਾਂ ਦੇ ਆਲੇ-ਦੁਆਲੇ 250 ਮੀਟਰ ਦਾ ਬਫਰ ਜ਼ੋਨ ਬਣਾਉਣ ਦੀ ਮੰਗ ਕੀਤੀ ਹੈ।

ਪੀਲ ਰੀਜਨਲ ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਉਹ ਸ਼ਾਂਤਮਈ ਇਕੱਠ ਦੇ ਅਧਿਕਾਰ ਦਾ ਸਤਿਕਾਰ ਕਰਦੇ ਹਨ, ਪਰ ਕਿਸੇ ਵੀ ਗ਼ੈਰ-ਕਾਨੂੰਨੀ ਜਾਂ ਨ.ਫ਼ਰਤ ਭਰੇ ਵਿਵਹਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਪ੍ਰਦਰਸ਼ਨ ਕਰਨ ਵਾਲੀਆਂ ਜਥੇਬੰਦੀਆਂ ਦਾ ਤਰਕ ਹੈ ਕਿ ਉਹ ਮੰਦਰਾਂ ਨੂੰ ਨਿਸ਼ਾਨਾ ਨਹੀਂ ਬਣਾ ਰਹੇ, ਸਗੋਂ ਉਨ੍ਹਾਂ ਅਦਾਰਿਆਂ ਵਿਰੁੱਧ ਰੋਸ ਪ੍ਰਗਟ ਕਰ ਰਹੇ ਹਨ ਜੋ ਉਨ੍ਹਾਂ ਦੇ ਅਨੁਸਾਰ ਭਾਰਤ ਸਰਕਾਰ ਦੇ ਪ੍ਰਚਾਰ ਜਾਂ ਗਤੀਵਿਧੀਆਂ ਲਈ ਵਰਤੇ ਜਾਂਦੇ ਹਨ। ਉਹ ਇਸ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੇ ਦਾਇਰੇ ਵਿੱਚ ਦੇਖਦੇ ਹਨ।

ਕੈਨੇਡਾ ਵਿੱਚ ਰਹਿਣ ਵਾਲੇ ਬਹੁਤ ਸਾਰੇ ਸਿੱਖ ਪਰਿਵਾਰ ਅਤੇ ਸੰਸਥਾਵਾਂ ਇਸ ਗੱਲੋਂ ਚਿੰਤਤ ਹਨ ਕਿ ਮੰਦਰਾਂ ਦੇ ਬਾਹਰ ਪ੍ਰਦਰਸ਼ਨ ਕਰਨ ਨਾਲ ਹਿੰਦੂ ਅਤੇ ਸਿੱਖ ਭਾਈਚਾਰਿਆਂ ਵਿਚਾਲੇ ਦਹਾਕਿਆਂ ਪੁਰਾਣੀ ਸਾਂਝ ਨੂੰ ਠੇਸ ਪਹੁੰਚਦੀ ਹੈ। ਅਜਿਹੇ ਮੁਜ਼ਾਹਰੇ ਕੈਨੇਡਾ ਦੇ ਆਮ ਨਾਗਰਿਕਾਂ ਵਿੱਚ ਸਿੱਖਾਂ ਦੇ ਅਕਸ ਨੂੰ 'ਕੱਟੜਪੰਥੀ' ਵਜੋਂ ਪੇਸ਼ ਕਰ ਸਕਦੇ ਹਨ, ਜਦਕਿ ਸਿੱਖ ਧਰਮ ਹਮੇਸ਼ਾ ਦੂਜੇ ਧਰਮਾਂ ਦੇ ਸਤਿਕਾਰ ਤੇ ਸਾਂਝੀਵਾਲਤਾ ਦੀ ਗੱਲ ਕਰਦਾ ਹੈ। ਆਮ ਪੰਜਾਬੀਆਂ ਦਾ ਮੰਨਣਾ ਹੈ ਕਿ ਕਿਸੇ ਵੀ ਧਰਮ ਦਾ ਪੂਜਾ ਅਸਥਾਨ ਸ਼ਾਂਤੀ ਅਤੇ ਅਧਿਆਤਮਿਕਤਾ ਲਈ ਹੁੰਦਾ ਹੈ। ਉੱਥੇ ਸਿਆਸੀ ਪ੍ਰਦਰਸ਼ਨ ਕਰਨੇ ਨੈਤਿਕ ਤੌਰ 'ਤੇ ਸਹੀ ਨਹੀਂ ਮੰਨੇ ਜਾਂਦੇ। ਜੇਕਰ ਵਿਰੋਧ ਭਾਰਤ ਸਰਕਾਰ ਦੀਆਂ ਨੀਤੀਆਂ ਵਿਰੁੱਧ ਸੀ, ਤਾਂ ਸਿਆਸੀ ਮਾਹਰਾਂ ਅਨੁਸਾਰ ਇਹ ਪ੍ਰਦਰਸ਼ਨ ਦੂਤਾਵਾਸਾਂ ਜਾਂ ਸਰਕਾਰੀ ਦਫ਼ਤਰਾਂ ਦੇ ਬਾਹਰ ਹੋਣੇ ਚਾਹੀਦੇ ਸਨ। ਮੰਦਰਾਂ ਸਾਹਮਣੇ ਪ੍ਰਦਰਸ਼ਨ ਕਰਨ ਨਾਲ ਇਹ ਸਿਆਸੀ ਮੁੱਦੇ ਦੀ ਬਜਾਏ 'ਧਾਰਮਿਕ ਟਕਰਾਅ' ਜਾਪਣ ਲੱਗ ਪੈਂਦਾ ਹੈ।

ਬਹੁਤੇ ਸੂਝਵਾਨ ਸਿੱਖਾਂ ਅਤੇ ਵਿਦਵਾਨਾਂ ਦੀ ਰਾਏ ਹੈ ਕਿ ਮੰਦਰਾਂ ਦੇ ਬਾਹਰ ਪ੍ਰਦਰਸ਼ਨ ਕਰਨਾ ਇੱਕ ਰਣਨੀਤਕ ਗਲਤੀ ਹੈ। ਇਸ ਨਾਲ ਮੁੱਦੇ ਦਾ ਹੱਲ ਹੋਣ ਦੀ ਬਜਾਏ ਆਪਸੀ ਕੁੜੱਤਣ ਵਧਦੀ ਹੈ ਅਤੇ ਕੈਨੇਡਾ ਵਿੱਚ ਸਿੱਖ ਭਾਈਚਾਰੇ ਲਈ ਨਵੇਂ ਕਾਨੂੰਨੀ ਅਤੇ ਸਮਾਜਿਕ ਸੰਕਟ ਪੈਦਾ ਹੁੰਦੇ ਹਨ।

**ਕੀ ਹੈ 'ਬਿੱਲ ਸੀ-9' ?**

ਕੈਨੇਡਾ ਸਰਕਾਰ ਦੇ ਇਸ ਪ੍ਰਸਤਾਵਿਤ ਕਾਨੂੰਨ ਦਾ ਉਦੇਸ਼ ਧਾਰਮਿਕ ਅਤੇ ਭਾਈਚਾਰਕ ਸਥਾਨਾਂ 'ਤੇ ਨ.ਫ਼ਰਤੀ ਅਪਰਾਧਾਂ ਨੂੰ ਰੋਕਣਾ ਹੈ। ਇਸ ਬਿੱਲ ਅਨੁਸਾਰ ਧਾਰਮਿਕ ਸਥਾਨਾਂ, ਸਕੂਲਾਂ ਜਾਂ ਭਾਈਚਾਰਕ ਕੇਂਦਰਾਂ ਨੇੜੇ ਲੋਕਾਂ ਨੂੰ ਡਰਾਉਣਾ-ਧਮਕਾਉਣਾ ਹੁਣ ਇੱਕ ਵਿਸ਼ੇਸ਼ ਅਪਰਾਧ ਮੰਨਿਆ ਜਾਵੇਗਾ। ਇਸ ਕਾਨੂੰਨ ਤਹਿਤ ਦੋਸ਼ੀ ਪਾਏ ਜਾਣ 'ਤੇ 10 ਸਾਲ ਤੱਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਜਨਤਕ ਥਾਵਾਂ 'ਤੇ ਕੱਟੜਪੰਥੀ ਜਾਂ ਨ.ਫ਼ਰਤ ਫੈਲਾਉਣ ਵਾਲੇ ਪ੍ਰਤੀਕਾਂ ਦੀ ਵਰਤੋਂ ਕਰਨਾ ਗ਼ੈਰ-ਕਾਨੂੰਨੀ ਹੋਵੇਗਾ। ਨ.ਫ਼ਰਤੀ ਪ੍ਰਚਾਰ ਦੇ ਇਲਜ਼ਾਮ ਤੈਅ ਕਰਨ ਲਈ ਹੁਣ ਅਟਾਰਨੀ ਜਨਰਲ ਦੀ ਮਨਜ਼ੂਰੀ ਲੈਣ ਦੀ ਲੋੜ ਨਹੀਂ ਪਵੇਗੀ, ਜਿਸ ਨਾਲ ਕਾਨੂੰਨੀ ਕਾਰਵਾਈ ਤੇਜ਼ ਹੋਵੇਗੀ।

**ਕਾਨੂੰਨੀ ਮਾਹਿਰਾਂ ਦੀ ਰਾਏ**

ਕੈਨੇਡਾ ਦੇ ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੇ ਪ੍ਰਦਰਸ਼ਨਾਂ ਨੇ ਸਰਕਾਰ ਦੇ 'ਨ.ਫ਼ਰਤ ਵਿਰੋਧੀ ਕਾਨੂੰਨ' ਨੂੰ ਲਾਗੂ ਕਰਨ ਦੇ ਤਰਕ ਨੂੰ ਹੋਰ ਮਜ਼ਬੂਤ ਕੀਤਾ ਹੈ। ਵਕੀਲ ਕੰਵਰ ਸਰੀਹਾ ਅਨੁਸਾਰ, ਇਸ ਨਵੇਂ ਕਾਨੂੰਨ ਦੇ ਬਣਨ ਨਾਲ ਉਨ੍ਹਾਂ ਲੋਕਾਂ ਲਈ ਮੁਸ਼ਕਿਲਾਂ ਵਧਣਗੀਆਂ ਜੋ ਅਜਿਹੀਆਂ ਗਤੀਵਿਧੀਆਂ ਰਾਹੀਂ ਕੈਨੇਡਾ ਵਿੱਚ ਸ਼ਰਨ ਲੈਣ ਦੀ ਕੋਸ਼ਿਸ਼ ਕਰਦੇ ਹਨ।

ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ ਸੰਸਥਾ ਨੇ ਸਭ ਤੋਂ ਵੱਧ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬਿੱਲ ਵਿੱਚ 'ਨ.ਫ਼ਰਤ' ਦੀ ਪਰਿਭਾਸ਼ਾ ਬਹੁਤ ਅਸਪਸ਼ਟ ਹੈ, ਜਿਸ ਦੀ ਦੁਰਵਰਤੋਂ ਸਿਆਸੀ ਵਿਰੋਧੀਆਂ ਨੂੰ ਚੁੱਪ ਕਰਾਉਣ ਲਈ ਕੀਤੀ ਜਾ ਸਕਦੀ ਹੈ।

ਕੈਨੇਡੀਅਨ ਬਾਰ ਐਸੋਸੀਏਸ਼ਨ ਵਕੀਲਾਂ ਦੀ ਇਸ ਕੌਮੀ ਸੰਸਥਾ ਨੇ ਵੀ ਬਿੱਲ ਦੀਆਂ ਕੁਝ ਸਖ਼ਤ ਧਾਰਾਵਾਂ, ਖਾਸ ਕਰਕੇ 'ਲਾਈਫ ਇੰਪ੍ਰਿਜ਼ਨਮੈਂਟ' (ਉਮਰ ਕੈਦ) ਵਰਗੀਆਂ ਸਜ਼ਾਵਾਂ 'ਤੇ ਚਿੰਤਾ ਪ੍ਰਗਟਾਈ ਹੈ। ਇੰਟਰਨੈਸ਼ਨਲ ਸਿੱਖ ਐਡਵੋਕੇਸੀ ਆਰਗੇਨਾਈਜ਼ੇਸ਼ਨ ਕੈਨੇਡਾ ਸਥਿਤ ਸਿੱਖ ਵਕੀਲਾਂ ਅਤੇ ਕਾਰਕੁਨਾਂ ਦੇ ਸਮੂਹਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਹੈ ਕਿ ਇਹ ਕਾਨੂੰਨ ਖਾਸ ਤੌਰ 'ਤੇ ਸਿੱਖਾਂ ਦੀ ਸਿਆਸੀ ਆਵਾਜ਼ ਨੂੰ ਦਬਾਉਣ ਲਈ ਵਰਤਿਆ ਜਾ ਸਕਦਾ ਹੈ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਸਰਕਾਰ ਨੂੰ ਲਿਖਤੀ ਸੁਝਾਅ ਦਿੱਤੇ ਹਨ ਕਿ ਇਸ ਦੀ ਵਰਤੋਂ ਧਾਰਮਿਕ ਆਜ਼ਾਦੀ ਅਤੇ ਸਿਆਸੀ ਵਿਚਾਰਾਂ ਨੂੰ ਦਬਾਉਣ ਲਈ ਨਹੀਂ ਹੋਣੀ ਚਾਹੀਦੀ। ਜੇਕਰ ਇਹ ਕਾਨੂੰਨ ਲਾਗੂ ਹੁੰਦਾ ਹੈ, ਤਾਂ ਭਵਿੱਖ ਵਿੱਚ ਕਿਸੇ ਵੀ ਸਿਆਸੀ ਨਾਅਰੇਬਾਜ਼ੀ ਨੂੰ ਨ.ਫ਼ਰਤ ਕਹਿ ਕੇ ਸਿੱਖ ਨੌਜਵਾਨਾਂ 'ਤੇ ਕੇਸ ਦਰਜ ਕੀਤੇ ਜਾ ਸਕਦੇ ਹਨ। ਨਵੇਂ ਕਾਨੂੰਨ ਤਹਿਤ ਜੇਕਰ ਕਿਸੇ 'ਤੇ ਨ.ਫ਼ਰਤੀ ਅਪਰਾਧ ਦਾ ਠੱਪਾ ਲੱਗ ਜਾਂਦਾ ਹੈ, ਤਾਂ ਉਸ ਨੂੰ ਕੈਨੇਡਾ ਵਿੱਚੋਂ ਡਿਪੋਰਟ (ਬੇਦਖ਼ਲ) ਕਰਨਾ ਬਹੁਤ ਆਸਾਨ ਹੋ ਜਾਵੇਗਾ।

ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ ਤੇ ਪੱਛਮੀ ਕੈਨੇਡਾ ਦੀਆਂ ਕਈ ਗੁਰਦੁਆਰਾ ਕਮੇਟੀਆਂ ਨੇ ਅਜਿਹੇ ਕਾਨੂੰਨਾਂ ਨੂੰ ਪੁਲਿਸ ਸਟੇਟ ਵੱਲ ਵਧਣ ਵਾਲਾ ਕਦਮ ਦੱਸਿਆ ਹੈ।

ਕੈਨੇਡਾ ਦੀ ਵਿਸ਼ਵ ਪ੍ਰਸਿੱਧ ਲੇਖਿਕਾ ਨੇ ਇਸ ਬਿੱਲ ਨੂੰ 'ਓਰਵੈਲਿਅਨ' ਕਿਹਾ ਹੈ, ਜਿਸਦਾ ਮਤਲਬ ਹੈ ਕਿ ਸਰਕਾਰ ਲੋਕਾਂ ਦੇ ਵਿਚਾਰਾਂ 'ਤੇ ਬਹੁਤ ਜ਼ਿਆਦਾ ਕੰਟਰੋਲ ਕਰਨਾ ਚਾਹੁੰਦੀ ਹੈ। ਜੌਰਡਨ ਪੀਟਰਸਨ ਮਸ਼ਹੂਰ ਮਨੋਵਿਗਿਆਨੀ ਅਤੇ ਲੇਖਕ ਪੀਟਰਸਨ ਨੇ ਇਸ ਕਾਨੂੰਨ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਹ ਕੈਨੇਡਾ ਵਿੱਚ ਮੁਕਤ ਭਾਸ਼ਣ ਦਾ ਅੰਤ ਹੈ।

ਪ੍ਰੋਫ਼ੈਸਰ ਮਾਈਕਲ ਗੀਸਟ ਓਟਾਵਾ ਯੂਨੀਵਰਸਿਟੀ ਦੇ ਕਾਨੂੰਨ ਦੇ ਪ੍ਰੋਫ਼ੈਸਰ ਅਤੇ ਇੰਟਰਨੈੱਟ ਕਾਨੂੰਨਾਂ ਦੇ ਮਾਹਰ, ਜਿਨ੍ਹਾਂ ਨੇ ਬਿੱਲ ਦੀਆਂ ਆਨਲਾਈਨ ਨ.ਫ਼ਰਤ ਨਾਲ ਸਬੰਧਤ ਧਾਰਾਵਾਂ ਨੂੰ ਬਹੁਤ ਸਖ਼ਤ ਅਤੇ ਖਤਰਨਾਕ ਦੱਸਿਆ ਹੈ।

ਕੰਜ਼ਰਵੇਟਿਵ ਪਾਰਟੀ ਵਿਰੋਧੀ ਧਿਰ ਦੇ ਨੇਤਾ ਪੀਅਰੇ ਪੌਲੀਵਰ ਨੇ ਇਸ ਬਿੱਲ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਅਨੁਸਾਰ, ਸਰਕਾਰ ਨੂੰ ਅਪਰਾਧੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ, ਨਾ ਕਿ ਲੋਕਾਂ ਦੇ ਬੋਲਣ 'ਤੇ ਪਾਬੰਦੀ ਲਾਉਣੀ ਚਾਹੀਦੀ ਹੈ।

ਪੀਪਲਜ਼ ਪਾਰਟੀ ਆਫ਼ ਕੈਨੇਡਾ ਦੇ ਮੈਕਸੀਮ ਬਰਨੀਅਰ ਨੇ ਇਸ ਨੂੰ ਕੈਨੇਡਾ ਦੇ ਇਤਿਹਾਸ ਵਿੱਚ 'ਆਜ਼ਾਦੀ 'ਤੇ ਸਭ ਤੋਂ ਵੱਡਾ ਹਮਲਾ' ਕਰਾਰ ਦਿੱਤਾ ਹੈ।

ਵਿਰੋਧੀ ਧਿਰਾਂ ਅਤੇ ਮਨੁੱਖੀ ਅਧਿਕਾਰ ਸੰਗਠਨ ਚਾਹੁੰਦੇ ਹਨ ਕਿ ਸਰਕਾਰ ਇਸ ਬਿੱਲ ਵਿੱਚੋਂ 'ਪ੍ਰਗਟਾਵੇ ਦੀ ਆਜ਼ਾਦੀ' ਨੂੰ ਖਤਮ ਕਰਨ ਵਾਲੀਆਂ ਧਾਰਾਵਾਂ ਹਟਾਵੇ। ਉਹ ਨ.ਫ਼ਰਤ ਦੇ ਵਿਰੁੱਧ ਤਾਂ ਹਨ, ਪਰ ਸਰਕਾਰ ਨੂੰ ਇੰਨੀਆਂ ਜ਼ਿਆਦਾ ਤਾਕਤਾਂ ਦੇਣ ਦੇ ਹੱਕ ਵਿੱਚ ਨਹੀਂ ਹਨ।

ਬਿੱਲ ਸੀ-9 ਹਾਊਸ ਆਫ਼ ਕਾਮਨਜ਼ ਵਿੱਚ ਪਾਸ ਹੋ ਚੁੱਕਾ ਹੈ ਅਤੇ ਹੁਣ ਸੈਨੇਟ ਦੀ ਮਨਜ਼ੂਰੀ ਦਾ ਇੰਤਜ਼ਾਰ ਹੈ, ਜਿਸ ਤੋਂ ਬਾਅਦ ਇਹ ਪੂਰੀ ਤਰ੍ਹਾਂ ਕਾਨੂੰਨ ਬਣ ਜਾਵੇਗਾ।

# ਜੰਗ ਦੌਰਾਨ ਪੰਜਾਬ ਦੀ ਆਰਥਿਕਤਾ ਨੂੰ ਮਿਲਿਆ ਡਾਲਰਾਂ ਦਾ ਬੂਸਟਰ

### ਮਾਰਚ ਮਹੀਨੇ ਪੰਜਾਬ ਪਹੁੰਚੇ 6,110 ਕਰੋੜ, ਦੋਆਬਾ ਰਿਹਾ ਸਭ ਤੋਂ ਅੱਗੇ

### ਕਿਉਂ ਪ੍ਰਵਾਸੀ ਪੰਜਾਬੀਆਂ ਲਈ ਨਿਵੇਸ਼ ਦਾ ਕੇਂਦਰ ਬਣਿਆ ਪੰਜਾਬ ?

ਦੁਨੀਆ ਭਰ ਵਿੱਚ ਚੱਲ ਰਹੀਆਂ ਯੁੱਧ ਵਾਲੀਆਂ ਖਬਰਾਂ, ਆਰਥਿਕ ਤਣਾਅ ਅਤੇ ਭੂ-ਰਾਜਨੀਤਿਕ ਅਸਥਿਰਤਾ ਵਿਚਾਲੇ ਪੰਜਾਬ ਲਈ ਇੱਕ ਅਚਾਨਕ ਆਰਥਿਕ ਵਰਦਾਨ ਬਣ ਗਿਆ ਹੈ। ਡਾਲਰ ਦੀ ਮਜ਼ਬੂਤੀ ਅਤੇ ਰੁਪਏ ਦੇ ਡਿੱਗਣ ਨੇ ਇਥੇ ਵਿਦੇਸ਼ੀ ਮੁਦਰਾ ਦਾ ਬੰਪਰ ਸੀਜ਼ਨ ਲਿਆ ਦਿੱਤਾ ਹੈ। ਖਾਸ ਤੌਰ 'ਤੇ ਦੋਆਬਾ ਖੇਤਰ (ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਲੁਧਿਆਣਾ ਵਾਲੇ ਇਲਾਕੇ) ਵਿੱਚ ਐੱਨ.ਆਰ.ਆਈ. ਪੈਸਿਆਂ ਨੇ ਰਿਕਾਰਡ ਤੋੜ ਦਿੱਤਾ ਹੈ। ਇਸ ਮਹੀਨੇ ਰੁਪਇਆ ਡਾਲਰ ਦੇ ਮੁਕਾਬਲੇ 94 ਰੁਪਏ ਤੱਕ ਡਿਗ ਗਿਆ ਹੈ। ਡਾਲਰ ਮਜ਼ਬੂਤ ਹੋਣ ਕਾਰਨ, ਬਾਹਰੋਂ ਭੇਜੇ ਗਏ ਥੋੜ੍ਹੇ ਡਾਲਰਾਂ ਦੇ ਬਦਲੇ ਇੱਥੇ ਜ਼ਿਆਦਾ ਰੁਪਏ ਮਿਲ ਰਹੇ ਹਨ। ਪੰਜਾਬ ਦੀ ਆਰਥਿਕਤਾ ਲਈ ਇਹ ਇੱਕ ਅਜਿਹਾ ਮੌਕਾ ਹੈ ਜਿਸ ਨਾਲ ਲੋਕਲ ਬੈਂਕਿੰਗ, ਰੀਅਲ ਐਸਟੇਟ ਅਤੇ ਛੋਟੀਆਂ ਉਦਯੋਗਾਂ ਨੂੰ ਨਵੀਂ ਊਰਜਾ ਮਿਲ ਰਹੀ ਹੈ।

ਅੰਕੜਿਆਂ ਅਨੁਸਾਰ ਮਾਰਚ ਮਹੀਨੇ ਵਿੱਚ 20 ਤਾਰੀਖ ਤੱਕ ਪੰਜਾਬ ਵਿੱਚ 650 ਮਿਲੀਅਨ ਡਾਲਰ ਯਾਨੀ 6,110 ਕਰੋੜ ਰੁਪਏ ਆ ਚੁੱਕੇ ਹਨ। ਇਹ ਰਕਮ ਫਰਵਰੀ ਮਹੀਨੇ ਦੀ 5,296 ਕਰੋੜ ਰੁਪਏ ਤੋਂ 15.4 ਫੀਸਦੀ ਵਧ ਗਈ ਹੈ। ਖਾਸ ਤੌਰ ਤੇ ਜਲੰਧਰ ਅਤੇ ਹੁਸ਼ਿਆਰਪੁਰ ਦੇ ਬੈਂਕਾਂ ਵਿੱਚ ਇਸ ਵਾਧੇ ਨੂੰ 15 ਫੀਸਦੀ ਤੱਕ ਦਰਜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅਪ੍ਰੈਲ ਤੋਂ ਸਤੰਬਰ 2025 ਤੱਕ ਪੰਜਾਬ ਵਿਚ 3.1 ਬਿਲੀਅਨ ਡਾਲਰ ਯਾਨੀ 29,140 ਕਰੋੜ ਰੁਪਏ ਆਏ ਸਨ। ਉਥੇ ਹੀ ਅਕਤੂਬਰ 2025 ਤੋਂ ਮਾਰਚ 2026 ਤੱਕ ਇਹ ਰਕਮ 4 ਬਿਲੀਅਨ ਡਾਲਰ ਯਾਨੀ ਲਗਭਗ 37,600 ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਮਾਰਚ ਦੇ ਆਖਰੀ ਦਿਨਾਂ ਦੇ ਅੰਕੜੇ ਅਜੇ ਜੋੜਨੇ ਬਾਕੀ ਹਨ ਪਰ ਇਸ ਤੋਂ ਪਹਿਲਾਂ ਹੀ ਪਿਛਲੀ ਛਿਮਾਹੀ ਦੇ ਮੁਕਾਬਲੇ ਕੁੱਲ 29 ਫੀਸਦੀ ਤੱਕ ਦੀ ਗ੍ਰੋਥ ਹੋ ਚੁੱਕੀ ਹੈ। ਇਹ ਅੰਕੜੇ ਐੱਸ.ਐੱਲ.ਬੀ.ਸੀ. (ਸਟੇਟ ਲੈਵਲ ਬੈਂਕਰਜ਼ ਕਮੇਟੀ ਪੰਜਾਬ), ਪੀ.ਐੱਨ.ਬੀ. ਐੱਨ.ਆਰ.ਆਈ. ਬੁਲੇਟਿਨ ਅਤੇ ਆਰ.ਬੀ.ਆਈ. ਰੈਮਿਟੈਂਸ ਸਰਵੇਖਣ ਤੋਂ ਲਏ ਗਏ ਹਨ।



ਧਿਆਨ ਖਿੱਚਣ ਵਾਲੀ ਗੱਲ ਇਹ ਹੈ ਕਿ ਅਕਤੂਬਰ ਤੋਂ ਦਸੰਬਰ 2025 ਤੱਕ ਬਾਹਰ ਤੋਂ ਪੈਸਾ ਆਉਣ ਵਿਚ ਹਰ ਮਹੀਨੇ ਸਿਰਫ਼ 2 ਤੋਂ 3 ਫੀਸਦੀ ਗ੍ਰੋਥ ਸੀ। ਪਰ ਜਿਵੇਂ ਹੀ ਡਾਲਰ 90 ਰੁਪਏ ਤੋਂ ਉੱਪਰ ਗਿਆ, ਵਿਦੇਸ਼ ਤੋਂ ਪੈਸਾ ਆਉਣ ਦੀ ਰਫ਼ਤਾਰ ਤੇਜ਼ ਹੋ ਗਈ। ਬੈਂਕਿੰਗ ਐਕਸਪਰਟਾਂ ਦਾ ਮੰਨਣਾ ਹੈ ਕਿ ਇਹ ਟ੍ਰੈਂਡ ਅਜੇ ਜਾਰੀ ਰਹਿ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਰੁਪਏ ਦੀ ਕਮਜ਼ੋਰੀ ਨੇ ਐੱਨ.ਆਰ.ਆਈ.ਆਂ ਲਈ ਭਾਰਤ ਵਿੱਚ ਨਿਵੇਸ਼ ਨੂੰ ਹੋਰ ਲਾਭਦਾਇਕ ਬਣਾ ਦਿੱਤਾ ਹੈ। ਇਸ ਤੋਂ ਬੈਂਕਾਂ ਵਿੱਚ ਲਿਕਵਿਡਿਟੀ ਵਧੇਗੀ ਅਤੇ ਲੋਕਲ ਆਰਥਿਕਤਾ ਨੂੰ ਬੂਸਟ ਮਿਲੇਗਾ।

**ਐੱਨ.ਆਰ.ਈ. ਐੱਫ.ਡੀ. ਵਿੱਚ ਸਭ ਤੋਂ ਵੱਡਾ ਉਛਾਲ**

ਪੰਜਾਬ ਵਿਚ ਦੋ ਪ੍ਰਮੁੱਖ ਬੈਂਕਿੰਗ ਰੁਝਾਨ ਵਿਖਾਈ ਦੇ ਰਹੇ ਹਨ। ਪਹਿਲਾ ਐੱਨ.ਆਰ.ਈ. ਐੱਫ.ਡੀ. (ਨਾਨ ਰੈਜ਼ੀਡੈਂਟ ਐਕਸਟਰਨਲ ਫਿਕਸਡ ਡਿਪਾਜ਼ਿਟ) ਵਿੱਚ ਤੇਜ਼ੀ ਨਾਲ ਵਾਧਾ ਹੈ। ਮਾਰਚ ਵਿੱਚ ਇਨ੍ਹਾਂ ਖਾਤਿਆਂ ਵਿੱਚ ਸਭ ਤੋਂ ਵੱਧ ਪੈਸਾ ਆਇਆ ਹੈ। ਇਹ ਖਾਤੇ ਟੈਕਸ-ਮੁਕਤ ਹਨ, ਜਿਸ ਕਾਰਨ ਐੱਨ.ਆਰ.ਆਈ. ਵਧੇਰੇ ਨਿਵੇਸ਼ ਕਰ ਰਹੇ ਹਨ। ਦੂਜਾ ਰੁਝਾਨ ਥੋਕ ਜਮ੍ਹਾਂ ਰਾਸ਼ੀ ਦਾ ਹੈ। ਜਲੰਧਰ ਅਤੇ ਲੁਧਿਆਣਾ ਵਿੱਚ 2 ਕਰੋੜ ਰੁਪਏ ਤੋਂ ਵੱਧ ਦੀਆਂ ਜਮ੍ਹਾਂ ਰਕਮਾਂ ਵਿੱਚ 8 ਫੀਸਦੀ ਦਾ ਵਾਧਾ ਹੋਇਆ ਹੈ। ਇਹ ਦਰਸਾਉਂਦਾ ਹੈ ਕਿ ਵੱਡੇ ਐੱਨ.ਆਰ.ਆਈ. ਨਿਵੇਸ਼ਕ ਸਰਗਰਮ ਹੋ ਗਏ ਹਨ ਅਤੇ ਕਮਜ਼ੋਰ ਰੁਪਏ ਦਾ ਫਾਇਦਾ ਉਠਾ ਰਹੇ ਹਨ।

ਪੰਜਾਬ ਵਿੱਚ ਕੁੱਲ ਐੱਨ.ਆਰ.ਆਈ. ਡਿਪਾਜ਼ਿਟ ਦਾ 65 ਫੀਸਦੀ ਪੀ.ਐੱਨ.ਬੀ. ਅਤੇ ਐੱਸ.ਬੀ.ਆਈ. ਰੱਖਦੇ ਹਨ।

ਪੀ.ਐੱਨ.ਬੀ. ਦੇ ਪੰਜਾਬ ਸਰਕਲ ਵਿੱਚ ਜਮ੍ਹਾਂ ਰਾਸ਼ੀ ਵਾਧਾ 9 ਫੀਸਦੀ ਦੇ ਟੀਚੇ ਨੂੰ ਪਾਰ ਕਰ ਗਿਆ ਹੈ। ਦਿਹਾਤੀ ਅਤੇ ਸਹਿਕਾਰੀ ਬੈਂਕ ਵੀ ਪਿੱਛੇ ਨਹੀਂ ਹਨ। ਪੰਜਾਬ ਗ੍ਰਾਮੀਣ ਬੈਂਕ ਵਿੱਚ ਛੋਟੇ ਰੈਮਿਟੈਂਸ ਵਧੇ ਹਨ। 1 ਤੋਂ 5 ਲੱਖ ਰੁਪਏ ਦੇ ਲੈਣ-ਦੇਣ ਵਿੱਚ 20 ਫੀਸਦੀ ਦਾ ਵਾਧਾ ਹੋਇਆ ਹੈ। ਇਹ ਵਿਦੇਸ਼ਾਂ ਵਿੱਚ ਕੰਮ ਕਰਨ ਵਾਲੇ ਕਿਰਤੀਆਂ ਤੋਂ ਪ੍ਰਾਪਤ ਪੈਸਾ ਹੈ।

**ਰੈਮਿਟੈਂਸ ਵਧਣ ਦੇ ਤਿੰਨ ਵੱਡੇ ਕਾਰਨ**

ਬੈਂਕਿੰਗ ਐਕਸਪਰਟ ਇਸ ਵਾਧੇ ਦੇ ਤਿੰਨ ਮੁੱਖ ਕਾਰਨ ਦੱਸਦੇ ਹਨ। ਪਹਿਲਾ - ਡਾਲਰ ਮਜ਼ਬੂਤ ਹੋਇਆ ਅਤੇ ਰੁਪਇਆ ਕਮਜ਼ੋਰ। ਇਸ ਅੰਤਰ ਕਾਰਨ ਘੱਟ ਡਾਲਰ ਵਿੱਚ ਭਾਰਤ ਵਿੱਚ ਜ਼ਿਆਦਾ ਵੈਲਿਊ ਮਿਲ ਰਹੀ ਹੈ। ਪੰਜਾਬ ਦੇ ਐੱਨ.ਆਰ.ਆਈ. ਇਸ ਫਾਇਦੇ ਨੂੰ ਉਠਾ ਰਹੇ ਹਨ। ਦੂਜਾ - ਵਿਆਜ ਦਰਾਂ ਵਧੀਆਂ ਹਨ। ਭਾਰਤ ਵਿੱਚ ਐੱਨ.ਆਰ.ਆਈ. ਡਿਪਾਜ਼ਿਟ ਉੱਤੇ 6.40 ਫੀਸਦੀ ਤੋਂ 7.20 ਫੀਸਦੀ ਤੱਕ ਵਿਆਜ ਮਿਲ ਰਿਹਾ ਹੈ। ਇਹ ਕੈਨੇਡਾ ਅਤੇ ਯੂ.ਕੇ. ਤੋਂ ਵਧ ਹੈ। ਇਸ ਲਈ ਪੈਸਾ ਭਾਰਤ ਆ ਰਿਹਾ ਹੈ। ਤੀਜਾ ਕਾਰਨ ਰੀਅਲ ਐਸਟੇਟ ਹੈ। ਜਲੰਧਰ ਅਤੇ ਲੁਧਿਆਣਾ ਵਿੱਚ ਐੱਨ.ਆਰ.ਆਈ. ਨਿਵੇਸ਼ 8 ਫੀਸਦੀ ਵਧਿਆ ਹੈ। ਉਨ੍ਹਾਂ ਨੂੰ ਇਥੇ ਜ਼ਮੀਨ ਅਤੇ ਮਕਾਨ ਸਸਤੇ ਲੱਗ ਰਹੇ ਹਨ। ਪਰ ਇਸ ਦਾ ਨੁਕਸਾਨ ਵੀ ਹੈ। ਪੰਜਾਬ ਦੇ ਕਈ ਪਰਿਵਾਰਾਂ ਉੱਤੇ ਬੋਝ ਵਧਿਆ ਹੈ। ਉਨ੍ਹਾਂ ਦੇ ਬੱਚੇ ਕੈਨੇਡਾ ਅਤੇ ਆਸਟ੍ਰੇਲੀਆ ਵਿੱਚ ਪੜ੍ਹ ਰਹੇ ਹਨ ਅਤੇ ਉਨ੍ਹਾਂ ਦੀ ਫੀਸ ਇੱਕ ਮਹੀਨੇ ਵਿੱਚ ਹੀ 10-12 ਫੀਸਦੀ ਤੱਕ ਵੱਧ ਗਈ ਹੈ।

(ਬਾਕੀ ਸਫ਼ਾ 26 'ਤੇ)

# ਭਾਰਤ ਵਿੱਚ ਚੁੱਪ ਚੁਪੀਤੇ ਡਿਜੀਟਲ ਐਮਰਜੈਂਸੀ ਲਾਗੂ...

## ਸਰਕਾਰ ਆਜ਼ਾਦ ਆਵਾਜ਼ਾਂ ਦੇ ਗਲੇ ਘੁੱਟਣ ਦੇ ਦੋਸ਼ਾਂ 'ਚ ਫ਼ਸੀ

## ਪੀ.ਟੀ.ਆਈ. ਨੇ ਇਸ ਨੂੰ 'ਸੰਵਿਧਾਨ ਦੀ ਉਲੰਘਣਾ' ਤੇ 'ਗ਼ੈਰ-ਕਾਨੂੰਨੀ ਸੈਂਸਰਸ਼ਿਪ' ਦਿੱਤਾ ਕਰਾਰ

ਭਾਰਤ ਦੇ ਲੋਕਤੰਤਰ ਦਾ ਚੌਥਾ ਥੰਮ੍ਹ ਮੰਨੀ ਜਾਣ ਵਾਲੀ ਪੱਤਰਕਾਰੀ ਅੱਜ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ, ਜਿੱਥੇ ਕਲਮ ਅਤੇ ਕੈਮਰੇ ਦੀ ਤਾਕਤ ਨੂੰ 'ਡਿਜੀਟਲ ਤਾਲਿਆਂ' ਨਾਲ ਬੰਦ ਕੀਤਾ ਜਾ ਰਿਹਾ ਹੈ। ਪਿਛਲੇ ਕੁਝ ਦਿਨਾਂ ਵਿੱਚ ਦੇਸ਼ ਦੇ ਪ੍ਰਮੁੱਖ ਸੁਤੰਤਰ ਨਿਊਜ਼ ਪਲੇਟਫਾਰਮਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਦੇ ਸੋਸ਼ਲ ਮੀਡੀਆ ਅਕਾਊਂਟਸ 'ਤੇ ਹੋਈ ਵੱਡੀ ਸਰਕਾਰੀ ਕਾਰਵਾਈ ਨੇ ਦੇਸ਼ ਭਰ ਵਿੱਚ ਹਲਚਲ ਮਚਾ ਦਿੱਤੀ ਹੈ। ਪ੍ਰੈਸ ਕਲੱਬ ਆਫ ਇੰਡੀਆ ਨੇ ਇਸ ਨੂੰ ਸਿੱਧੇ ਤੌਰ 'ਤੇ 'ਸੰਵਿਧਾਨ ਦੀ ਉਲੰਘਣਾ' ਅਤੇ 'ਗੈਰ-ਕਾਨੂੰਨੀ ਸੈਂਸਰਸ਼ਿਪ' ਕਰਾਰ ਦਿੱਤਾ ਹੈ।

ਸਿਆਸੀ ਵਿਸ਼ਲੇਸ਼ਕ ਯੋਗਿੰਦਰ ਯਾਦਵ ਵੱਲੋਂ ਜਾਰੀ ਕੀਤੇ ਗਏ ਤੱਥਾਂ ਨੇ ਸੋਸ਼ਲ ਮੀਡੀਆ 'ਤੇ ਤਰਥੱਲੀ ਮਚਾ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਹ ਕਾਰਵਾਈ ਕਿਸੇ ਇੱਕ ਪਲੇਟਫਾਰਮ ਤੱਕ ਸੀਮਤ ਨਹੀਂ ਹੈ, ਸਗੋਂ ਇਹ ਇੱਕ ਸੋਚੀ-ਸਮਝੀ ਰਣਨੀਤੀ ਜਾਪਦੀ ਹੈ।

'ਮੌਲੀਟਿਕਸ' ਅਤੇ 'ਨੈਸ਼ਨਲ ਦਸਤਕ' ਵਰਗੇ ਉਹ ਚੈਨਲ, ਜਿਨ੍ਹਾਂ ਦੇ ਫਾਲੋਅਰਜ਼ ਦੀ ਗਿਣਤੀ ਲੱਖਾਂ ਵਿੱਚ ਹੈ, ਨੂੰ ਫੇਸਬੁੱਕ ਅਤੇ ਐਕਸ (ਪਹਿਲਾਂ ਟਵਿੱਟਰ) 'ਤੇ ਬੈਨ ਕਰ ਦਿੱਤਾ ਗਿਆ ਹੈ। 4ਪੀਐਮ ਵਰਗੇ ਪ੍ਰਸਿੱਧ ਨਿਊਜ਼ ਚੈਨਲ ਦਾ ਯੂਟਿਊਬ ਅਕਾਊਂਟ ਬੰਦ ਕਰਨਾ ਡਿਜੀਟਲ ਮੀਡੀਆ ਲਈ ਵੱਡਾ ਝਟਕਾ ਹੈ। ਕਸ਼ਮੀਰ ਘਾਟੀ ਦੀ ਆਵਾਜ਼ ਮੰਨੇ ਜਾਣ ਵਾਲੇ 'ਗ੍ਰੇਟਰ ਕਸ਼ਮੀਰ' ਅਤੇ 'ਰਾਈਜ਼ਿੰਗ ਕਸ਼ਮੀਰ' ਦੇ ਮੈਟਾ ਅਕਾਊਂਟਸ 'ਤੇ ਪਾਬੰਦੀ ਲਗਾ ਕੇ ਖੇਤਰੀ ਪੱਤਰਕਾਰੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਹਾਸਰਸ ਕਲਾਕਾਰ ਰਾਜੀਵ ਨਿਗਮ, ਡਾਕਟਰ ਨਿਮੋ ਯਾਦਵ ਅਤੇ ਪੱਤਰਕਾਰ ਸੰਦੀਪ ਸਿੰਘ ਵਰਗੇ ਲੋਕਾਂ ਨੂੰ ਵੀ ਨਹੀਂ ਬਖਸ਼ਿਆ ਗਿਆ।




ਯੋਗਿੰਦਰ ਯਾਦਵ ਨੇ ਸਰਕਾਰ ਦੀ ਕਾਰਵਾਈ ਨੂੰ ਇੱਕ ਦਿਲਚਸਪ ਮਿਸਾਲ ਰਾਹੀਂ ਸਮਝਾਇਆ ਹੈ। ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਜਨਤਾ ਤੱਕ ਪਹੁੰਚਣ ਵਾਲੀ ਖ਼ਬਰ ਤੋਂ ਡਰਦੀ ਹੈ, ਤਾਂ ਉਹ ਖ਼ਬਰ ਦੇਣ ਵਾਲੇ ਨੂੰ ਹੀ ਰੋਕ ਦਿੰਦੀ ਹੈ। ਵਿਰੋਧੀ ਧਿਰ ਦੇ ਆਗੂਆਂ ਨੇ ਦੋਸ਼ ਲਾਇਆ ਹੈ ਕਿ ਸੋਸ਼ਲ ਮੀਡੀਆ ਹੁਣ ਸਰਕਾਰ ਦੇ ਕੰਟਰੋਲ ਤੋਂ ਬਾਹਰ ਹੋ ਰਿਹਾ ਸੀ ਕਿਉਂਕਿ ਮੁੱਖ ਧਾਰਾ ਦੇ ਟੀ.ਵੀ. ਚੈਨਲ ਪਹਿਲਾਂ ਹੀ ਸਰਕਾਰੀ ਪ੍ਰਚਾਰ ਦਾ ਹਿੱਸਾ ਬਣ ਚੁੱਕੇ ਹਨ, ਇਸ ਲਈ ਲੋਕਾਂ ਨੇ ਡਿਜੀਟਲ ਮੀਡੀਆ ਵੱਲ ਰੁਖ਼ ਕੀਤਾ। ਹੁਣ ਸਰਕਾਰ ਇਸ ਆਖਰੀ ਕਿਲ੍ਹੇ ਨੂੰ ਵੀ ਢਾਹੁਣ ਦੀ ਕੋਸ਼ਿਸ਼ ਕਰ ਰਹੀ ਹੈ।

ਇਸ ਪੂਰੇ ਮਾਮਲੇ ਵਿੱਚ ਸਭ ਤੋਂ ਵੱਧ ਵਿਵਾਦਤ ਪਹਿਲੂ ਸੂਚਨਾ ਤਕਨਾਲੋਜੀ ਕਾਨੂੰਨ 2000 ਦੀ ਵਰਤੋਂ ਹੈ।

ਸੰਦੀਪ ਸਿੰਘ ਇੱਕ ਸੁਤੰਤਰ ਪੱਤਰਕਾਰ ਅਤੇ ਸੋਸ਼ਲ ਮੀਡੀਆ ਐਕਟਿਵਿਸਟ ਹਨ, ਜੋ ਖਾਸ ਕਰਕੇ ਜ਼ਮੀਨੀ ਪੱਧਰ ਦੇ ਮੁੱਦਿਆਂ ਅਤੇ ਲੋਕ ਅੰਦੋਲਨਾਂ (ਜਿਵੇਂ ਕਿ ਕਿਸਾਨ ਅੰਦੋਲਨ) ਦੀ ਰਿਪੋਰਟਿੰਗ ਲਈ ਜਾਣੇ ਜਾਂਦੇ ਹਨ। ਹਾਲ ਹੀ ਵਿੱਚ ਹੋਈ ਡਿਜੀਟਲ ਸੈਂਸਰਸ਼ਿਪ ਦੀ ਕਾਰਵਾਈ ਵਿੱਚ ਉਹ ਚਰਚਾ ਦਾ ਵਿਸ਼ਾ ਬਣੇ ਹੋਏ ਹਨ ਕਿਉਂਕਿ ਭਾਰਤ ਸਰਕਾਰ ਦੇ ਨਿਰਦੇਸ਼ਾਂ 'ਤੇ ਉਨ੍ਹਾਂ ਦਾ 'ਐਕਸ' (ਪਹਿਲਾਂ ਟਵਿੱਟਰ) ਅਕਾਊਂਟ ਭਾਰਤ ਵਿੱਚ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਆਪਣੇ ਅਕਾਊਂਟ 'ਤੇ ਲੱਗੀ ਪਾਬੰਦੀ ਦੇ ਵਿਰੋਧ ਵਿੱਚ ਦਿੱਲੀ ਦੇ 'ਪ੍ਰੈਸ ਕਲੱਬ ਆਫ ਇੰਡੀਆ' ਵਿੱਚ ਹੋਈ ਪ੍ਰੈਸ ਕਾਨਫਰੰਸ ਦੌਰਾਨ ਆਪਣੇ ਹੱਥਾਂ 'ਤੇ ਲੋਹੇ ਦੀਆਂ ਜੰਜ਼ੀਰਾਂ ਬੰਨ੍ਹ ਕੇ ਸ਼ਮੂਲੀਅਤ ਕੀਤੀ। ਉਨ੍ਹਾਂ ਦਾ ਇਹ ਪ੍ਰਦਰਸ਼ਨ ਇਸ ਗੱਲ ਦਾ ਪ੍ਰਤੀਕ ਸੀ ਕਿ ਸਰਕਾਰ ਪੱਤਰਕਾਰਾਂ ਦੀ ਆਵਾਜ਼ ਨੂੰ ਜੰਜ਼ੀਰਾਂ ਵਿੱਚ ਜਕੜਨ ਦੀ ਕੋਸ਼ਿਸ਼ ਕਰ ਰਹੀ ਹੈ। ਸੰਦੀਪ ਸਿੰਘ ਅਕਸਰ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਖ਼ਬਰਾਂ ਨੂੰ ਸਾਹਮਣੇ ਲਿਆਉਂਦੇ ਹਨ ਜਿਨ੍ਹਾਂ ਨੂੰ ਮੁੱਖ ਧਾਰਾ ਦਾ ਮੀਡੀਆ ਦੀ ਭੂਮਿਕਾ ਨਜ਼ਰਅੰਦਾਜ਼ ਕਰ ਦਿੰਦਾ ਹੈ। ਉਹ 'ਮੌਲੀਟਿਕਸ' ਵਰਗੇ ਪਲੇਟਫਾਰਮਾਂ ਨਾਲ ਵੀ ਜੁੜੇ ਰਹੇ ਹਨ।

'ਮੌਲੀਟਿਕਸ' ਦੀ ਡਿਪਟੀ ਐਡੀਟਰ ਨਿਵੇਦਿਤਾ ਸ਼ਾਂਡਿਲਿਆ ਮੁਤਾਬਕ, ਉਨ੍ਹਾਂ ਦੇ ਪੇਜ ਨੂੰ ਸੈਕਸ਼ਨ 79(3)(ਲ) ਦੇ ਤਹਿਤ ਬੰਦ ਕੀਤਾ ਗਿਆ ਹੈ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਧਾਰਾ ਸਰਕਾਰ ਨੂੰ 'ਕਾਨੂੰਨ ਵਿਵਸਥਾ' ਦੇ ਨਾਂ 'ਤੇ ਕੰਟੈਂਟ ਹਟਾਉਣ ਦੀ ਸ਼ਕਤੀ ਦਿੰਦੀ ਹੈ, ਪਰ ਇਸ ਦੀ ਵਰਤੋਂ ਅਕਸਰ ਬਿਨਾਂ ਕਿਸੇ ਪਾਰਦਰਸ਼ਤਾ ਦੇ ਕੀਤੀ ਜਾਂਦੀ ਹੈ। ਨਿਵੇਦਿਤਾ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਨੂੰ ਕੋਈ 'ਕਾਰਨ ਦੱਸੋ ਨੋਟਿਸ' ਨਹੀਂ ਦਿੱਤਾ ਗਿਆ, ਸਿੱਧਾ ਅਕਾਊਂਟ ਬੰਦ ਕਰ ਦਿੱਤਾ ਗਿਆ।

ਰਾਜ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਅਤੇ ਆਰ.ਜੇ.ਡੀ. ਦੇ ਮਨੋਜ ਕੁਮਾਰ ਝਾਅ ਮੈਂਬਰ ਰਾਜ ਸਭਾ ਨੇ ਇਸ ਮੁੱਦੇ 'ਤੇ ਸਰਕਾਰ ਨੂੰ ਘੇਰਿਆ। ਸੰਜੇ ਸਿੰਘ ਨੇ ਚਿਤਾਵਨੀ ਦਿੱਤੀ ਕਿ ਜੇਕਰ ਨਿਗਰਾਨੀ ਇਸੇ ਤਰ੍ਹਾਂ ਜਾਰੀ ਰਹੀ, ਤਾਂ ਭਵਿੱਖ ਵਿੱਚ ਕੋਈ ਵੀ ਸੱਚੀ ਖ਼ਬਰ ਨਹੀਂ ਦਿਖਾ ਸਕੇਗਾ। ਉਨ੍ਹਾਂ ਨੇ ਇਸ ਨੂੰ 'ਪੂੰਜੀਪਤੀਆਂ ਦੇ ਹਿੱਤ ਵਿੱਚ ਕੀਤੀ ਗਈ ਕਾਰਵਾਈ' ਦੱਸਿਆ। ਮਨੋਜ ਕੁਮਾਰ ਝਾਅ ਨੇ ਇੱਕ ਇਤਿਹਾਸਕ ਟਿੱਪਣੀ ਕਰਦਿਆਂ ਕਿਹਾ, 'ਮੇਰੇ ਦੇਸ਼ ਅਤੇ ਮੇਰੀ ਸਰਕਾਰ ਵਿੱਚ ਫਰਕ ਹੈ। ਸਰਕਾਰ ਦੀ ਆਲੋਚਨਾ ਨੂੰ ਦੇਸ਼ ਦਾ ਵਿਰੋਧ ਕਹਿ ਕੇ ਚੁੱਪ ਕਰਵਾਉਣਾ ਤਾਨਾਸ਼ਾਹੀ ਦੀ ਨਿਸ਼ਾਨੀ ਹੈ।'

ਨੈਸ਼ਨਲ ਦਸਤਕ ਦੇ ਸ਼ੰਭੂ ਕੁਮਾਰ ਸਿੰਘ ਨੇ ਇਸ ਕਾਰਵਾਈ ਦੇ ਸਮਾਜਿਕ ਪ੍ਰਭਾਵਾਂ 'ਤੇ ਚਾਨਣਾ ਪਾਇਆ। ਉਨ੍ਹਾਂ ਦਾ ਪੇਜ 12 ਸਾਲ ਪੁਰਾਣਾ ਸੀ ਅਤੇ 14 ਲੱਖ ਲੋਕਾਂ ਨਾਲ ਜੁੜਿਆ ਹੋਇਆ ਸੀ। ਇਹ ਪਲੇਟਫਾਰਮ ਐਸ.ਸੀ., ਐਸ.ਟੀ., ਓ.ਬੀ.ਸੀ. ਅਤੇ ਕਿਸਾਨਾਂ ਦੇ ਮੁੱਦਿਆਂ ਨੂੰ ਪ੍ਰਮੁੱਖਤਾ ਦਿੰਦਾ ਸੀ। ਅਜਿਹੇ ਪਲੇਟਫਾਰਮਾਂ ਨੂੰ ਬੰਦ ਕਰਨ ਦਾ ਮਤਲਬ ਹੈ ਸਮਾਜ ਦੇ ਉਸ ਹਿੱਸੇ ਦੀ ਆਵਾਜ਼ ਨੂੰ ਖਤਮ ਕਰਨਾ, ਜਿਸ ਨੂੰ ਮੁੱਖ ਧਾਰਾ ਦਾ ਮੀਡੀਆ ਅਕਸਰ ਨਜ਼ਰਅੰਦਾਜ਼ ਕਰਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਇੰਨੇ ਵੱਡੇ ਵਿਵਾਦ ਦੇ ਬਾਵਜੂਦ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਅਜੇ ਤੱਕ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ। ਇਹ ਚੁੱਪ ਕਈ ਸ਼ੰਕਿਆਂ ਨੂੰ ਜਨਮ ਦੇ ਰਹੀ ਹੈ। ਦੂਜੇ ਪਾਸੇ, ਪ੍ਰਭਾਵਿਤ ਪਲੇਟਫਾਰਮਾਂ ਨੇ ਹਾਰ ਨਹੀਂ ਮੰਨੀ ਹੈ। 'ਮੌਲੀਟਿਕਸ' ਦੀ ਟੀਮ ਹੁਣ ਦਿੱਲੀ ਹਾਈ ਕੋਰਟ ਜਾਣ ਦੀ ਤਿਆਰੀ ਕਰ ਰਹੀ ਹੈ, ਜਦਕਿ ਕਈ ਹੋਰ ਕ੍ਰਿਏਟਰ ਸੋਸ਼ਲ ਮੀਡੀਆ ਕੰਪਨੀਆਂ (ਮੈਟਾ ਅਤੇ ਐਕਸ) ਦੀਆਂ ਸ਼ਰਤਾਂ ਰਾਹੀਂ ਆਪਣੇ ਪੇਜ ਬਹਾਲ ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਸਾਲ 2026 ਵਿੱਚ, ਜਿੱਥੇ ਦੁਨੀਆ ਡਿਜੀਟਲ ਕ੍ਰਾਂਤੀ ਅਤੇ ਜਾਣਕਾਰੀ ਦੇ ਖੁੱਲ੍ਹੇ ਪ੍ਰਵਾਹ ਦੀ ਗੱਲ ਕਰ ਰਹੀ ਹੈ, ਭਾਰਤ ਵਿੱਚ 'ਟੇਕਡਾਊਨ' ਆਰਡਰਾਂ ਰਾਹੀਂ ਮੀਡੀਆ ਨੂੰ ਕੰਟਰੋਲ ਕਰਨਾ ਇੱਕ ਚਿੰਤਾਜਨਕ ਰੁਝਾਨ ਹੈ। ਇਹ ਲੜਾਈ ਸਿਰਫ਼ ਕੁਝ ਅਕਾਊਂਟਾਂ ਦੀ ਨਹੀਂ, ਸਗੋਂ ਭਾਰਤ ਦੇ ਹਰ ਨਾਗਰਿਕ ਦੇ 'ਸੂਚਨਾ ਦੇ ਅਧਿਕਾਰ' ਅਤੇ 'ਬੋਲਣ ਦੀ ਆਜ਼ਾਦੀ' ਦੀ ਲੜਾਈ ਹੈ।

# ਤੀਜੀ ਵਾਰ ਬੇਅਦਬੀ ਬਿੱਲ ਦਾ ਸ਼ੋਸ਼ਾ: ਸਿਆਸੀ ਮੰਡੀ ਵਿੱਚ ਗੁਰੂ ਸਾਹਿਬ ਦੇ ਅਦਬ ਨਾਲ ਖਿਲਵਾੜ ਕਿਉਂ ?

## ਇਨਸਾਫ਼ ਦੇਣ ਵਿੱਚ ਫੇਲ੍ਹ ਸਰਕਾਰ ਹੁਣ 'ਕਾਨੂੰਨ-ਕਾਨੂੰਨ' ਕਿਉਂ ਖੇਡ ਰਹੀ ਹੈ ?

## ਸੌਦਾ ਸਾਧ 'ਤੇ ਮਿਹਰਬਾਨੀ, ਸਿੱਖ ਪੰਥ ਨਾਲ ਬੇਈਮਾਨੀ ਕਿਉਂ ?

ਪੰਜਾਬ ਦੀ ਸਿਆਸਤ ਵਿੱਚ 'ਬੇਅਦਬੀ' ਇੱਕ ਅਜਿਹਾ ਜ਼ਖ਼ਮ ਬਣ ਚੁੱਕਾ ਹੈ, ਜਿਸ ਨੂੰ ਹਰ ਸਿਆਸੀ ਪਾਰਟੀ ਨੇ ਸੱਤਾ ਤੱਕ ਪਹੁੰਚਣ ਲਈ ਪੌੜੀ ਵਜੋਂ ਵਰਤਿਆ, ਪਰ ਜਦੋਂ ਵਾਰੀ ਨਿਆਂ ਦੇਣ ਦੀ ਆਈ ਤਾਂ ਸਭ ਸਰਕਾਰਾਂ ਦੇ ਹੱਥ ਥਿੜਕਦੇ ਨਜ਼ਰ ਆਏ। ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 13 ਅਪ੍ਰੈਲ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਤੀਜੀ ਵਾਰ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪਹਿਲੀ ਨਜ਼ਰੇ ਇਹ ਕਦਮ ਸ਼ਲਾਘਾਯੋਗ ਲੱਗ ਸਕਦਾ ਹੈ, ਪਰ ਡੂੰਘਾਈ ਨਾਲ ਵੇਖੀਏ ਤਾਂ ਇਹ ਨਿਆਂ ਦੇਣ ਦੀ ਨੀਅਤ ਘੱਟ ਅਤੇ ਸਿਆਸੀ 'ਸ਼ੋਸ਼ੇਬਾਜ਼ੀ' ਜ਼ਿਆਦਾ ਪ੍ਰਤੀਤ ਹੁੰਦੀ ਹੈ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜੇਕਰ ਸਰਕਾਰ ਸੱਚਮੁੱਚ ਗੁਰੂ ਸਾਹਿਬ ਦੇ ਸਤਿਕਾਰ ਪ੍ਰਤੀ ਸੰਜੀਦਾ ਹੈ, ਤਾਂ ਉਸ ਨੇ ਇਸ ਬਿੱਲ ਦਾ ਖਰੜਾ ਪੰਥਕ ਸੰਸਥਾਵਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਾਂਝਾ ਕਿਉਂ ਨਹੀਂ ਕੀਤਾ ? ਸਿੱਖ ਪੰਥ ਦੀ ਸਰਵਉੱਚ ਸੰਸਥਾ ਅਕਾਲ ਤਖ਼ਤ ਸਾਹਿਬ ਅਤੇ ਮੌਜੂਦਾ ਪੰਥਕ ਜਥੇਬੰਦੀਆਂ ਨੂੰ ਭਰੋਸੇ ਵਿੱਚ ਲਏ ਬਿਨਾਂ ਬਣਾਇਆ ਗਿਆ ਕੋਈ ਵੀ ਕਾਨੂੰਨ ਨਾ ਤਾਂ ਪੰਥਕ ਭਾਵਨਾਵਾਂ ਦੀ ਤਰਜਮਾਨੀ ਕਰ ਸਕਦਾ ਹੈ ਅਤੇ ਨਾ ਹੀ ਸਿੱਖ ਪੰਥ ਨੂੰ ਪ੍ਰਵਾਨ ਹੋਵੇਗਾ। ਪੰਥਕ ਮਾਮਲਿਆਂ ਦੇ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਮੰਨਣਾ ਹੈ ਕਿ ਬੇਅਦਬੀ ਦਾ ਮੁੱਦਾ ਹੁਣ ਸਿਆਸਤਦਾਨਾਂ ਲਈ ਕੇਵਲ ਵੋਟਾਂ ਬਟੋਰਨ ਦਾ ਜ਼ਰੀਆ ਬਣ ਕੇ ਰਹਿ ਗਿਆ ਹੈ। ਪੰਥਕ ਪੱਖ ਨੂੰ ਅਣਗੌਲਿਆ ਕਰਕੇ ਅਤੇ ਸ਼੍ਰੋਮਣੀ ਕਮੇਟੀ ਵਰਗੀਆਂ ਸੰਸਥਾਵਾਂ ਨੂੰ ਨੀਵਾਂ ਦਿਖਾ ਕੇ ਸਰਕਾਰ ਪੰਥਕ ਭਾਵਨਾਵਾਂ ਨਾਲ ਖੇਡ ਰਹੀ ਹੈ। ਜੇਕਰ ਸਰਕਾਰ ਸੱਚਮੁੱਚ ਨਿਆਂ ਦੇਣਾ ਚਾਹੁੰਦੀ ਹੈ, ਤਾਂ ਉਹ ਸਿਆਸਤ ਛੱਡ ਕੇ ਪੰਥਕ ਭਾਵਨਾਵਾਂ ਦਾ ਸਤਿਕਾਰ ਕਰੇ ਅਤੇ ਦੋਸ਼ੀਆਂ ਨੂੰ ਕਨੂੰਨੀ ਸ਼ਿਕੰਜੇ ਤਕ ਪਹੁੰਚਾਉਣ ਲਈ ਠੋਸ ਕਦਮ ਚੁੱਕੇ। ਗੁਰੂ ਸਾਹਿਬ ਦੀ ਬੇਅਦਬੀ 'ਤੇ ਸਿਆਸੀ ਲਾਹਾ ਲੈਣਾ ਸਿੱਖ ਪੰਥ ਨਾਲ ਸਭ ਤੋਂ ਵੱਡਾ ਧ੍ਰੋਹ ਹੈ।

### ਪੰਥਕ ਜਥੇਬੰਦੀਆਂ ਵੱਲੋਂ ਸਰਕਾਰ ਉਪਰ ਇਤਰਾਜ਼ ਕਿਉਂ ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪ੍ਰਮੁੱਖ ਪੰਥਕ ਜਥੇਬੰਦੀਆਂ ਨੇ ਸਰਕਾਰ ਦੀ ਨੀਅਤ 'ਤੇ ਸਵਾਲ ਚੁੱਕੇ ਹਨ। ਅੰਮ੍ਰਿਤਸਰ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਈ 'ਪੰਥਕ ਇਕੱਤਰਤਾ' ਵਿੱਚ ਬੁਲਾਰਿਆਂ ਨੇ ਪੁੱਛਿਆ ਕਿ ਬਿੱਲ ਦਾ ਖਰੜਾ ਪੰਥਕ ਸੰਸਥਾਵਾਂ ਵੱਲ ਕਿਉਂ ਨਹੀਂ ਭੇਜਿਆ ਗਿਆ ? ਪੰਥਕ ਆਗੂਆਂ ਦਾ ਕਹਿਣਾ ਸੀ ਕਿ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਲਈ ਕੇਵਲ ਇੱਕ ਕਿਤਾਬ ਨਹੀਂ, ਸਗੋਂ 'ਜਾਗਤ ਜੋਤ' ਗੁਰੂ ਹਨ। ਇਸ ਲਈ ਉਨ੍ਹਾਂ ਦੇ ਸਤਿਕਾਰ ਅਤੇ ਬੇਅਦਬੀ ਨਾਲ ਜੁੜੇ ਕਿਸੇ ਵੀ ਕਾਨੂੰਨ ਵਿੱਚ ਪੰਥਕ ਭਾਵਨਾਵਾਂ ਅਤੇ ਸਿੱਖ ਰਹਿਤ ਮਰਯਾਦਾ ਦਾ ਸ਼ਾਮਲ ਹੋਣਾ ਲਾਜ਼ਮੀ ਹੈ। ਬੀਬੀ ਕਿਰਨਜੋਤ ਕੌਰ ਵਰਗੇ ਆਗੂਆਂ ਨੇ ਦੋਸ਼ ਲਾਇਆ ਕਿ ਸਰਕਾਰ ਇਸ ਸੰਵੇਦਨਸ਼ੀਲ ਮੁੱਦੇ ਨੂੰ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੂੰ ਸਿਆਸੀ ਤੌਰ 'ਤੇ ਨੀਵਾਂ ਦਿਖਾਉਣ ਲਈ ਇੱਕ 'ਸਿਆਸੀ ਹਥਿਆਰ' ਵਜੋਂ ਵਰਤ ਰਹੀ ਹੈ।



ਬੀਬੀ ਕਿਰਨਜੋਤ ਕੌਰ ਸੁਆਲ ਉਠਾਉਂਦੇ ਹਨ ਕਿ ਕੀ ਸਰਕਾਰ ਇਹ ਭੁੱਲ ਗਈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਲਈ ਕੋਈ ਮਹਿਜ਼ 'ਕਿਤਾਬ' ਨਹੀਂ, ਸਗੋਂ ਜਾਗਤ-ਜੋਤ ਗੁਰੂ ਹਨ ? ਗੁਰੂ ਸਾਹਿਬ ਦੀ ਵਿਲੱਖਣਤਾ ਅਤੇ ਮਰਯਾਦਾ ਨੂੰ ਕਾਨੂੰਨੀ ਚੌਖਟੇ ਵਿੱਚ ਫਿੱਟ ਕਰਨ ਤੋਂ ਪਹਿਲਾਂ ਪੰਥਕ ਵਿਦਵਾਨਾਂ ਦੀ ਰਾਏ ਲੈਣੀ ਲਾਜ਼ਮੀ ਸੀ। ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਸਰਕਾਰ ਦੀ ਇਸ ਚੁੱਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਨਿਆਂ ਦੇਣ ਦੀ ਬਜਾਏ ਕੇਵਲ ਆਪਣੀ ਸਿਆਸੀ ਸਾਖ ਬਚਾਉਣ ਲਈ 'ਈਵੈਂਟ ਮੈਨੇਜਮੈਂਟ' ਕਰ ਰਹੀ ਹੈ। ਪੰਥਕ ਸੰਸਥਾਵਾਂ ਦਾ 'ਆਪ' ਸਰਕਾਰ ਉੱਪਰੋਂ ਭਰੋਸਾ ਉੱਠਣਾ ਸੁਭਾਵਿਕ ਹੈ। ਚੋਣਾਂ ਤੋਂ ਪਹਿਲਾਂ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ ਕਿ 24 ਘੰਟਿਆਂ ਵਿੱਚ ਬੇਅਦਬੀ ਦੇ ਦੋਸ਼ੀਆਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਜਾਵੇਗਾ, ਪਰ ਅੱਜ ਸਾਲਾਂ ਬਾਅਦ ਵੀ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਪੀੜਤ ਇਨਸਾਫ਼ ਲਈ ਸੜਕਾਂ 'ਤੇ ਬੈਠਣ ਲਈ ਮਜਬੂਰ ਹਨ।

ਦਲ ਖ਼ਾਲਸਾ ਦਾ ਮੰਨਣਾ ਹੈ ਕਿ ਸੌਦਾ ਸਾਧ ਵਰਗੇ ਮੁੱਖ ਸਾਜ਼ਿਸ਼ਕਰਤਾਵਾਂ 'ਤੇ ਸ਼ਿਕੰਜਾ ਕੱਸਣ ਦੀ ਬਜਾਏ, ਸਰਕਾਰਾਂ ਕਾਨੂੰਨੀ ਉਲਝਣਾਂ ਦਾ ਬਹਾਨਾ ਬਣਾ ਕੇ ਸਮਾਂ ਲੰਘਾ ਰਹੀਆਂ ਹਨ। ਜੇਕਰ ਮੌਜੂਦਾ ਸਰਕਾਰ ਦੀ ਨੀਅਤ ਸਾਫ਼ ਹੁੰਦੀ, ਤਾਂ ਉਹ ਨਵੇਂ ਬਿੱਲ ਲਿਆਉਣ ਦੀ ਬਜਾਏ ਪਹਿਲਾਂ ਤੋਂ ਚੱਲ ਰਹੇ ਕੇਸਾਂ ਵਿੱਚ ਤੇਜ਼ੀ ਲਿਆ ਕੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਂਦੀ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਤੀਜੀ ਵਾਰ ਬਿੱਲ ਪੇਸ਼ ਕਰਨਾ ਇਸ ਗੱਲ ਦਾ ਸਬੂਤ ਹੈ ਕਿ ਪਹਿਲੇ ਬਿੱਲਾਂ ਵਿੱਚ ਕਾਨੂੰਨੀ ਖਾਮੀਆਂ ਸਨ ਜਾਂ ਫਿਰ ਉਹ ਕੇਵਲ ਰਾਸ਼ਟਰਪਤੀ ਭਵਨ ਦੀਆਂ ਫਾਈਲਾਂ ਵਿੱਚ ਦਫ਼ਨ ਹੋਣ ਲਈ ਹੀ ਭੇਜੇ ਗਏ ਸਨ। ਜੇਕਰ ਇਹ ਬਿੱਲ ਕੇਂਦਰੀ ਕਾਨੂੰਨਾਂ ਨਾਲ ਟਕਰਾਉਂਦਾ ਹੈ, ਤਾਂ ਇਸ ਦਾ ਹਸ਼ਰ ਵੀ ਪਹਿਲਾਂ ਵਰਗਾ ਹੀ ਹੋਵੇਗਾ। ਸਰਕਾਰ ਨੂੰ ਚਾਹੀਦਾ ਸੀ ਕਿ ਉਹ ਸਿਆਸੀ ਰੋਟੀਆਂ ਸੇਕਣ ਦੀ ਬਜਾਏ ਪੰਥਕ ਧਿਰਾਂ ਨਾਲ ਮਿਲ ਕੇ ਇੱਕ ਅਜਿਹਾ ਮਜ਼ਬੂਤ ਕਾਨੂੰਨੀ ਖਰੜਾ ਤਿਆਰ ਕਰਦੀ ਜੋ ਸੰਵਿਧਾਨਕ ਤੌਰ 'ਤੇ ਵੀ ਅਟੁੱਟ ਹੁੰਦਾ ਤੇ ਗੁਰੂ ਗ੍ਰੰਥ ਸਾਹਿਬ ਦੀ ਸ਼ਬਦ ਗੁਰੂ ਵਜੋਂ ਸੁਪਰਮੇਸੀ ਬਹਾਲ ਰਹਿੰਦੀ।

### ਸ਼੍ਰੋਮਣੀ ਕਮੇਟੀ ਦੇ ਕੀ ਇਤਰਾਜ਼ ਹਨ

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਪਾਸ ਕੀਤੇ ਗੁਰਮਤੇ ਵਿੱਚ ਹੇਠ ਲਿਖੇ ਇਤਰਾਜ਼ ਉਭਰੇ ਹਨ। ਸਰਕਾਰ ਬਿਨਾਂ ਕਿਸੇ ਸਲਾਹ-ਮਸ਼ਵਰੇ ਦੇ ਮਨਮਰਜ਼ੀ ਨਾਲ ਕਾਨੂੰਨ ਬਣਾ ਰਹੀ ਹੈ, ਜੋ ਸਿੱਖ ਵਿਚਾਰਧਾਰਾ ਦੇ ਉਲਟ ਹੋ ਸਕਦਾ ਹੈ।

ਬੇਅਦਬੀ ਦੀ ਪਰਿਭਾਸ਼ਾ ਅਤੇ ਕਾਨੂੰਨ ਦੀ ਦੁਰਵਰਤੋਂ ਨੂੰ ਰੋਕਣ ਲਈ ਕੋਈ ਸਪੱਸ਼ਟ ਰੂਪ-ਰੇਖਾ ਨਹੀਂ ਦਿੱਤੀ ਗਈ। ਸਿੱਖ ਪੰਥ ਦੀ ਮੰਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ (ਜਾਗਤ ਜੋਤ) ਨੂੰ ਮੁੱਖ ਰੱਖਦਿਆਂ ਵੱਖਰਾ ਕਾਨੂੰਨ ਹੋਵੇ, ਜਦਕਿ ਪਹਿਲਾਂ ਰਾਸ਼ਟਰਪਤੀ ਨੇ ਸਾਰੇ ਧਰਮਾਂ ਲਈ ਇੱਕੋ ਜਿਹੀ ਸਜ਼ਾ ਦੀ ਗੱਲ ਕਹਿ ਕੇ ਬਿੱਲ ਮੋੜ ਦਿੱਤੇ ਸਨ।

### ਕੀ ਗੁਰੂ ਗ੍ਰੰਥ ਸਾਹਿਬ ਨੂੰ ਕਾਨੂੰਨੀ ਘੇਰੇ ਵਿੱਚ ਲਿਆਉਣਾ ਸਹੀ ਹੈ ?

2008 ਦਾ ਮੌਜੂਦਾ ਐਕਟ ਇੱਕ ਰੈਗੂਲੇਟਰੀ ਕਾਨੂੰਨ ਹੈ, ਜੋ ਕੇਵਲ ਪ੍ਰਕਾਸ਼ਨ ਅਤੇ ਛਪਾਈ ਦੇ ਅਧਿਕਾਰ (ਸਿਰਫ਼ ਸ਼੍ਰੋਮਣੀ ਕੋਲ) ਦੀ ਗੱਲ ਕਰਦਾ ਹੈ। ਇਸ ਨੇ ਸਿਰਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਪ੍ਰਕਾਸ਼ਨ ਦਾ ਹੱਕ ਦਿੱਤਾ ਤਾਂ ਜੋ ਨਿੱਜੀ ਪ੍ਰਕਾਸ਼ਕਾਂ ਵੱਲੋਂ ਹੁੰਦੀਆਂ ਮਰਯਾਦਾ ਦੀਆਂ ਉਲੰਘਣਾਵਾਂ ਨੂੰ ਰੋਕਿਆ ਜਾ ਸਕੇ। ਇਸ ਵਿੱਚ ਸਜ਼ਾ ਬਹੁਤ ਘੱਟ (ਲਗਭਗ 2 ਸਾਲ) ਹੈ, ਕਿਉਂਕਿ ਇਹ 'ਨਿਯਮ ਤੋੜਨ' ਦੀ ਸਜ਼ਾ ਹੈ, ਨਾ ਕਿ 'ਧਾਰਮਿਕ ਅਪਰਾਧ' ਦੀ।

ਜੇਕਰ ਇਸ ਨੂੰ ਬੇਅਦਬੀ ਲਈ ਸਖ਼ਤ ਸਜ਼ਾ (ਉਮਰ ਕੈਦ) ਨਾਲ ਜੋੜਿਆ ਜਾਂਦਾ ਹੈ, ਤਾਂ ਇਹ ਭਾਰਤੀ ਨਿਆਂ ਸਹਿਤਾ ਵਰਗੇ ਕੇਂਦਰੀ ਕਾਨੂੰਨਾਂ ਨਾਲ ਟਕਰਾ ਸਕਦਾ ਹੈ। ਜਦੋਂ ਪੰਜਾਬ ਸਰਕਾਰ ਇਸੇ ਰੈਗੂਲੇਟਰੀ ਐਕਟ ਵਿੱਚ ਸੋਧ ਕਰਕੇ 'ਬੇਅਦਬੀ' ਲਈ ਉਮਰ ਕੈਦ ਦੀ ਸਜ਼ਾ ਜੋੜਨ ਦੀ ਕੋਸ਼ਿਸ਼ ਕਰਦੀ ਹੈ, ਤਾਂ ਇਹ ਇੱਕ 'ਫ਼ੌਜਦਾਰੀ ਅਪਰਾਧ' ਬਣ ਜਾਂਦਾ ਹੈ। ਇੱਥੇ ਹੀ ਟਕਰਾਅ ਸ਼ੁਰੂ ਹੁੰਦਾ ਹੈ।

# 60 ਦੇਸ਼ਾਂ ਵੱਲੋਂ ਹਰਮੁਜ਼ ਜਲਮਾਰਗ ਰਾਹੀਂ ਬੇੜਿਆਂ ਲਈ ਸੁਰੱਖਿਅਤ ਲਾਂਘਾ ਯਕੀਨੀ ਬਣਾਉਣ ਸਬੰਧੀ ਗੱਲਬਾਤ

ਨਵੀਂ ਦਿੱਲੀ/ਏ.ਟੀ.ਨਿਊਜ਼: ਹਰਮੁਜ਼ ਜਲਮਾਰਗ ਮੁੜ ਖੋਲ੍ਹਣ ਲਈ ਪਿਛਲੇ ਦਿਨੀਂ ਬਰਤਾਨੀਆ ਦੀ ਮੇਜ਼ਬਾਨੀ ਵਿੱਚ ਹੋਈ 60 ਮੁਲਕਾਂ ਦੀ ਸਿਖ਼ਰ ਵਾਰਤਾ ਵਿੱਚ ਭਾਰਤ ਨੇ ਪੱਛਮੀ ਏਸ਼ੀਆ ਵਿਚਲਾ ਤਣਾਅ ਘਟਾਉਣ ’ਤੇ ਜ਼ੋਰ ਦਿੱਤਾ। ਭਾਰਤ ਨੇ ਕਿਹਾ ਕਿ ਇਸ ਸੰਕਟ ਕਰਕੇ ਕੁੱਲ ਆਲਮ ਨੂੰ ਮਨੁੱਖੀ ਤੇ ਰਣਨੀਤਕ ਕੀਮਤ ਤਾਰਨੀ ਪੈ ਰਹੀ ਹੈ। ਬੈਠਕ ਵਿੱਚ ਭਾਰਤ ਦੀ ਨੁਮਾਇੰਦਗੀ ਕਰਦਿਆਂ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਕਿ ਭਾਰਤ ਇਕੋ ਇਕ ਮੁਲਕ ਹੈ, ਜਿਸ ਦੇ ਮਲਾਹ ਖਾੜੀ ਵਿੱਚ ਮਰਚੈਂਟ ਬੇੜਿਆਂ ’ਤੇ ਹੋਏ ਹਮਲੇ ਦੌਰਾਨ ਮਾਰੇ ਗਏ ਸਨ। ਉਨ੍ਹਾਂ ਖਿੱਤੇ ਵਿੱਚ ਕੌਮਾਂਤਰੀ ਬੇੜਿਆਂ ਦੀ ਸੁਰੱਖਿਆ ਬਾਰੇ ਨਵੀਂ ਦਿੱਲੀ ਦਾ ਸਟੈਂਡ ਰੱਖਿਆ।

ਯੂ ਕੇ ਦੀ ਵਿਦੇਸ਼ ਮੰਤਰੀ ਯਵੇਟ ਕੂਪਰ ਦੀ ਅਗਵਾਈ ਵਿੱਚ ਹੋਈ ਵਾਰਤਾ ਹਰਮੁਜ਼ ਜਲਮਾਰਗ ਰਾਹੀਂ ਬੇੜਿਆਂ ਲਈ ਸੁਰੱਖਿਅਤ ਲਾਂਘਾ ਯਕੀਨੀ ਬਣਾਉਣ ਉੱਤੇ ਕੇਂਦਰਿਤ ਸੀ। ਅਮਰੀਕਾ ਤੇ ਇਜ਼ਰਾਇਲ ਵੱਲੋਂ ਇਰਾਨ ’ਤੇ ਹਮਲੇ ਮਗਰੋਂ ਤਹਿਰਾਨ ਨੇ ਇਸ ਜਲਮਾਰਗ ਨੂੰ ਅੰਸ਼ਕ ਬੰਦ ਕੀਤਾ ਹੋਇਆ ਹੈ। ਰਣਨੀਤਕ ਪੱਖੋਂ ਅਹਿਮ ਜਲਮਾਰਗ ਬੰਦ ਰਹਿਣ ਕਰਕੇ ਆਲਮੀ ਪੱਧਰ ’ਤੇ ਤੇਲ ਤੇ ਗੈਸ



ਸਪਲਾਈ ਪ੍ਰਭਾਵਿਤ ਹੋਈ ਹੈ।

ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਆਪਣੀ ਹਫ਼ਤਾਵਾਰੀ ਮੀਡੀਆ ਬ੍ਰੀਫਿੰਗ ਦੌਰਾਨ ਕਿਹਾ, “ਜਿੱਥੋਂ ਤੱਕ ਭਾਰਤ ਦੀ ਗੱਲ ਹੈ, ਤੁਸੀਂ ਮੁਕਤ ਤੇ ਮੋਕਲੀ ਵਪਾਰਕ ਸ਼ਿਪਿੰਗ, ਅਤੇ ਕੌਮਾਂਤਰੀ ਕਾਨੂੰਨਾਂ ਮੁਤਾਬਕ ਸਮੁੰਦਰੀ ਸੁਰੱਖਿਆ ਬਾਰੇ ਸਾਡੇ ਸਟੈਂਡ ਤੋਂ ਚੰਗੀ ਤਰ੍ਹਾਂ ਜਾਣੂ ਹੋ। ਅਸੀਂ ਤਰਜੀਹੀ ਮਾਮਲੇ ਵਜੋਂ ਹਰਮੁਜ਼ ਜਲਮਾਰਗ ਰਾਹੀਂ ਸੁਰੱਖਿਅਤ ਤੇ ਮੁਕਤ ਨੇਵੀਗੇਸ਼ਨ ਯਕੀਨੀ ਬਣਾਉਣ ਦਾ ਸੱਦਾ ਦਿੰਦੇ ਰਹਾਂਗੇ।”

ਜੈਸਵਾਲ ਨੇ ਕਿਹਾ ਕਿ ਯੂ ਕੇ ਨੇ ਭਾਰਤ ਸਣੇ ਕਈ ਮੁਲਕਾਂ ਨੂੰ ਹਰਮੁਜ਼ ਜਲਮਾਰਗ ਮੁੜ ਖੋਲ੍ਹਣ ਬਾਰੇ ਚਰਚਾ ਲਈ ਸੱਦਿਆ ਸੀ ਤੇ ਮਿਸਰੀ ਇਸ ਵਿੱਚ ਸ਼ਾਮਲ ਹੋਏ। ਉਨ੍ਹਾਂ ਕਿਹਾ, “ਅਸੀਂ ਇਰਾਨ ਤੇ ਹੋਰ ਮੁਲਕਾਂ ਦੇ ਸੰਪਰਕ ਵਿੱਚ ਹਾਂ। ਇਸੇ ਗੱਲਬਾਤ ਦੇ ਸਿਰ ’ਤੇ ਅਸੀਂ ਪਿਛਲੇ ਕੁਝ ਦਿਨਾਂ ਦੌਰਾਨ ਭਾਰਤੀ ਝੰਡੇ ਵਾਲੇ ਛੇ ਬੇੜਿਆਂ ਲਈ ਹਰਮੁਜ਼ ਜਲਮਾਰਗ ਰਾਹੀਂ ਸੁਰੱਖਿਅਤ ਲਾਂਘਾ ਯਕੀਨੀ ਬਣਾਉਣ ਵਿੱਚ ਸਫ਼ਲ ਰਹੇ ਹਾਂ। ਅਸੀਂ ਸਬੰਧਤ ਧਿਰਾਂ ਨਾਲ ਰਾਬਤਾ ਬਣਾ ਕੇ ਰੱਖਾਂਗੇ।”

ਇਸ ਦੌਰਾਨ ਵਿਦੇਸ਼ ਮੰਤਰਾਲੇ ਨੇ ਉਨ੍ਹਾਂ ਮੀਡੀਆ ਰਿਪੋਰਟਾਂ ਨੂੰ ‘ਕਿਆਸ’ ਤੇ ‘ਬੇਬੁਨਿਆਦ’ ਦੱਸ ਕੇ ਖਾਰਜ ਕਰ ਦਿੱਤਾ ਹੈ ਕਿ ਭਾਰਤ ਨੇ ਰੂਸ ਤੋਂ ਤਰਲ ਕੁਦਰਤੀ ਗੈਸ (ਐੱਲ ਐੱਨ ਜੀ) ਦੀ ਦਰਾਮਦ ਵਾਸਤੇ ਪਾਬੰਦੀਆਂ ’ਚ ਛੋਟ ਲਈ ਅਮਰੀਕਾ ਕੋਲ ਪਹੁੰਚ ਕੀਤੀ ਹੈ। ਤਰਜਮਾਨ ਰਣਧੀਰ ਜੈਸਵਾਲ ਨੇ ਕਿਹਾ ਕਿ ਰਿਪੋਰਟ ਵਿਚਲੇ ਤੱਥਾਂ ਦਾ ਕੋਈ ਆਧਾਰ ਨਹੀਂ ਹੈ।

# ਅਮਰੀਕਾ ਦੇ ਇੰਡੀਆਨਾ ਸੂਬੇ ’ਚ 1,790 ਵਿਦੇਸ਼ੀ ਟਰੱਕ ਡਰਾਈਵਰਾਂ ਦੇ ਲਾਇਸੈਂਸ ਰੱਦ

## ਵੱਡੀ ਗਿਣਤੀ ਵਿੱਚ ਪੰਜਾਬੀ ਸਿੱਖ ਟਰੱਕ ਡਰਾਈਵਰ ਹੋਏ ਪ੍ਰਭਾਵਿਤ

ਇੰਡੀਆਨਾ/ਏ.ਟੀ.ਨਿਊਜ਼: ਅਮਰੀਕਾ ਦੇ ਇੰਡੀਆਨਾ ਸੂਬੇ ਦੇ ਬਿਊਰੋ ਆਫ਼ ਮੋਟਰ ਵਹੀਕਲਜ਼ (ਬੀ.ਐਮ.ਵੀ.) ਨੇ 1,790 ਗ਼ੈਰ-ਨਿਵਾਸੀ ਕਮਰਸ਼ੀਅਲ ਡਰਾਈਵਰ ਲਾਇਸੈਂਸ (ਸੀ.ਡੀ.ਐਲ.) ਰੱਦ ਕਰ ਦਿੱਤੇ ਹਨ, ਜਿਸ ਨਾਲ ਵੱਡੀ ਗਿਣਤੀ ਵਿੱਚ ਪੰਜਾਬੀ ਸਿੱਖ ਟਰੱਕ ਡਰਾਈਵਰ ਪ੍ਰਭਾਵਿਤ ਹੋਏ ਹਨ। 1 ਅਪ੍ਰੈਲ ਤੋਂ ਲਾਗੂ ਹੋਏ ਨਵੇਂ ਕਾਨੂੰਨ ‘ਹਾਊਸ ਐਨਰੋਲਡ ਐਕਟ 1200’ ਦੇ ਤਹਿਤ ਹੁਣ ਸਿਰਫ਼ ਤਿੰਨ ਖਾਸ ਵੀਜ਼ਾ ਸ਼੍ਰੇਣੀਆਂ (ਐਚ-2ਏ, ਐਚ-2ਬੀ ਅਤੇ ਈ-2) ਵਾਲੇ ਵਿਦੇਸ਼ੀ ਨਾਗਰਿਕ ਹੀ ਇਹ ਲਾਇਸੈਂਸ ਰੱਖ ਸਕਣਗੇ।

ਇਸ ਫੈਸਲੇ ਨੇ ਉਨ੍ਹਾਂ ਹਜ਼ਾਰਾਂ ਡਰਾਈਵਰਾਂ ਲਈ ਰੁਜ਼ਗਾਰ ਦਾ ਸੰਕਟ ਖੜ੍ਹਾ ਕਰ ਦਿੱਤਾ ਹੈ ਜੋ ਲੰਬੇ ਸਮੇਂ ਤੋਂ



ਅਮਰੀਕਾ ਵਿੱਚ ਲੌਂਗ-ਹਾਊਲ ਟਰੱਕ ਚਲਾ ਕੇ ਆਪਣੀ ਰੋਜ਼ੀ-ਰੋਟੀ ਕਮਾ ਰਹੇ ਸਨ। ਬਿਊਰੋ ਮੁਤਾਬਕ ਲਗਭਗ ਸਾਰੇ ਗੈਰ-ਨਿਵਾਸੀ ਸੀ.ਡੀ.ਐਲ. ਧਾਰਕਾਂ ਨੇ ਆਪਣੀਆਂ ਵਪਾਰਕ ਗੱਡੀਆਂ ਚਲਾਉਣ ਦੇ ਅਧਿਕਾਰ ਗੁਆ ਦਿੱਤੇ ਹਨ ਸੂਬਾ ਸਰਕਾਰ ਅਤੇ ਕਾਨੂੰਨ ਘੜਨ ਵਾਲਿਆਂ ਨੇ ਇਹ ਸਖ਼ਤ ਕਦਮ ਕਈ ਘਾਤਕ ਸੜਕ ਹਾਦਸਿਆਂ ਤੋਂ ਬਾਅਦ ਚੁੱਕਿਆ ਹੈ, ਜਿਨ੍ਹਾਂ ਵਿੱਚੋਂ ਇੱਕ ਹਾਦਸਾ ਭਾਰਤੀ ਮੂਲ ਦੇ ਸੁਖਦੀਪ ਸਿੰਘ ਨਾਲ ਜੁੜਿਆ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਭਾਰੀ ਵਪਾਰਕ ਟਰੱਕ ਕਿਸੇ ‘ਮਿਜ਼ਾਈਲ’ ਤੋਂ ਘੱਟ ਨਹੀਂ ਹੁੰਦੇ, ਇਸ ਲਈ ਡਰਾਈਵਰਾਂ ਦੇ ਰਿਕਾਰਡ, ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਅਤੇ ਸਿਖਲਾਈ ਦੇ ਮਿਆਰਾਂ ਦੀ ਸਖ਼ਤ ਜਾਂਚ ਜ਼ਰੂਰੀ ਹੈ। ਇਸ ਫੈਸਲੇ ਦੇ ਨਾਲ ਹੀ ਇੰਡੀਆਨਾ ਅਜਿਹੀਆਂ ਪਾਬੰਦੀਆਂ ਲਾਗੂ ਕਰਨ ਵਾਲਾ ਪਹਿਲਾ ਸੂਬਾ ਬਣ ਗਿਆ ਹੈ, ਜਦੋਂ ਕਿ ਕੈਲੀਫੋਰਨੀਆ ਵਿੱਚ ਵੀ ਪਹਿਲਾਂ ਅਜਿਹੀ ਕਾਰਵਾਈ ਦੇਖੀ ਗਈ ਸੀ। ‘ਯੂਨਾਈਟਿਡ ਸਿੱਖਸ’ ਵਰਗੀਆਂ ਸੰਸਥਾਵਾਂ ਹੁਣ ਪ੍ਰਭਾਵਿਤ ਡਰਾਈਵਰਾਂ ਦੀ ਮਦਦ ਅਤੇ ਕਾਨੂੰਨੀ ਅਪੀਲਾਂ ਲਈ ਅੱਗੇ ਆ ਰਹੀਆਂ ਹਨ।

# ਅਮਰੀਕਾ ਨੇ ਪੂਰਾ ਕੀਤਾ ਸਾਲ 2027 ਲਈ ‘ਐੱਚ-1ਬੀ ਕੈਪ’ ਕੋਟਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ ਐੱਸ ਸੀ ਆਈ ਐੱਸ) ਨੇ ਕਿਹਾ ਹੈ ਕਿ ਉਸ ਨੇ ਵਿੱਤੀ ਵਰ੍ਹੇ 2027 ਲਈ 85,000 ਐੱਚ-1ਬੀ ਕੈਪ ਲਾਭਪਾਤਰੀਆਂ ਦਾ ਸਾਲਾਨਾ ਕੋਟਾ ਪੂਰਾ ਕਰ ਲਿਆ ਹੈ ਅਤੇ ਨਿਯਮਤ ਤੇ ਐਡਵਾਂਸ-ਡਿਗਰੀ ਚੋਣ ਲਾਟਰੀਆਂ ਦੀ ਪ੍ਰਕਿਰਿਆ ਮੁਕੰਮਲ ਕਰ ਲਈ ਹੈ। ਏਜੰਸੀ ਨੇ ਉਨ੍ਹਾਂ ਸਾਰੇ ਸੰਭਾਵੀ ਬਿਨੈਕਾਰਾਂ ਨੂੰ ਸੂਚਿਤ ਕਰ ਦਿੱਤਾ ਹੈ, ਜਿਨ੍ਹਾਂ ਦੇ ਲਾਭਪਾਤਰੀਆਂ ਦੀ ਚੋਣ ਕੀਤੀ ਗਈ ਹੈ। ਹੁਣ ਉਹ ਚੁਣੇ ਗਏ ਲਾਭਪਾਤਰੀਆਂ ਲਈ ਐੱਚ-1ਬੀ ਕੈਪ-ਸਬਜੈਕਟ ਪਟੀਸ਼ਨ ਦਾਇਰ ਕਰਨ ਦੇ ਯੋਗ ਹਨ। ਐੱਚ-1ਬੀ ਵੀਜ਼ਾ ਪ੍ਰੋਗਰਾਮ ਦੀ ਵਰਤੋਂ ਮੁੱਖ ਤੌਰ ’ਤੇ ਅਮਰੀਕੀ ਟੈਕਨੋਲੋਜੀ ਕੰਪਨੀਆਂ ਵੱਲੋਂ ਵਿਦੇਸ਼ੀ ਕਰਮਚਾਰੀਆਂ ਨੂੰ ਨੌਕਰੀ ’ਤੇ ਰੱਖਣ ਲਈ ਕੀਤੀ ਜਾਂਦੀ ਹੈ। ਭਾਰਤੀ ਪੇਸ਼ੇਵਰ ਜਿਨ੍ਹਾਂ ਵਿੱਚ ਟੈਕਨੋਲੋਜੀ ਮਾਹਿਰ ਅਤੇ ਡਾਕਟਰ ਸ਼ਾਮਲ ਹਨ, ਐੱਚ-1ਬੀ ਵੀਜ਼ਾ ਧਾਰਕਾਂ ਦੇ ਸਭ ਤੋਂ ਵੱਡੇ ਸਮੂਹਾਂ ਵਿੱਚੋਂ ਇੱਕ ਹਨ। ਮੰਗਲਵਾਰ ਨੂੰ ਜਾਰੀ ਬਿਆਨ ਵਿੱਚ ਯੂ ਐੱਸ ਸੀ ਆਈ ਐੱਸ ਨੇ ਕਿਹਾ, “ਵਿੱਤੀ ਵਰ੍ਹੇ 2027 ਲਈ ਐੱਚ-1ਬੀ ਕੈਪ-ਸਬਜੈਕਟ ਪਟੀਸ਼ਨਾਂ ਜਿਨ੍ਹਾਂ ਵਿੱਚ ਐਡਵਾਂਸ ਡਿਗਰੀ ਛੋਟ ਲਈ ਯੋਗ ਪਟੀਸ਼ਨਾਂ ਵੀ ਸ਼ਾਮਲ ਹਨ, ਉਹ ਯੂ ਐੱਸ ਸੀ ਆਈ ਐੱਸ ਕੋਲ ਦਾਇਰ ਕੀਤੀਆਂ ਜਾ ਸਕਦੀਆਂ ਹਨ, ਬਸ਼ਰਤੇ ਉਹ ਕਿਸੇ ਚੁਣੇ ਹੋਏ ਲਾਭਪਾਤਰੀ ਲਈ ਹੋਣ ਅਤੇ ਵਾਜਿਬ ਰਜਿਸਟਰੇਸ਼ਨ ’ਤੇ ਆਧਾਰਿਤ ਹੋਣ।” ਇਸ ਵਿੱਚ ਕਿਹਾ ਗਿਆ ਹੈ ਕਿ ਐੱਚ-1ਬੀ ਕੈਪ-ਸਬਜੈਕਟ ਪਟੀਸ਼ਨ ਦਾਇਰ ਕਰਨ ਦੀ ਮਿਆਦ ਘੱਟੋ-ਘੱਟ 90 ਦਿਨ ਦੀ ਹੋਵੇਗੀ।

# ਫਰਾਂਸ ਅਤੇ ਅਮਰੀਕਾ ਦੇ ਸਬੰਧਾਂ ’ਚ ਆਇਆ ਤਨਾਓ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਰਾਂਸ ’ਤੇ ਔਖੇ ਵੇਲੇ ਸਾਥ ਨਾ ਦੇਣ ਦੇ ਦੋਸ਼ ਲਗਾਉਂਦਿਆਂ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਹੈ। ਟਰੰਪ ਅਨੁਸਾਰ, ਫਰਾਂਸ ਨੇ ਅਮਰੀਕਾ ਦੇ ਉਨ੍ਹਾਂ ਫ਼ੌਜੀ ਜਹਾਜ਼ਾਂ ਨੂੰ ਆਪਣੇ ਹਵਾਈ ਖੇਤਰ ਵਿੱਚੋਂ ਲੰਘਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ, ਜੋ ਇਜ਼ਰਾਇਲ ਲਈ ਜ਼ਰੂਰੀ ਫ਼ੌਜੀ ਸਾਜ਼ੋ-ਸਾਮਾਨ ਲੈ ਕੇ ਜਾ ਰਹੇ ਸਨ। ਰਾਸ਼ਟਰਪਤੀ ਨੇ ਇਸ ਕਦਮ ਨੂੰ ਸਹਿਯੋਗੀ ਦੇਸ਼ਾਂ ਦੇ ਆਪਸੀ ਰਿਸ਼ਤਿਆਂ ਦੇ ਉਲਟ ਦੱਸਦਿਆਂ ਕਿਹਾ ਕਿ ਫਰਾਂਸ ਦਾ ਇਹ ਅੜੀਅਲ ਰਵੱਈਆ ਬਿਲਕੁਲ ਗਲਤ ਹੈ। ਟਰੰਪ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਆਮ ਤੌਰ ’ਤੇ ਦੋਸਤ ਦੇਸ਼ ਸਹਿਯੋਗ ਕਰਦੇ ਹੋਏ ਅਜਿਹੀਆਂ ਇਜਾਜ਼ਤਾਂ ਆਸਾਨੀ ਨਾਲ ਦੇ ਦਿੰਦੇ ਹਨ, ਪਰ ਫਰਾਂਸ ਨੇ ਅਜਿਹਾ ਨਾ



ਕਰਕੇ ਅਸਹਿਯੋਗ ਦਾ ਸਬੂਤ ਦਿੱਤਾ ਹੈ। ਉਨ੍ਹਾਂ ਨੇ ਸਖ਼ਤ ਲਹਿਜੇ ਵਿੱਚ ਚਿਤਾਵਨੀ ਦਿੰਦਿਆਂ ਕਿਹਾ ਕਿ ਅਮਰੀਕਾ ਫਰਾਂਸ ਦੇ ਇਸ ਵਤੀਰੇ ਨੂੰ ਭਵਿੱਖ ਵਿੱਚ ਯਾਦ ਰੱਖੇਗਾ। ਇਸ ਘਟਨਾ ਨਾਲ ਅਮਰੀਕਾ ਅਤੇ ਫਰਾਂਸ ਦੇ ਦੁਵੱਲੇ ਸਬੰਧਾਂ ਵਿੱਚ ਤਣਾਅ ਵਧਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ, ਖਾਸ ਕਰਕੇ ਅਜਿਹੇ ਸਮੇਂ ਜਦੋਂ ਪੱਛਮੀ ਏਸ਼ੀਆ ਵਿੱਚ ਹਾਲਾਤ ਪਹਿਲਾਂ ਹੀ ਨਾਜ਼ੁਕ ਬਣੇ ਹੋਏ ਹਨ।

# ਇਰਾਨ ਨਾਲ ਜਲਦੀ ਜੰਗ ਖ਼ਤਮ ਕਰਨਾ ਚਾਹੁੰਦੇ ਨੇ ਟਰੰਪ: ਵਾਲ ਸਟ੍ਰੀਟ ਜਰਨਲ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਸਹਿਯੋਗੀਆਂ ਨੂੰ ਕਿਹਾ ਹੈ ਕਿ ਉਹ ਇਰਾਨ ਵਿਰੁੱਧ ਫ਼ੌਜੀ ਕਾਰਵਾਈ ਨੂੰ ਖਤਮ ਕਰਨ ਲਈ ਤਿਆਰ ਹਨ, ਭਾਵੇਂ ਹੋਰਮੁਜ਼ ਦੀ ਜਲਡਮਰੂ ਮੁੱਖ ਤੌਰ ’ਤੇ ਬੰਦ ਹੀ ਰਹੇ ਅਤੇ ਇਸ ਨੂੰ ਦੁਬਾਰਾ ਖੋਲ੍ਹਣ ਦੀ ਮੁਹਿੰਮ ਨੂੰ ਬਾਅਦ ਦੀ ਤਾਰੀਖ ਲਈ ਛੱਡ ਦਿੱਤਾ ਜਾਵੇ। ‘ਵਾਲ ਸਟ੍ਰੀਟ ਜਰਨਲ’ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਹਵਾਲੇ ਨਾਲ ਇਹ ਰਿਪੋਰਟ ਦਿੱਤੀ ਹੈ। ਰਿਪੋਰਟ ਅਨੁਸਾਰ ਹਾਲ ਹੀ ਦੇ ਦਿਨਾਂ ਵਿੱਚ ਟਰੰਪ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਅੰਦਾਜ਼ਾ ਲਗਾਇਆ ਹੈ ਕਿ ਇਸ ਰੁਕਾਵਟ ਨੂੰ ਖੋਲ੍ਹਣ ਦਾ ਮਿਸ਼ਨ ਸੰਘਰਸ਼ ਨੂੰ ਉਨ੍ਹਾਂ ਦੀ ਚਾਰ ਤੋਂ ਛੇ ਹਫ਼ਤਿਆਂ ਦੀ ਸਮਾਂ ਸੀਮਾ ਤੋਂ ਅੱਗੇ ਲੈ



ਜਾਵੇਗਾ। ਰਿਪੋਰਟ ਦੇ ਮੁਤਾਬਕ ਟਰੰਪ ਨੇ ਫੈਸਲਾ ਕੀਤਾ ਹੈ ਕਿ ਅਮਰੀਕਾ ਨੂੰ ਇਰਾਨ ਦੀ ਜਲ ਸੈਨਾ ਅਤੇ ਉਸ ਦੇ ਮਿਜ਼ਾਈਲ ਭੰਡਾਰਾਂ ਨੂੰ ਨੁਕਸਾਨ ਪਹੁੰਚਾਉਣ ਦੇ ਆਪਣੇ ਮੁੱਖ ਟੀਚਿਆਂ ਨੂੰ ਹਾਸਲ ਕਰਨਾ ਚਾਹੀਦਾ ਹੈ ਅਤੇ ਮੌਜੂਦਾ ਦੁਸ਼ਮਣੀ ਨੂੰ ਘੱਟ ਕਰਨਾ ਚਾਹੀਦਾ ਹੈ, ਜਦੋਂ ਕਿ ਵਪਾਰ ਦੇ ਸੁਚਾਰੂ ਪ੍ਰਵਾਹ ਨੂੰ ਮੁੜ ਸ਼ੁਰੂ ਕਰਨ ਲਈ ਤਹਿਰਾਨ ’ਤੇ ਕੂਟਨੀਤਕ ਦਬਾਅ ਪਾਉਣਾ ਚਾਹੀਦਾ ਹੈ। ਵਾਲ ਸਟ੍ਰੀਟ ਜਰਨਲ ਨੇ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ ਜੇ ਇਹ ਅਸਫਲ ਰਹਿੰਦਾ ਹੈ, ਤਾਂ ਵਾਸ਼ਿੰਗਟਨ ਯੂਰੋਪ ਅਤੇ ਖਾੜੀ ਦੇ ਸਹਿਯੋਗੀਆਂ ’ਤੇ ਜਲਡਮਰੂ ਨੂੰ ਖੋਲ੍ਹਣ ਲਈ ਅਗਵਾਈ ਕਰਨ ਲਈ ਦਬਾਅ ਪਾਵੇਗਾ। ਇੱਕ ਮੀਡੀਆ ਬ੍ਰੀਫਿੰਗ ਵਿੱਚ ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੀਵਿਟ ਨੇ ਕਿਹਾ ਕਿ ਰਾਸ਼ਟਰਪਤੀ ਅਤੇ ਪੈਂਟਾਗਨ ਦੇ ਮੁਖੀ ਨੇ ਫ਼ੌਜੀ ਕਾਰਵਾਈ ਲਈ ਹਮੇਸ਼ਾ ਚਾਰ ਤੋਂ ਛੇ ਹਫ਼ਤਿਆਂ ਦੀ ਅਨੁਮਾਨਿਤ ਸਮਾਂ ਸੀਮਾ ਦੱਸੀ ਹੈ। ਲੀਵਿਟ ਨੇ ਇਹ ਵੀ ਸੰਕੇਤ ਦਿੱਤਾ ਕਿ ਅਰਬ ਦੇਸ਼ਾਂ ਨੂੰ ਇਰਾਨ ਵਿੱਚ ਫ਼ੌਜੀ ਕਾਰਵਾਈ ਦਾ ਬੋਝ ਸਾਂਝਾ ਕਰਨ ਲਈ ਕਿਹਾ ਜਾ ਸਕਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu

Designer: A.K.V.   Content Composer: S. Jagmohan Singh   US Distributor: Amritsar Times Inc.   Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕਾ ਤੇ ਇਰਾਨ ਜੰਗ ਕਾਰਣ ਦੁਬਈ 'ਚ ਗੁਰਦੁਆਰਾ ਸਾਹਿਬ ਅਤੇ ਮੰਦਰ ਅਸਥਾਈ ਤੌਰ 'ਤੇ ਬੰਦ

ਦੁਬਈ/ਏ.ਟੀ.ਨਿਊਜ਼ : ਇਰਾਨ ਵਿੱਚ ਜੰਗੀ ਤਣਾਅ ਕਾਰਨ ਦੁਬਈ ਪ੍ਰਸ਼ਾਸਨ ਨੇ ਸੁਰੱਖਿਆ ਦੇ ਮੱਦੇਨਜ਼ਰ ਗੁਰੂ ਨਾਨਕ ਦਰਬਾਰ ਗੁਰਦੁਆਰਾ, ਹਿੰਦੂ ਮੰਦਰਾਂ ਅਤੇ ਕਈ ਚਰਚਾਂ ਨੂੰ ਅਗਲੇ ਹੁਕਮਾਂ ਤੱਕ ਅਸਥਾਈ ਤੌਰ 'ਤੇ ਬੰਦ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਸਾਵਧਾਨੀ ਭਰਿਆ ਕਦਮ ਇਰਾਨ-ਇਜ਼ਰਾਇਲ ਜੰਗ ਕਾਰਨ ਪੈਦਾ ਹੋਏ ਤਣਾਅਪੂਰਨ ਹਾਲਾਤਾਂ ਨੂੰ ਦੇਖਦੇ ਹੋਏ ਚੁੱਕਿਆ ਗਿਆ ਹੈ।

ਇਹ ਫੈਸਲਾ ਉਸੇ ਦਿਨ ਆਇਆ ਹੈ ਜਦੋਂ ਦੁਬਈ ਦੇ ਕਈ ਚਰਚਾਂ ਨੇ ਵੀ ਅਜਿਹੀ ਹੀ ਹਦਾਇਤ ਤੋਂ ਬਾਅਦ ਵਿਅਕਤੀਗਤ ਸੇਵਾਵਾਂ ਬੰਦ ਕਰ ਦਿੱਤੀਆਂ ਸਨ।

ਹਿੰਦੂ ਮੰਦਰ ਦੁਬਈ ਪ੍ਰਬੰਧਕਾਂ ਨੇ ਇੱਕ ਬਿਆਨ ਵਿੱਚ ਕਿਹਾ ਕਿ ਮੰਦਰ ਅਗਲੇ ਨੋਟਿਸ ਤੱਕ ਬੰਦ ਰਹੇਗਾ। ਉਨ੍ਹਾਂ ਨੇ ਇਸ ਕਾਰਨ ਹੋਈ ਅਸੁਵਿਧਾ ਲਈ ਮੁਆਫੀ ਮੰਗੀ ਅਤੇ ਸ਼ਰਧਾਲੂਆਂ ਤੋਂ ਸਮਝ ਅਤੇ ਸਹਿਯੋਗ ਦੀ ਮੰਗ ਕੀਤੀ, ਨਾਲ ਹੀ ਸਾਰਿਆਂ ਦੀ ਸੁਰੱਖਿਆ ਲਈ ਪ੍ਰਾਰਥਨਾ ਕੀਤੀ।



ਗਲਫ ਨਿਊਜ਼ ਨਾਲ ਗੱਲ ਕਰਦੇ ਹੋਏ, ਗੁਰੂ ਨਾਨਕ ਦਰਬਾਰ ਗੁਰਦੁਆਰਾ ਦੁਬਈ ਦੇ ਚੇਅਰਮੈਨ ਸੁਰਿੰਦਰ ਸਿੰਘ ਕੰਧਾਰੀ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਨੂੰ ਕਮਿਊਨਿਟੀ ਡਿਵੈਲਪਮੈਂਟ ਅਥਾਰਟੀ ਵੱਲੋਂ ਬੰਦ ਕਰਨ ਦੇ ਨਿਰਦੇਸ਼ ਮਿਲੇ ਹਨ। ਉਨ੍ਹਾਂ ਕਿਹਾ ਕਿ ਇਹ ਕਦਮ ਸੁਰੱਖਿਆ ਕਾਰਨਾਂ ਕਰਕੇ ਸਾਵਧਾਨੀ ਵਜੋਂ ਚੁੱਕਿਆ ਗਿਆ ਹੈ।

ਦੁਬਈ ਦੇ ਸ੍ਰੀ ਕ੍ਰਿਸ਼ਨਾ ਮੰਦਰ ਨੂੰ ਵੀ ਸੁਰੱਖਿਆ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ ਅਗਲੇ ਨੋਟਿਸ ਤੱਕ ਅਸਥਾਈ ਤੌਰ 'ਤੇ ਬੰਦ ਰੱਖਣ ਦਾ ਐਲਾਨ ਕੀਤਾ ਹੈ। ਪ੍ਰਬੰਧਕਾਂ ਨੇ ਮੁਆਫੀ ਮੰਗੀ ਅਤੇ ਸ਼ਰਧਾਲੂਆਂ ਦੇ ਸਹਿਯੋਗ ਦੀ ਬੇਨਤੀ ਕੀਤੀ।

ਦੁਬਈ ਦੇ ਕਈ ਚਰਚਾਂ ਨੇ ਵੀ ਗੁੱਡ ਫਰਾਈਡੇ ਦੀਆਂ ਸੇਵਾਵਾਂ ਰੱਦ ਕਰ ਦਿੱਤੀਆਂ ਅਤੇ ਵਅਕਤੀਗਤ ਇਕੱਠ ਬੰਦ ਕਰ ਦਿੱਤੇ। ਕਈਆਂ ਨੇ ਆਨਲਾਈਨ ਸੇਵਾਵਾਂ ਦੀ ਪੇਸ਼ਕਸ਼ ਕੀਤੀ, ਜਦਕਿ ਕਈਆਂ ਨੇ ਲੋਕਾਂ ਨੂੰ ਘਰ ਵਿੱਚ ਪ੍ਰਾਰਥਨਾ ਕਰਨ ਲਈ ਕਿਹਾ।

ਹਾਲਾਂਕਿ, ਕੁਝ ਸ਼ਰਧਾਲੂ ਜਿਨ੍ਹਾਂ ਨੂੰ ਇਨ੍ਹਾਂ ਅਚਾਨਕ ਕੀਤੇ ਗਏ ਐਲਾਨਾਂ ਬਾਰੇ ਪਤਾ ਨਹੀਂ ਸੀ, ਫਿਰ ਵੀ ਚਰਚ ਪਹੁੰਚੇ ਅਤੇ ਬੰਦ ਗੇਟਾਂ ਦੇ ਬਾਹਰ ਪ੍ਰਾਰਥਨਾ ਕਰਦੇ ਦੇਖੇ ਗਏ।

# ਕੈਨੇਡਾ ਵਿੱਚ ਹਿੰਸਕ ਘਟਨਾਵਾਂ ਲਈ ਵਿਦੇਸ਼ੀ ਤਾਕਤਾਂ ਜ਼ਿੰਮੇਵਾਰ : ਪੁਲਿਸ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਦੀ ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ (ਆਰ ਸੀ ਐੱਮ ਪੀ) ਦੇ ਰੁਖ਼ ਵਿੱਚ ਇੱਕ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ। ਜਿੱਥੇ ਪਹਿਲਾਂ ਆਰ ਸੀ ਐੱਮ ਪੀ ਦਾ ਕਹਿਣਾ ਸੀ ਕਿ ਦੇਸ਼ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦੇ ਕੋਈ ਪੁਖਤਾ ਸਬੂਤ ਨਹੀਂ ਹਨ, ਉੱਥੇ ਹੁਣ ਉਸ ਨੇ ਮੰਨ ਲਿਆ ਹੈ ਕਿ ਵਾਕਈ ਲੋਕਾਂ ਨੂੰ ਡਰਾਉਣ ਅਤੇ ਧਮਕਾਉਣ ਵਰਗੀਆਂ ਗਤੀਵਿਧੀਆਂ ਵਿੱਚ ਬਾਹਰਲੇ ਦੇਸ਼ ਸ਼ਾਮਲ ਹਨ।

ਆਰ ਸੀ ਐੱਮ ਪੀ ਨੇ ਪਹਿਲੀ ਅਪਰੈਲ ਨੂੰ ਇੱਕ ਸਪਸ਼ਟੀਕਰਨ ਜਾਰੀ ਕੀਤਾ ਹੈ। ਇਹ ਸਪਸ਼ਟੀਕਰਨ ਕਮਿਸ਼ਨਰ ਮਾਈਕ ਡੁਹੇਮ ਦੇ ਉਸ ਐਲਾਨ ਤੋਂ ਕੁਝ ਦਿਨਾਂ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਜਾਂਚ ਅਧਿਕਾਰੀਆਂ ਨੂੰ ਕੈਨੇਡਾ ਵਿੱਚ ਲੋਕਾਂ ਨੂੰ ਧਮਕਾਉਣ ਦੀਆਂ ਘਟਨਾਵਾਂ ਅਤੇ ਕਿਸੇ ਵਿਦੇਸ਼ੀ ਸਰਕਾਰ ਦਰਮਿਆਨ ਕੋਈ ਸਿੱਧਾ ਸਬੰਧ ਨਹੀਂ ਮਿਲਿਆ। ਹੁਣ ਫੋਰਸ ਨੇ ਇਸ ਮਾਮਲੇ ਵਿੱਚ ਨਵੀਂ ਜਾਣਕਾਰੀ ਸਾਂਝੀ ਕਰਦਿਆਂ ਆਪਣਾ ਰੁਖ਼ ਬਦਲ ਲਿਆ ਹੈ।



ਬਿਆਨ ਵਿੱਚ ਕਿਹਾ ਗਿਆ ਹੈ, ਆਰ ਸੀ ਐੱਮ ਪੀ ਕੈਨੇਡਾ ਦੇ ਕੁਝ ਖਾਸ ਭਾਈਚਾਰਿਆਂ ਨੂੰ ਡਰਾਉਣ ਅਤੇ ਧਮਕਾਉਣ ਦੀਆਂ ਸ਼ਿਕਾਇਤਾਂ ਬਾਰੇ ਜਾਣੂ ਹੈ। ਆਰ ਸੀ ਐੱਮ ਪੀ ਅਤੇ ਕੈਨੇਡਾ ਸਰਕਾਰ ਨੂੰ ਇਹ ਵੀ ਪਤਾ ਹੈ ਕਿ ਬਾਹਰਲੇ ਦੇਸ਼ ਕੈਨੇਡਾ ਵਿੱਚ ਅਜਿਹੀਆਂ ਗਤੀਵਿਧੀਆਂ ਚਲਾ ਰਹੇ ਹਨ। ਹਾਲਾਂਕਿ, ਉਨ੍ਹਾਂ ਇਹ ਵੀ ਸਾਫ਼ ਕੀਤਾ ਕਿ ਇਨ੍ਹਾਂ ਗਤੀਵਿਧੀਆਂ ਦਾ ਕਿਸੇ ਵਿਦੇਸ਼ੀ ਸੰਸਥਾ ਨਾਲ ਅਜਿਹਾ ਸਿੱਧਾ ਸਬੰਧ ਜੋੜਨਾ, ਜਿਸ ਨੂੰ ਅਦਾਲਤੀ ਕਾਰਵਾਈ ਵਿੱਚ ਸਬੂਤ ਵਜੋਂ ਪੇਸ਼ ਕੀਤਾ ਜਾ ਸਕੇ, ਇੱਕ ਬਹੁਤ ਹੀ ਗੁੰਝਲਦਾਰ ਪ੍ਰਕਿਰਿਆ ਹੈ।

ਇਹ ਸਪਸ਼ਟੀਕਰਨ ਕਮਿਸ਼ਨਰ ਡੁਹੇਮ ਦੇ ਪਿਛਲੇ ਦਿਨੀਂ ਸੀਟੀਵੀ ਨਿਊਜ਼ ਨੂੰ ਦਿੱਤੇ ਇੰਟਰਵਿਊ ਤੋਂ ਬਾਅਦ ਜਾਰੀ ਕੀਤਾ ਗਿਆ ਹੈ। ਉਸ ਸਮੇਂ ਉਨ੍ਹਾਂ ਕਿਹਾ ਸੀ ਕਿ ਵਿਦੇਸ਼ੀ ਦਖਲਅੰਦਾਜ਼ੀ ਦੇ ਮਾਮਲਿਆਂ ਵਿੱਚ ਕਿਸੇ ਵਿਦੇਸ਼ੀ ਸੰਸਥਾ ਨਾਲ ਕੋਈ ਸਬੰਧ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਜ਼ੋਰ ਦਿੱਤਾ ਸੀ ਕਿ ਭਾਵੇਂ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ, ਪਰ ਜਾਂਚ ਅਧਿਕਾਰੀ ਹਾਲੇ ਤੱਕ ਇਨ੍ਹਾਂ ਨੂੰ ਸਿੱਧੇ ਤੌਰ 'ਤੇ ਕਿਸੇ ਵਿਦੇਸ਼ੀ ਸੰਸਥਾ ਨਾਲ ਜੋੜਨ ਵਿੱਚ ਕਾਮਯਾਬ ਨਹੀਂ ਹੋ ਸਕੇ ਹਨ।

ਉਦੋਂ ਕੈਨੇਡੀਅਨ ਰੁਖ਼ ਨੂੰ ਭਾਰਤ ਵਿੱਚ ਸਕਾਰਾਤਮਕ ਨਜ਼ਰੀਏ ਨਾਲ ਦੇਖਿਆ ਗਿਆ ਸੀ। ਇਹ ਸਮਝਿਆ ਗਿਆ ਸੀ ਕਿ ਦੋਵੇਂ ਦੇਸ਼ ਆਪਣੇ ਵਿਗੜੇ ਹੋਏ ਸਬੰਧਾਂ ਨੂੰ ਮੁੜ ਪਟੜੀ 'ਤੇ ਲਿਆਉਣ ਅਤੇ ਸੁਧਾਰਨ ਲਈ ਕੋਸ਼ਿਸ਼ਾਂ ਕਰ ਰਹੇ ਹਨ।

ਕੈਨੇਡਾ ਪਿਛਲੇ ਸਮੇਂ ਵਿੱਚ ਭਾਰਤੀ ਏਜੰਸੀਆਂ 'ਤੇ ਦੇਸ਼ ਵਿੱਚ ਕਤਲਾਂ ਦੀਆਂ ਵਾਰਦਾਤਾਂ ਲਈ ਲਾਰੈਂਸ ਬਿਸ਼ਨੋਈ ਦੇ ਨੈੱਟਵਰਕ ਦੀ ਵਰਤੋਂ ਕਰਨ ਦੇ ਦੋਸ਼ ਲਗਾ ਚੁੱਕਿਆ ਹੈ।

ਕਾਬਲੇਗੌਰ ਹੈ ਕਿ 2023 ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਖ਼ਾਲਿਸਤਾਨ ਪੱਖੀ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਭਾਰਤ-ਕੈਨੇਡਾ ਸਬੰਧਾਂ ਵਿੱਚ ਤਣਾਅ ਆ ਗਿਆ ਸੀ। ਆਰ ਸੀ ਐੱਮ ਪੀ ਸਮੇਤ ਕੈਨੇਡੀਅਨ ਅਧਿਕਾਰੀਆਂ ਨੇ ਕੈਨੇਡਾ ਵਿੱਚ ਸਿੱਖ ਵੱਖਵਾਦੀਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਹਿੰਸਾ ਅਤੇ ਜਬਰਨ ਉਗਰਾਹੀ ਵਿੱਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦਾ ਦੋਸ਼ ਲਗਾਇਆ ਸੀ।

(**ਬਾਕੀ ਸਫ਼ਾ 27 'ਤੇ**)

# ਸਾਵਧਾਨ ! ਸਿਗਰਟ ਨਾਲੋਂ ਘੱਟ ਨਹੀਂ 'ਵੇਪਿੰਗ' ਦਾ ਖ਼ਤਰਾ, ਡੀ.ਐਨ.ਏ. ਤੱਕ ਨੂੰ ਪਹੁੰਚ ਰਿਹਾ ਨੁਕਸਾਨ: ਨਵੀਂ ਖੋਜ

ਸਿਡਨੀ (ਆਸਟ੍ਰੇਲੀਆ)/ਏ.ਟੀ.ਨਿਊਜ਼: ਆਸਟ੍ਰੇਲੀਆ ਦੀ ਯੂਨੀਵਰਸਿਟੀ ਆਫ ਨਿਊ ਸਾਊਥ ਵੇਲਜ਼ ਦੇ ਖੋਜਕਰਤਾਵਾਂ ਨੇ ਇੱਕ ਵੱਡੀ ਚਿਤਾਵਨੀ ਜਾਰੀ ਕਰਦਿਆਂ ਖੁਲਾਸਾ ਕੀਤਾ ਹੈ ਕਿ ਵੇਪਿੰਗ ਸਿਗਰਟ ਪੀਣ ਜਿੰਨੀ ਹੀ ਘਾਤਕ ਹੈ ਅਤੇ ਇਹ ਸਿੱਧੇ ਤੌਰ 'ਤੇ ਮੂੰਹ ਅਤੇ ਫੇਫੜਿਆਂ ਦੇ ਕੈਂਸਰ ਦਾ ਕਾਰਨ ਬਣ ਰਹੀ ਹੈ। ਮਾਹਿਰਾਂ ਨੇ 2017 ਤੋਂ 2025 ਦੇ ਵਿਚਕਾਰ ਹੋਏ ਅਧਿਐਨਾਂ ਦੀ ਸਮੀਖਿਆ ਤੋਂ ਬਾਅਦ ਦੱਸਿਆ ਕਿ ਵੇਪਿੰਗ ਨਾਲ ਸਰੀਰ ਦੇ ਸੈੱਲਾਂ ਵਿੱਚ ਅਜਿਹੇ ਬਦਲਾਅ ਆਉਂਦੇ ਹਨ ਜੋ ਬੇਹੱਦ ਚਿੰਤਾਜਨਕ ਹਨ: ਵੇਪਿੰਗ ਯੂਜ਼ਰ ਦੇ ਡੀ.ਐੱਨ.ਏ. ਵਿੱਚ ਤਬਦੀਲੀ ਲਿਆਉਂਦੀ ਹੈ, ਜਿਸ ਨਾਲ ਸੈੱਲ ਗਲਤ ਤਰੀਕੇ ਨਾਲ ਕੰਮ ਕਰਨ ਲੱਗਦੇ ਹਨ । ਇਸ ਵਿੱਚ ਫਾਰਮਲਡੀਹਾਈਡ ਵਰਗੇ ਖ਼ਤਰਨਾਕ ਕੈਮੀਕਲ ਹੁੰਦੇ ਹਨ ਜੋ ਸਰੀਰ ਵਿੱਚ ਸੋਜਸ਼ ਪੈਦਾ ਕਰਦੇ ਹਨ।



ਖੋਜ ਵਿੱਚ ਪਾਇਆ ਗਿਆ ਹੈ ਕਿ ਉਹ ਲੋਕ ਜੋ ਰਵਾਇਤੀ ਸਿਗਰਟ ਦੇ ਨਾਲ-ਨਾਲ ਵੇਪ ਦਾ ਵੀ ਇਸਤੇਮਾਲ ਕਰਦੇ ਹਨ, ਉਨ੍ਹਾਂ ਵਿੱਚ ਫੇਫੜਿਆਂ ਦੇ ਕੈਂਸਰ ਦਾ ਖ਼ਤਰਾ 4 ਗੁਣਾ ਵੱਧ ਜਾਂਦਾ ਹੈ। ਪ੍ਰੋਫੈਸਰ ਬਰਨਾਰਡ ਸਟੀਵਰਟ ਅਨੁਸਾਰ, ਵੇਪਿੰਗ ਨੂੰ ਕਿਸੇ ਵੀ ਹਾਲਤ ਵਿੱਚ 'ਸੁਰੱਖਿਅਤ' ਨਹੀਂ ਮੰਨਿਆ ਜਾ ਸਕਦਾ।ਰਿਪੋਰਟ ਵਿੱਚ ਇੱਕ 19 ਸਾਲਾ ਨੌਜਵਾਨ ਦਾ ਮਿਸਾਲੀ ਕੇਸ ਦਿੱਤਾ ਗਿਆ ਹੈ, ਜਿਸ ਨੂੰ ਵੇਪਿੰਗ ਕਾਰਨ ਮੂੰਹ ਦਾ ਗੰਭੀਰ ਕੈਂਸਰ ਹੋ ਗਿਆ। ਮਾਹਿਰਾਂ ਦਾ ਕਹਿਣਾ ਹੈ ਕਿ ਆਮ ਤੌਰ 'ਤੇ ਇੰਨੀ ਛੋਟੀ ਉਮਰ ਵਿੱਚ ਅਜਿਹਾ ਕੈਂਸਰ ਦੇਖਣ ਨੂੰ ਨਹੀਂ ਮਿਲਦਾ, ਜੋ ਇਹ ਸਾਬਤ ਕਰਦਾ ਹੈ ਕਿ ਵੇਪ ਨੌਜਵਾਨ ਪੀੜ੍ਹੀ ਲਈ ਬੇਹੱਦ ਖ਼ਤਰਨਾਕ ਹੈ।

ਵੇਪਿੰਗ ਦੇ ਵਧਦੇ ਪ੍ਰਭਾਵ ਨੂੰ ਦੇਖਦੇ ਹੋਏ ਬ੍ਰਿਟੇਨ ਵਰਗੇ ਦੇਸ਼ਾਂ ਨੇ ਡਿਸਪੋਸੇਬਲ ਵੇਪ 'ਤੇ ਪਾਬੰਦੀ ਲਗਾਉਣ ਵਰਗੇ ਸਖ਼ਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਖੋਜਕਰਤਾਵਾਂ ਦੀ ਸਲਾਹ ਹੈ ਕਿ ਲੋਕਾਂ ਨੂੰ ਵੇਪਿੰਗ ਨੂੰ ਸਿਗਰਟ ਛੱਡਣ ਦੇ ਤਰੀਕੇ ਵਜੋਂ ਨਹੀਂ ਦੇਖਣਾ ਚਾਹੀਦਾ, ਕਿਉਂਕਿ ਇਹ ਖੁਦ ਇੱਕ ਜਾਨਲੇਵਾ ਆਦਤ ਹੈ।

# ਸਿਹਤ ਸਕੀਮਾਂ ਤਹਿਤ ਲੱਖਾਂ ਡਾਲਰਾਂ ਦਾ ਚੂਨਾ ਲਾਉਣ ਦੇ ਦੋਸ਼ਾਂ ਤਹਿਤ ਭਾਰਤੀ ਮੂਲ ਦੇ ਜੋੜੇ ਸਮੇਤ 8 ਗ੍ਰਿਫ਼ਤਾਰ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: 70 ਸਾਲਾ ਨਰਸ ਅਮੇਲੂ ਗਿੱਲ ਤੇ ਉਸ ਦੇ ਪਤੀ ਸਾਇਕਾਲੋਜਿਸਟ ਗਲੈਡਵਿਨ ਗਿੱਲ (66) ਸਮੇਤ 8 ਜਣਿਆਂ ਨੂੰ ਸਿਹਤ ਫ਼ਰਾਡ ਸਕੀਮਾਂ ਤਹਿਤ ਲੱਖਾਂ ਡਾਲਰਾਂ ਦੀ ਧੋਖਾਧੜੀ ਕਰਨ ਦੇ ਵੱਖ- ਵੱਖ ਸੰਘੀ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਜੋੜੇ ਨੂੰ ਕੈਲੀਫ਼ੋਰਨੀਆ ਦੀ ਲਾਸ ਏਂਜਲਸ ਕਾਊਂਟੀ ਦੇ ਸ਼ਹਿਰ ਕੋਵਿਨਾ ਵਿੱਚ ਉਨਾਂ ਦੇ ਘਰੋਂ ਤੜਕਸਾਰ ਗ੍ਰਿਫ਼ਤਾਰ ਕੀਤਾ ਗਿਆ ਹੈ। ਸੰਘੀ ਵਕੀਲਾਂ ਅਨੁਸਾਰ ਪਤੀ-ਪਤਨੀ ਅਨਾਹੀਮ ਵਿੱਚ ਸੇਂਟ ਫ਼ਰਾਂਸਿਸ ਪਾਲਾਟਿਵ ਕੇਅਰ ਦੇ ਮਾਲਕ ਹਨ। ਉਨਾਂ ਨੇ 52 ਲੱਖ ਡਾਲਰਾਂ ਤੋਂ ਵਧ ਦੇ ਫ਼ਰਜੀ ਦਾਅਵੇ ਕੀਤੇ ਤੇ ਜਿਨਾਂ ਲਈ ਮੈਡੀਕੇਅਰ ਵਿਵਸਥਾ ਤੇ ਹੋਰ ਬੀਮਾ ਕੰਪਨੀਆਂ ਨੇ ਅੰਦਾਜਨ 40 ਲੱਖ ਡਾਲਰਾਂ ਦੀ ਅਦਾਇਗੀ ਕੀਤੀ। ਫ਼ਸਟ ਅਸਿਸਟੈਂਟ ਯੂ ਐਸ ਅਟਰਾਨੀ ਬਿੱਲ ਐਸੇਲੀ ਨੇ ਕਿਹਾ ਕਿ ਗ੍ਰਿਫ਼ਤਾਰ ਮੁਲਜ਼ਮਾਂ ਵਿੱਚ 3 ਨਰਸਾਂ, ਇੱਕ ਕਿਰੋਪ੍ਰੈਕਟਰ ਤੇ ਇੱਕ ਸਾਇਕਾਲੋਜਿਸਟ ਸ਼ਾਮਿਲ ਹੈ ਜਿਨ੍ਹਾਂ ਨੂੰ ਵੱਖ- ਵੱਖ ਮਾਮਲਿਆਂ ਵਿੱਚ ਨਾਮਜ਼ਦ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਇਦਾਹੋ ਦੇ ਇੱਕ ਵਿਅਕਤੀ ਤੇ ਲਾਸ ਏਂਜਲਸ ਖੇਤਰ ਦੇ ਇੱਕ ਹੋਰ ਵਿਅਕਤੀ ਨੂੰ ਕਥਿੱਤ ਤੌਰ 'ਤੇ ਲੇਬਰ ਯੁਨੀਅਨ ਦੀਆਂ ਸਿਹਤ ਯੋਜਨਾਵਾਂ ਤਹਿਤ ਧੋਖਾਧੜੀ ਕਰਨ ਦੇ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

## ਅਮਰੀਕਾ ਨੂੰ ਮਹਿੰਗੀ ਪੈ ਰਹੀ ਹੈ ਇਰਾਨ ਜੰਗ

# ਤੇਲ ਅਤੇ ਗੈਸ ਦੀਆਂ ਕੀਮਤਾਂ 'ਚ ਵਾਧਾ, ਮਹਿੰਗਾਈ ਵੀ ਵਧੀ

ਵਾਸ਼ਿੰਗਟਨ/ਏ.ਟੀ.ਨਿਊਜ਼: ਇਰਾਨ ਵਿਰੁੱਧ ਜੰਗ ਦਾ ਅਸਰ ਹੁਣ ਅਮਰੀਕੀਆਂ 'ਤੇ ਪੈਣਾ ਸ਼ੁਰੂ ਹੋ ਗਿਆ ਹੈ, ਜਿਸ ਕਾਰਨ ਐਮਾਜ਼ਾਨ ਨੇ ਆਪਣੀ ਈ-ਕਾਮਰਸ ਡਿਲੀਵਰੀ 'ਤੇ ਫਿਊਲ ਸਰਚਾਰਜ ਲਗਾਉਣ ਦਾ ਐਲਾਨ ਕੀਤਾ ਹੈ ਅਤੇ ਕੁਝ ਏਅਰਲਾਈਨਾਂ ਨੇ ਵਧਦੀਆਂ ਤੇਲ ਕੀਮਤਾਂ ਦੀ ਭਰਪਾਈ ਲਈ ਚੈੱਕ-ਇਨ ਬੈਗੇਜ ਦੀਆਂ ਫੀਸਾਂ ਵਧਾ ਦਿੱਤੀਆਂ ਹਨ। ਅਮਰੀਕਾ ਵਿੱਚ ਪੈਟਰੋਲ ਦੀ ਔਸਤ ਕੀਮਤ 4.09 ਡਾਲਰ ਪ੍ਰਤੀ ਗੈਲਨ ਤੱਕ ਪਹੁੰਚ ਗਈ ਹੈ, ਜੋ ਜੰਗ ਤੋਂ ਠੀਕ ਪਹਿਲਾਂ ਦੇ ਮੁਕਾਬਲੇ ਇੱਕ ਡਾਲਰ ਤੋਂ ਵੱਧ ਵਧੀ ਹੈ ਅਤੇ ਅਗਸਤ 2022 ਤੋਂ ਬਾਅਦ ਦਾ ਸਭ ਤੋਂ ਉੱਚਾ ਪੱਧਰ ਹੈ। ਅਮਰੀਕਨ ਆਟੋਮੋਬਾਈਲ ਐਸੋਸੀਏਸ਼ਨ ਦੇ ਅੰਕੜਿਆਂ ਅਨੁਸਾਰ, ਡੀਜ਼ਲ ਦੀ ਕੀਮਤ ਇੱਕ ਸਾਲ ਪਹਿਲਾਂ ਦੇ 3.64 ਡਾਲਰ ਪ੍ਰਤੀ ਗੈਲਨ ਤੋਂ ਤੇਜ਼ੀ ਨਾਲ ਵਧ ਕੇ 5.53 ਡਾਲਰ ਪ੍ਰਤੀ ਗੈਲਨ ਹੋ ਗਈ ਹੈ। ਡੀਜ਼ਲ ਦੀ ਵਰਤੋਂ ਖੇਤੀਬਾੜੀ, ਉਸਾਰੀ ਅਤੇ ਆਵਾਜਾਈ ਦੇ ਨਾਲ-ਨਾਲ ਹੋਰ ਉਦਯੋਗਾਂ ਵਿੱਚ ਵੱਡੇ ਪੱਧਰ 'ਤੇ ਕੀਤੀ ਜਾਂਦੀ ਹੈ। ਈ-ਕਾਮਰਸ ਦਿੱਗਜ ਐਮਾਜ਼ਾਨ ਨੇ ਇਹ ਵੀ ਕਿਹਾ ਹੈ ਕਿ ਉਹ 17 ਅਪ੍ਰੈਲ ਤੋਂ ਥਰਡ-ਪਾਰਟੀ ਵਿਕਰੇਤਾਵਾਂ 'ਤੇ 3.5 ਫ਼ੀਸਦੀ ਫ਼ਿਊਲ ਸਰਚਾਰਜ ਲਗਾਉਣ ਦੀ ਯੋਜਨਾ ਬਣਾ ਰਿਹਾ ਹੈ। ਅਮਰੀਕੀ ਡਾਕ ਸੇਵਾ ਨੇ ਕਿਹਾ ਕਿ ਉਹ ਵਧਦੀਆਂ ਆਵਾਜਾਈ ਲਾਗਤਾਂ ਨਾਲ ਨਜਿੱਠਣ ਲਈ ਪੈਕੇਜ ਅਤੇ ਐਕਸਪ੍ਰੈਸ ਮੇਲ ਡਿਲਵਰੀ 'ਤੇ ਅਸਥਾਈ ਤੌਰ 'ਤੇ ਅੱਠ ਫ਼ੀਸਦੀ ਫ਼ਿਊਲ ਸਰਚਾਰਜ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਜੇਕਰ ਪੋਸਟਲ ਰੈਗੂਲੇਟਰੀ ਕਮਿਸ਼ਨ ਵੱਲੋਂ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਇਹ ਸਰਚਾਰਜ 26 ਅਪ੍ਰੈਲ ਤੋਂ ਲਾਗੂ ਹੋਵੇਗਾ ਅਤੇ 17 ਜਨਵਰੀ 2027 ਤੱਕ ਲਾਗੂ ਰਹੇਗਾ। ਜੇਕਰ ਇਰਾਨ ਵਿਰੁੱਧ ਜੰਗ ਲੰਬੀ ਖਿੱਚੀ ਜਾਂਦੀ ਹੈ, ਤਾਂ ਇਸ ਨਾਲ ਅਮਰੀਕਾ ਵਿੱਚ ਸਪਲਾਈ ਚੇਨ ਵੀ ਪ੍ਰਭਾਵਿਤ ਹੋਵੇਗੀ। ਨਿਊਯਾਰਕ ਸਥਿਤ ਵਿਸ਼ਲੇਸ਼ਕ ਰੇਚਲ ਜ਼ੀਮਬਾ ਅਨੁਸਾਰ, ਅਮਰੀਕਾ ਇਸ ਤੋਂ ਬਚ ਨਹੀਂ ਸਕੇਗਾ ਕਿਉਂਕਿ ਇਹ ਗਲੋਬਲ ਬਾਜ਼ਾਰ ਹਨ ਅਤੇ ਮਾਹਰ ਹੁਣ ਪਹਿਲਾਂ ਨਾਲੋਂ ਜ਼ਿਆਦਾ ਚਿੰਤਤ ਹਨ।



ਸ਼ਿਕਾਗੋ ਦੇ ਫੈਡਰਲ ਰਿਜ਼ਰਵ ਬੈਂਕ ਦੇ ਪ੍ਰਧਾਨ ਆਸਟਨ ਗੂਲਸਬੀ ਨੇ ਕਿਹਾ ਕਿ ਜੇਕਰ ਆਵਾਜਾਈ ਦੇ ਖਰਚੇ ਵਧਦੇ ਹਨ, ਤਾਂ

(**ਬਾਕੀ ਸਫ਼ਾ 27 'ਤੇ**)

## ਟਰੰਪ ਦੀ ਗਲਤੀ ਦਾ ਖਮਿਆਜ਼ਾ ਭੁਗਤੇਗਾ ਵਿਸ਼ਵ

# ਇਰਾਨ 'ਹੋਰਮੁਜ਼ ਜਲਡਮਰੂ' 'ਤੇ ਵਸੂਲੇਗਾ ਟੋਲ ਟੈਕਸ

## ਤਿੰਨ ਸਾਲਾਂ ਵਿੱਚ ਹੋਵੇਗੀ 500 ਬਿਲੀਅਨ ਡਾਲਰ ਦੀ ਕਮਾਈ

**ਹੋਰਮੁਜ਼ ਸਟ੍ਰੇਟ ਦੁਨੀਆ ਦਾ ਸਭ ਤੋਂ ਅਹਿਮ ਸਮੁੰਦਰੀ ਰਸਤਾ ਹੈ, ਕਿਉਂਕਿ ਦੁਨੀਆ ਦੇ ਕੁੱਲ ਤੇਲ ਵਪਾਰ ਦਾ ਲਗਭਗ 25% ਹਿੱਸਾ ਇਸੇ ਰਸਤੇ ਰਾਹੀਂ ਹੁੰਦਾ ਹੈ। ਦੁਨੀਆ ਦੀ 20% ਤਰਲ ਕੁਦਰਤੀ ਗੈਸ ਦੀ ਸਪਲਾਈ ਇੱਥੋਂ ਹੀ ਗੁਜ਼ਰਦੀ ਹੈ। ਇਹ ਫਾਰਸ ਦੀ ਖਾੜੀ ਨੂੰ ਓਮਾਨ ਦੀ ਖਾੜੀ ਅਤੇ ਅਰਬ ਸਾਗਰ ਨਾਲ ਜੋੜਦਾ ਹੈ।**




ਇਰਾਨ ਅਤੇ ਅਮਰੀਕਾ ਵਿਚਾਲੇ ਚੱਲ ਰਹੀ ਜੰਗ ਹੁਣ ਇੱਕ ਅਜਿਹੇ ਮੋੜ 'ਤੇ ਪਹੁੰਚ ਗਈ ਹੈ ਜਿੱਥੇ ਪੂਰੀ ਦੁਨੀਆ ਦੀ ਆਰਥਿਕਤਾ ਦਾਅ 'ਤੇ ਲੱਗੀ ਹੋਈ ਹੈ। ਵਿਵਾਦ ਦਾ ਕੇਂਦਰ ਬਣਿਆ ਹੋਇਆ ਹੈ ਹੋਰਮੁਜ਼ ਸਟ੍ਰੇਟ, ਜਿਸ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਇਰਾਨ ਦੀ ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕਾਰਪਸ ਆਹਮੋ-ਸਾਹਮਣੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਨੂੰ ਸਿੱਧੀ ਚਿਤਾਵਨੀ ਦਿੱਤੀ ਹੈ ਕਿ ਜੇਕਰ ਹੋਰਮੁਜ਼ ਜਲਡਮਰੂਮੱਧ ਨੂੰ ਜਲਦੀ ਨਾ ਖੋਲ੍ਹਿਆ ਗਿਆ ਤਾਂ ਅਮਰੀਕਾ ਇਰਾਨ ਦੇ ਪਾਵਰ ਪਲਾਂਟਾਂ 'ਤੇ ਭਿਆਨਕ ਹਮਲੇ ਕਰਕੇ ਉਸ ਨੂੰ ਤਬਾਹ ਕਰ ਦੇਵੇਗਾ। ਅਮਰੀਕਾ ਦਾ ਕਹਿਣਾ ਹੈ ਕਿ ਇਸ ਰਸਤੇ ਦੇ ਬੰਦ ਹੋਣ ਕਾਰਨ ਦੁਨੀਆ ਭਰ ਵਿੱਚ ਊਰਜਾ ਦੀ ਸਪਲਾਈ ਠੱਪ ਹੋ ਰਹੀ ਹੈ।

ਦੂਜੇ ਪਾਸੇ, ਇਰਾਨ ਨੇ ਟਰੰਪ ਦੀਆਂ ਧਮਕੀਆਂ ਨੂੰ ਨਜ਼ਰਅੰਦਾਜ਼ ਕਰਦਿਆਂ ਇੱਕ ਵੱਡਾ ਐਲਾਨ ਕੀਤਾ ਹੈ। ਆਈਆਰਜੀਸੀ ਨੇ ਕਿਹਾ ਹੈ ਕਿ 28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਕੀਤੇ ਗਏ ਹਮਲਿਆਂ ਤੋਂ ਬਾਅਦ ਹਾਲਾਤ ਹਮੇਸ਼ਾ ਲਈ ਬਦਲ ਗਏ ਹਨ। ਇਰਾਨ ਹੁਣ 'ਨਿਊ ਗਲਫ ਆਰਡਰ' ਲਾਗੂ ਕਰਨ ਦੀ ਤਿਆਰੀ ਵਿੱਚ ਹੈ। ਹੁਣ ਹੋਰਮੁਜ਼ ਸਟ੍ਰੇਟ ਤੋਂ ਗੁਜ਼ਰਨ ਵਾਲੇ ਜਹਾਜ਼ਾਂ ਨੂੰ ਮੁਫ਼ਤ ਲੰਘਣ ਦੀ ਇਜਾਜ਼ਤ ਨਹੀਂ ਹੋਵੇਗੀ, ਬਲਕਿ ਉਨ੍ਹਾਂ ਕੋਲੋਂ ਟੈਕਸ ਵਸੂਲਿਆ ਜਾਵੇਗਾ। ਇਸ ਰਸਤੇ ਨੂੰ ਅਮਰੀਕਾ ਅਤੇ ਇਜ਼ਰਾਇਲ ਦੇ ਜਹਾਜ਼ਾਂ ਲਈ ਪੂਰੀ ਤਰ੍ਹਾਂ ਬੰਦ ਰੱਖਣ ਦੀ ਯੋਜਨਾ ਹੈ। ਇਰਾਨੀ ਸੰਸਦ ਵਿੱਚ ਅਜਿਹਾ ਮਤਾ ਲਿਆਂਦਾ ਜਾ ਰਿਹਾ ਹੈ ਜਿਸ ਤਹਿਤ ਲੰਘਣ ਵਾਲੇ ਜਹਾਜ਼ਾਂ ਨੂੰ ਫੀਸ ਇਰਾਨੀ ਮੁਦਰਾ ਵਿੱਚ ਦੇਣੀ ਪਵੇਗੀ। ਆਈਆਰਜੀਸੀ ਨੇਵੀ ਕਮਾਂਡ ਦਾ ਕਹਿਣਾ ਹੈ ਕਿਹੋਰਮੁਜ਼ ਜਲਡਮਰੂਮੱਧ ਹੁਣ ਕਦੇ ਵੀ ਆਪਣੀ ਪੁਰਾਣੀ ਸਥਿਤੀ ਵਿੱਚ ਵਾਪਸ ਨਹੀਂ ਆਵੇਗਾ। ਅਸੀਂ ਇੱਕ ਨਵੀਂ ਖੇਤਰੀ ਵਿਵਸਥਾ ਦੇ ਅੰਤਿਮ ਪੜਾਅ ਵਿੱਚ ਹਾਂ।

ਇਰਾਨ ਵੱਲੋਂ ਰਸਤਾ ਰੋਕਣ ਕਾਰਨ ਖਾਸ ਕਰਕੇ ਦੱਖਣੀ ਏਸ਼ੀਆਈ ਦੇਸ਼ਾਂ ਵਿੱਚ ਊਰਜਾ ਸੰਕਟ ਡੂੰਘਾ ਹੋ ਗਿਆ ਹੈ। ਤੇਲ ਅਤੇ ਗੈਸ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਸਕਦੀਆਂ ਹਨ। ਜੇਕਰ ਟਰੰਪ ਆਪਣੀ ਧਮਕੀ ਮੁਤਾਬਕ ਈਰਾਨ ਦੇ ਬਿਜਲੀ ਘਰਾਂ 'ਤੇ ਹਮਲਾ ਕਰਦੇ ਹਨ, ਤਾਂ ਇਹ ਵਿਵਾਦ ਇੱਕ ਪੂਰਨ ਖੇਤਰੀ ਜੰਗ ਦਾ ਰੂਪ ਲੈ ਸਕਦਾ ਹੈ, ਜਿਸ ਨਾਲ ਪੂਰੀ ਦੁਨੀਆ ਦੀ ਸਪਲਾਈ ਚੇਨ ਤਬਾਹ ਹੋ ਸਕਦੀ ਹੈ।

### ਜੰਗ ਰੁਕਣ 'ਤੇ ਵੀ ਇਰਾਨ ਹੋਰਮੁਜ਼ ਨਹੀਂ ਛੱਡੇਗਾ - ਰਿਪੋਰਟ

ਅਮਰੀਕੀ ਖੁਫੀਆ ਰਿਪੋਰਟ ਦੇ ਅਨੁਸਾਰ, ਜੇਕਰ ਹੋਰਮੁਜ਼ ਜਲਡਮਰੂ ਲੰਬੇ ਸਮੇਂ ਤੱਕ ਬੰਦ ਰਹਿੰਦਾ ਹੈ, ਤਾਂ ਇਸਦਾ ਵਿਸ਼ਵ ਤੇਲ ਅਤੇ ਗੈਸ ਬਾਜ਼ਾਰ 'ਤੇ ਸਿੱਧਾ ਅਤੇ ਗੰਭੀਰ ਪ੍ਰਭਾਵ ਪਵੇਗਾ। ਇਸ ਲਈ ਇਰਾਨ ਤੇਲ ਅਤੇ ਗੈਸ ਦੀਆਂ ਉੱਚ ਕੀਮਤਾਂ ਨੂੰ ਬਣਾਈ ਰੱਖਣ ਲਈ ਜਾਣਬੁੱਝ ਕੇ ਇਸ ਰਸਤੇ ਨੂੰ ਰੋਕ ਰਿਹਾ ਹੈ। ਇਸ ਨਾਲ ਟਰੰਪ 'ਤੇ ਦਬਾਅ ਵਧੇਗਾ ਅਤੇ ਉਸਨੂੰ ਯੁੱਧ ਖਤਮ ਕਰਨ ਲਈ ਮਜਬੂਰ ਕੀਤਾ ਜਾਵੇਗਾ। ਇਸ ਤਰ੍ਹਾਂ, ਇਰਾਨ ਹੋਰਮੁਜ਼ ਜਲਡਮਰੂ ਨੂੰ ਇੱਕ ਰਣਨੀਤਕ ਹਥਿਆਰ ਵਜੋਂ ਵਰਤ ਰਿਹਾ ਹੈ।

ਇਹ ਯੁੱਧ ਦੌਰਾਨ ਹੈ ਪਰ ਇਹ ਚਿੰਤਾਜਨਕ ਹੈ ਕਿ ਅਮਰੀਕੀ ਖੁਫ਼ੀਆ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਯੁੱਧ ਤੋਂ ਬਾਅਦ ਵੀ, ਇਰਾਨ ਹੋਰਮੁਜ਼ ਜਲਡਮਰੂ ਰਾਹੀਂ ਜਹਾਜ਼ਾਂ ਦੀ ਆਵਾਜਾਈ ਨੂੰ ਕੰਟਰੋਲ ਕਰੇਗਾ। ਇਸਦਾ ਮਤਲਬ ਹੈ ਕਿ ਜਹਾਜ਼ ਸੁਤੰਤਰ ਤੌਰ 'ਤੇ ਘੁੰਮ ਨਹੀਂ ਸਕਣਗੇ। ਇਰਾਨ ਕਿਸੇ ਵੀ ਜਹਾਜ਼ ਨੂੰ ਜਿਸ ਵਿੱਚੋਂ ਲੰਘਣਾ ਚਾਹੁੰਦਾ ਹੈ, ਉਸ ਨੂੰ ਲੰਘਣ ਦੀ ਇਜਾਜ਼ਤ ਦੇਵੇਗਾ। ਇਰਾਨ ਦੇ ਦੁਸ਼ਮਣਾਂ ਨਾਲ ਸਬੰਧਿਤ ਜਹਾਜ਼ਾਂ ਨੂੰ ਲੰਘਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਰਾਨ ਲੰਘਣ ਵਾਲੇ ਜਹਾਜ਼ਾਂ 'ਤੇ ਟੋਲ ਟੈਕਸ ਵੀ ਵਸੂਲ ਕਰੇਗਾ।

### 3 ਸਾਲਾਂ ਵਿੱਚ 500 ਬਿਲੀਅਨ ਡਾਲਰ ਕਮਾਉਣ ਦੀ ਯੋਜਨਾ

ਇਰਾਨ ਅਗਲੇ ਤਿੰਨ ਸਾਲਾਂ ਵਿੱਚ ਹੋਰਮੁਜ਼ ਜਲਡਮਰੂ ਰਾਹੀਂ 500 ਬਿਲੀਅਨ ਡਾਲਰ ਤੋਂ ਵੱਧ ਕਮਾਉਣ ਦੀ ਤਿਆਰੀ ਕਰ ਰਿਹਾ ਹੈ। ਟੋਲ ਟੈਕਸਾਂ ਤੋਂ ਇਲਾਵਾ, ਇਹ ਖਾੜੀ ਦੇਸ਼ਾਂ ਦੇ ਮੁਨਾਫ਼ੇ ਦਾ ਹਿੱਸਾ ਵੀ ਮੰਗੇਗਾ। ਹੋਰਮੁਜ਼ ਜਲਡਮਰੂ 'ਤੇ ਕੰਟਰੋਲ ਇਰਾਨ ਲਈ ਦੋ ਵੱਡੇ ਟੀਚੇ ਪ੍ਰਾਪਤ ਕਰੇਗਾ। ਪਹਿਲਾ, ਇਹ ਇਸ ਪੈਸੇ ਦੀ ਵਰਤੋਂ ਯੁੱਧ ਤੋਂ ਬਾਅਦ ਇਰਾਨ ਨੂੰ ਦੁਬਾਰਾ ਬਣਾਉਣ ਲਈ ਕਰੇਗਾ।

ਇਸਦਾ ਦੂਜਾ ਟੀਚਾ ਅਮਰੀਕਾ ਨੂੰ ਭਵਿੱਖ ਦੇ ਖਤਰਿਆਂ ਬਾਰੇ ਚੇਤਾਵਨੀ ਦੇਣਾ ਹੈ। ਭਵਿੱਖ ਵਿੱਚ ਇਰਾਨ 'ਤੇ ਹਮਲਾ ਕਰਨ ਤੋਂ ਪਹਿਲਾਂ, ਅਮਰੀਕਾ ਵਿਚਾਰ ਕਰੇਗਾ ਕਿ ਹੋਰਮੁਜ਼ ਜਲਡਮਰੂ ਦੁਬਾਰਾ ਬੰਦ ਹੋ ਜਾਵੇਗਾ। ਇਹ ਇਰਾਨ ਦੀ ਹੋਰ ਹਮਲਿਆਂ ਤੋਂ ਸੁਰੱਖਿਆ ਦੀ ਗਰੰਟੀ ਦੇਵੇਗਾ।

ਹੋਰਮੁਜ਼ ਜਲਡਮਰੂ ਤੋਂ ਇਹ ਅਜਿਹੇ ਫਾਇਦੇ ਹਨ ਜਿਨ੍ਹਾਂ ਬਾਰੇ ਇਰਾਨ ਵੀ ਸ਼ਾਇਦ ਅਣਜਾਣ ਸੀ। ਪਰ ਯੁੱਧ ਤੋਂ ਬਾਅਦ, ਜਦੋਂ ਕੱਚੇ ਤੇਲ ਅਤੇ ਗੈਸ ਦਾ ਵਿਸ਼ਵਵਿਆਪੀ ਸੰਕਟ ਪੈਦਾ ਹੋਇਆ ਅਤੇ ਟਰੰਪ 'ਤੇ ਦਬਾਅ ਵਧਿਆ, ਤਾਂ ਉਸਨੂੰ ਹੋਰਮੁਜ਼ ਜਲਡਮਰੂ ਦੀ ਮਹੱਤਤਾ ਦਾ ਅਹਿਸਾਸ ਹੋਇਆ।

### ਇਰਾਨ ਜਹਾਜ਼ਾਂ ਤੋਂ ਸਥਾਈ ਟੋਲ ਵਸੂਲ ਕਰੇਗਾ

ਇਹ ਇਰਾਨੀ ਯੋਜਨਾ ਪੂਰੀ ਦੁਨੀਆ ਲਈ ਨੁਕਸਾਨਦੇਹ ਹੈ। ਇਰਾਨ ਦੀ ਟੋਲ ਵਸੂਲੀ ਕੱਚੇ ਤੇਲ ਦੀ ਕੀਮਤ ਵਧਾਏਗੀ। ਅੰਤ ਵਿੱਚ, ਆਮ ਲੋਕਾਂ ਨੂੰ ਇਸਦੀ ਕੀਮਤ ਝੱਲਣੀ ਪਵੇਗੀ। ਭਾਰਤ ਦੇ ਕੱਚੇ ਤੇਲ ਦਾ ਲਗਭਗ 40% ਇਸ ਰਸਤੇ ਰਾਹੀਂ ਆਉਂਦਾਹੈ। ਨਤੀਜੇ ਵਜੋਂ, ਟੋਲ ਭਾਰਤ ਦੇ ਤੇਲ ਆਯਾਤ ਨੂੰ ਵੀ ਵਧਾਏਗਾ। ਟਰੰਪ ਅਤੇ ਨੇਤਨਯਾਹੂ ਨੇ ਯੁੱਧ ਸ਼ੁਰੂ ਕਰਨ ਦਾ ਫੈਸਲਾ ਕੀਤਾ, ਪਰ ਪੂਰੀ ਦੁਨੀਆ ਟੋਲ ਦੇ ਰੂਪ ਵਿੱਚ ਇਸਦਾ ਖਮਿਆਜ਼ਾ ਭੁਗਤੇਗੀ, ਥੋੜ੍ਹੇ ਸਮੇਂ ਲਈ ਨਹੀਂ ਸਗੋਂ ਸਥਾਈ ਤੌਰ 'ਤੇ।

ਇਰਾਨ ਨੇ ਆਪਣੀ ਸੰਸਦ ਵਿੱਚ ਟੋਲ ਵਸੂਲਣ ਲਈ ਇੱਕ ਬਿੱਲ ਵੀ ਪਾਸ ਕੀਤਾ ਹੈ, ਪਰ ਇਹ ਸੰਯੁਕਤ ਰਾਸ਼ਟਰ ਦੇ ਨਿਯਮਾਂ ਦੇ ਵਿਰੁੱਧ ਹੈ। ਸਮੁੰਦਰੀ ਆਵਾਜਾਈ 'ਤੇ ਸੰਯੁਕਤ ਰਾਸ਼ਟਰ ਦੇ ਨਿਯਮਾਂ ਅਨੁਸਾਰ, ਹੋਰਮੁਜ਼ ਜਲਡਮਰੂ ਵਿੱਚੋਂ ਲੰਘਣ ਵਾਲੇ ਜਹਾਜ਼ਾਂ 'ਤੇ ਟੋਲ ਵਸੂਲਣਾ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਹੈ।

ਕੁਝ ਲੋਕ ਸੁਏਜ਼ ਨਹਿਰ ਅਤੇ ਪਨਾਮਾ ਨਹਿਰ ਵਿੱਚੋਂ ਲੰਘਣ ਵਾਲੇ ਜਹਾਜ਼ਾਂ 'ਤੇ ਟੋਲ ਵਸੂਲਣ ਦੀ ਉਦਾਹਰਣ ਦਿੰਦੇ ਹਨ। ਪਰ ਉਹ ਹੋਰਮੁਜ਼ ਜਲਡਮਰੂ ਦੇ ਮਾਮਲੇ ਵਿੱਚ ਵੱਖਰੇ ਹਨ। ਸੁਏਜ਼ ਨਹਿਰ ਅਤੇ ਪਨਾਮਾ ਨਹਿਰ ਮਨੁੱਖ ਦੁਆਰਾ ਬਣਾਈਆਂ ਗਈਆਂ ਹਨ, ਇਸ ਲਈ ਉਨ੍ਹਾਂ 'ਤੇ ਟੋਲ ਵਸੂਲਿਆ ਜਾ ਸਕਦਾ ਹੈ, ਪਰ ਹੋਰਮੁਜ਼ ਜਲਡਮਰੂ ਇੱਕ ਕੁਦਰਤੀ ਜਲਡਮਰੂ ਹੈ, ਇਸ ਲਈ ਟੋਲ ਵਸੂਲਣਾ ਨਿਯਮਾਂ ਦੇ ਵਿਰੁੱਧ ਹੈ। ਹਾਲਾਂਕਿ, ਟਰੰਪ ਦੇ ਜਲਦਬਾਜ਼ੀ ਵਾਲੇ ਫੈਸਲੇ ਨੇ ਪੂਰੀ ਦੁਨੀਆ ਲਈ ਸਮੱਸਿਆਵਾਂ ਪੈਦਾ ਕੀਤੀਆਂ ਹਨ।

### ਬਾਬ ਅਲ-ਮੰਡੇਬ ਨੂੰ ਵੀ ਬੰਦ ਕਰਨ ਦੇ ਸੰਕੇਤ

ਹੋਰਮੂਜ਼ ਜਲਡਮਰੂ ਵਿੱਚ ਆਪਣੀ ਸਫਲਤਾ ਤੋਂ ਬਾਅਦ, ਇਰਾਨ ਦੇ ਹੌਂਸਲੇ ਬੁਲੰਦ ਹਨ। ਹੁਣ, ਇਰਾਨ ਨੇ ਇੱਕ ਹੋਰ ਮਹੱਤਵਪੂਰਨ ਸਮੁੰਦਰੀ ਰਸਤਾ, ਬਾਬ ਅਲ-ਮੰਡੇਬ ਨੂੰ ਬੰਦ ਕਰਨ ਦਾ ਸੰਕੇਤ ਦਿੱਤਾ ਹੈ। ਇਰਾਨੀ ਸੰਸਦ ਦੇ ਸਪੀਕਰ ਬਾਘੇਰ ਗਾਲਿਬਾਫ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਇੱਕ ਸਵਾਲ ਰਾਹੀਂ ਇਸ ਵੱਲ ਇਸ਼ਾਰਾ ਕੀਤਾ।

ਗਾਲਿਬਾਫ ਨੇ ਪੁੱਛਿਆ, 'ਦੁਨੀਆ ਦਾ ਤੇਲ, ਗੈਸ, ਕਣਕ, ਚੌਲ ਅਤੇ ਖਾਦ ਦਾ ਕਿੰਨਾ ਹਿੱਸਾ ਬਾਬ ਅਲ-ਮੰਡੇਬ ਵਿੱਚੋਂ ਲੰਘਦਾ ਹੈ?' ਉਸਨੇ ਫਿਰ ਪੁੱਛਿਆ, 'ਕਿਹੜੇ ਦੇਸ਼ ਅਤੇ ਕੰਪਨੀਆਂ ਇਸ ਰਸਤੇ 'ਤੇ ਸਭ ਤੋਂ ਵੱਧ ਨਿਰਭਰ ਹਨ?' ਗਾਲਿਬਾਫ ਸੰਭਾਵਤ ਤੌਰ 'ਤੇ ਜਵਾਬ ਜਾਣਦਾ ਹੈ, ਪਰ ਅਜਿਹੇ ਸਵਾਲਾਂ ਰਾਹੀਂ, ਉਹ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਇਰਾਨ ਹੁਣ ਵਿਸ਼ਵਵਿਆਪੀ ਸਪਲਾਈ ਦੇ ਇੱਕ ਹੋਰ ਸਰੋਤ ਨੂੰ ਕੱਟਣ ਲਈ ਤਿਆਰ ਹੈ।

ਇਹ ਧਿਆਨ ਦੇਣ ਯੋਗ ਹੈ ਕਿ ਬਾਬ ਅਲ-ਮੰਡੇਬ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਸ਼ਿਪਿੰਗ ਰਸਤਾ ਹੈ। ਦੁਨੀਆ ਦੇ ਸਮੁੰਦਰੀ ਤੇਲ ਵਪਾਰ ਦਾ 12% ਇਸ ਵਿੱਚੋਂ ਲੰਘਦਾ ਹੈ। ਇਸ ਤੋਂ ਇਲਾਵਾ, ਦੁਨੀਆ ਦੇ ਕੁੱਲ ਵਪਾਰ ਦਾ 10-12% ਇਸ ਰਸਤੇ ਰਾਹੀਂ ਹੁੰਦਾ ਹੈ। ਜੇਕਰ ਹੋਰਮੁਜ਼ ਜਲਡਮਰੂ ਨੂੰ ਬਾਬ ਅਲ-ਮੰਡੇਬ ਨਾਲ ਜੋੜ ਦਿੱਤਾ ਜਾਂਦਾ ਹੈ, ਤਾਂ ਲਗਭਗ ਇੱਕ ਤਿਹਾਈ ਤੇਲ ਆਵਾਜਾਈ ਵਿਘਨ ਪਵੇਗੀ। ਇਸ ਨਾਲ ਤੇਲ ਦੀਆਂ ਕੀਮਤਾਂ ਹੋਰ ਵਧ ਜਾਣਗੀਆਂ।

### 6 ਅਰਬ ਲੋਕਾਂ 'ਤੇ ਨਾਕਾਬੰਦੀ ਦਾ ਪ੍ਰਭਾਵ

ਹਾਲਾਂਕਿ, ਟਰੰਪ ਨੂੰ ਭਰੋਸਾ ਹੈ ਕਿ ਉਹ ਧਮਕੀਆਂ ਦੇ ਕੇ ਹੋਰਮੁਜ਼ ਜਲਡਮਰੂ ਨੂੰ ਖੋਲ੍ਹਣ ਲਈ ਮਜਬੂਰ ਕਰ ਸਕਦੇ ਹਨ। ਅੱਜ, ਟਰੰਪ ਨੇ ਇੱਕ ਵਾਰ ਫਿਰ ਇਰਾਨ ਨੂੰ ਸਮਝੌਤਾ ਕਰਨ ਜਾਂ ਹੋਰਮੁਜ਼ ਜਲਡਮਰੂ ਨੂੰ ਖੋਲ੍ਹਣ ਲਈ ਯਾਦ ਦਿਵਾਇਆ। ਟਰੰਪ ਨੇ ਕਿਹਾ ਕਿ ਉਸਦੀ ਸਮਾਂ ਸੀਮਾ ਤੱਕ ਸਿਰਫ 48 ਘੰਟੇ ਬਾਕੀ ਹਨ। ਜੇਕਰ ਅਜਿਹਾ ਨਹੀਂ ਹੁੰਦਾ ਹੈ, ਤਾਂ ਇਰਾਨ ਨੂੰ ਨਤੀਜਿਆਂ ਲਈ ਤਿਆਰ ਰਹਿਣਾ ਚਾਹੀਦਾ ਹੈ। ਟਰੰਪ ਸੰਕੇਤ ਦੇ ਰਿਹਾ ਹੈ ਕਿ ਉਸਦਾ ਸਬਰ ਖਤਮ ਹੋ ਰਿਹਾ ਹੈ। ਇੱਕ ਵਾਰ ਜਦੋਂ 6 ਅਪ੍ਰੈਲ ਨੂੰ ਸਮਾਂ ਸੀਮਾ ਖਤਮ ਹੋ ਜਾਂਦੀ ਹੈ, ਤਾਂ ਅਮਰੀਕੀ ਹਮਲੇ ਤੇਜ਼ੀ ਨਾਲ ਵਧਣਗੇ।

ਹੋਰਮੁਜ਼ ਦੀ ਨਾਕਾਬੰਦੀ ਦੁਨੀਆ ਭਰ ਵਿੱਚ ਲਗਭਗ 6 ਅਰਬ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਏਸ਼ੀਆ, ਯੂਰਪ, ਅਮਰੀਕਾ ਅਤੇ ਆਸਟ੍ਰੇਲੀਆ ਵਰਗੇ ਮਹਾਂਦੀਪ ਤੇਲ ਅਤੇ ਗੈਸ ਦੀ ਕਮੀ ਨਾਲ ਜੂਝ ਰਹੇ ਹਨ। ਗੈਸ ਦੀਆਂ ਕੀਮਤਾਂ ਵਿੱਚ 70% ਤੱਕ ਵਾਧਾ ਅਤੇ ਸਪਲਾਈ ਵਿੱਚ ਵਿਘਨ ਪੈਣ ਨਾਲ, ਯੂਰਪੀਅਨ ਦੇਸ਼ ਹੁਣ ਊਰਜਾ ਤਾਲਾਬੰਦੀ ਵੱਲ ਵਧ ਰਹੇ ਹਨ।

ਯੂਰਪੀਅਨ ਕਮਿਸ਼ਨ ਨੇ ਲੋਕਾਂ ਨੂੰ ਘਰੋਂ ਕੰਮ ਕਰਨ ਅਤੇ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਹੈ ਜਦੋਂ ਤੱਕ ਕਿ ਬਿਲਕੁਲ ਜ਼ਰੂਰੀ ਨਾ ਹੋਵੇ। ਇਸ ਜੰਗ ਦੁਆਰਾ ਪੈਦਾ ਹੋਈ ਸਥਿਤੀ ਦੀ ਕਲਪਨਾ ਕਰੋ, ਜਿਵੇਂ ਕਿ ਕੋਵਿਡ ਲੌਕਡਾਊਨ ਦੌਰਾਨ ਚੁੱਕੇ ਗਏ ਉਪਾਵਾਂ। ਇਹ ਸਥਿਤੀ ਬਣਨ ਵਿੱਚ 36 ਦਿਨ ਲੱਗ ਗਏ ਹਨ, ਜਦੋਂ ਕਿ ਟਰੰਪ ਨੇ ਹੁਣੇ ਹੀ ਕਿਹਾ ਹੈ ਕਿ ਯੁੱਧ ਤਿੰਨ ਹੋਰ ਹਫ਼ਤਿਆਂ ਤੱਕ ਜਾਰੀ ਰਹੇਗਾ। ਉਸ ਸਮੇਂ ਤੱਕ, ਲੌਕਡਾਊਨ ਵਰਗੀ ਸਥਿਤੀ ਸੱਚਮੁੱਚ ਉੱਭਰ ਆਵੇਗੀ।

### ਜਾਰਜੀਆ ਮੇਲੋਨੀ ਖਾੜੀ ਦੇਸ਼ਾਂ ਦੇ ਦੌਰੇ 'ਤੇ

ਊਰਜਾ ਸੰਕਟ ਕਾਰਨ, ਯੂਰਪੀ ਦੇਸ਼ ਪਰਮਾਣੂ ਊਰਜਾ ਵੱਲ ਵਾਪਸ ਆ ਰਹੇ ਹਨ। 1990 ਦੇ ਦਹਾਕੇ ਵਿੱਚ, ਜਰਮਨੀ ਅਤੇ ਇਟਲੀ ਵਰਗੇ ਦੇਸ਼ਾਂ ਨੇ ਪਰਮਾਣੂ ਊਰਜਾ ਨੂੰ ਅਸੁਰੱਖਿਅਤ ਦੱਸਦੇ ਹੋਏ ਪਿੱਛੇ ਹਟਣ ਦਾ ਫੈਸਲਾ ਕੀਤਾ। ਹਾਲਾਂਕਿ, ਯੂਕਰੇਨ ਯੁੱਧ ਅਤੇ ਹੁਣ ਇਰਾਨ ਯੁੱਧ ਨੇ ਇੰਨੀਆਂ ਮੁਸ਼ਕਿਲਾਂ ਪੈਦਾ ਕੀਤੀਆਂ ਹਨ ਕਿ ਯੂਰੋਪ ਆਪਣੇ ਪਹਿਲੇ ਫੈਸਲੇ 'ਤੇ ਪਛਤਾ ਰਿਹਾ ਹੈ।

ਹੋਰਮੁਜ਼ ਜਲਡਮਰੂ ਦੇ ਬੰਦ ਹੋਣ ਨੇ ਇਟਲੀ ਵਿੱਚ ਇੰਨੀ ਚਿੰਤਾ ਪੈਦਾ ਕਰ ਦਿੱਤੀ ਹੈ ਕਿ ਪ੍ਰਧਾਨ ਮੰਤਰੀ ਮੇਲੋਨੀ ਅਚਾਨਕ ਯੁੱਧ ਦੇ ਵਿਚਕਾਰ ਮੱਧ ਪੂਰਬ ਦੇ ਦੌਰੇ 'ਤੇ ਪਹੁੰਚ ਗਏ। ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਨਾਲ ਮੁਲਾਕਾਤ ਤੋਂ ਬਾਅਦ, ਉਹ ਹੁਣ ਕਤਰ ਦੇ ਦੌਰੇ 'ਤੇ ਹੈ। ਹੋਰਮੁਜ਼ ਜਲਡਮਰੂ ਨੂੰ ਖੋਲ੍ਹਣਾ ਉਨ੍ਹਾਂ ਦੇ ਏਜੰਡੇ 'ਤੇ ਉੱਚਾ ਹੈ।



# ਪੰਜਾਬ ਵਿੱਚ ਬੱਚਿਆਂ ਦੀ ਗੁੰਮਸ਼ੁਦਗੀ ਦਾ ਖੌਫ਼ਨਾਕ ਸੱਚ



## ਹਰ ਸਾਲ 3500 ਤੋਂ ਵੱਧ ਬੱਚੇ ਹੋ ਰਹੇ ਗਾਇਬ, 70 ਫ਼ੀਸਦੀ ਕੁੜੀਆਂ ਸ਼ਾਮਲ

### ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ ਅਪਰਾਧ ਦਾ ਗੜ੍ਹ ਬਣੇ

ਪੰਜਾਬ ਦੇ ਵਿਹੜਿਆਂ ਵਿਚੋਂ ਮਾਸੂਮ ਬੱਚਿਆਂ ਦਾ ਅਚਾਨਕ ਗਾਇਬ ਹੋ ਜਾਣਾ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਦਰਦਨਾਕ ਦਾਸਤਾਨ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਅਤੇ ਹੋਰ ਸਰਕਾਰੀ ਦਸਤਾਵੇਜ਼ਾਂ ਦੀ ਡੂੰਘੀ ਪੜਤਾਲ ਤੋਂ ਪਤਾ ਲੱਗਦਾ ਹੈ ਕਿ ਸੂਬੇ ਵਿੱਚ ਹਾਲਾਤ ਬੇਹੱਦ ਗੰਭੀਰ ਹਨ। ਹਰ ਸਾਲ ਲਗਭਗ ਤਿੰਨ ਹਜ਼ਾਰ ਤੋਂ ਛੱਤੀ ਸੌ ਬੱਚਿਆਂ ਦੀ ਗੁੰਮਸ਼ੁਦਗੀ ਦਰਜ ਹੁੰਦੀ ਹੈ। ਇਸ ਵਿੱਚ ਸਭ ਤੋਂ ਵੱਧ ਡਰਾਉਣਾ ਪਹਿਲੂ ਇਹ ਹੈ ਕਿ ਗੁੰਮ ਹੋਣ ਵਾਲਿਆਂ ਵਿੱਚ ਲੜਕੀਆਂ ਦੀ ਗਿਣਤੀ 60 ਤੋਂ 70 ਫ਼ੀਸਦੀ ਤੱਕ ਹੁੰਦੀ ਹੈ, ਜੋ ਸਮਾਜਿਕ ਸੁਰੱਖਿਆ ਪ੍ਰਬੰਧਾਂ ਉੱਤੇ ਵੱਡੇ ਸਵਾਲ ਖੜ੍ਹੇ ਕਰਦੀ ਹੈ।

ਐੱਨ.ਸੀ.ਆਰ.ਬੀ. ਦੇ ਤਾਜ਼ਾ ਅੰਕੜਿਆਂ ਅਨੁਸਾਰ ਸਾਲ 2022 ਵਿੱਚ ਪੰਜਾਬ ਵਿਚੋਂ 3607 ਬੱਚੇ ਲਾਪਤਾ ਹੋਏ, ਜਿਨ੍ਹਾਂ ਵਿਚੋਂ ਸਿਰਫ 1436 ਹੀ ਬਰਾਮਦ ਹੋ ਸਕੇ। ਇਸ ਤੋਂ ਅਗਲੇ ਸਾਲ 2023 ਵਿੱਚ 3255 ਬੱਚੇ ਗਾਇਬ ਹੋਏ ਅਤੇ ਮਾਤਰ 1064 ਬਰਾਮਦ ਹੋਏ। ਇਸ ਤਰ੍ਹਾਂ ਰਿਕਵਰੀ ਰੇਟ ਲਗਾਤਾਰ 30 ਤੋਂ 40 ਫੀਸਦੀ ਤੱਕ ਸੀਮਤ ਰਿਹਾ ਹੈ। 2024-25 ਲਈ ਅਧਿਕਾਰਤ ਰਾਜਵਿਆਪੀ ਅੰਕੜੇ ਅਜੇ ਐੱਨ.ਸੀ.ਆਰ.ਬੀ. ਰਿਪੋਰਟ ਵਿੱਚ ਨਹੀਂ ਆਏ ਪਰ ਜ਼ਿਲ੍ਹਾ ਪੁਲਿਸ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਰੁਝਾਨ ਜਾਰੀ ਹੈ। ਉਦਾਹਰਣ ਵਜੋਂ ਅੰਮ੍ਰਿਤਸਰ ਵਿੱਚ 2024 ਵਿੱਚ 38 ਬੱਚੇ ਲਾਪਤਾ ਹੋਏ ਸਨ, 32 ਬਰਾਮਦ ਹੋਏ ਸਨ ਅਤੇ 2025 (ਨਵੰਬਰ ਤੱਕ) 26 ਲਾਪਤਾ ਵਿਚੋਂ 21 ਬਰਾਮਦ ਹੋਏ ਸਨ। ਲੁਧਿਆਣਾ ਅਤੇ ਜਲੰਧਰ ਵਿੱਚ ਵੀ ਸੈਂਕੜੇ ਮਾਮਲੇ ਹਰ ਸਾਲ ਆ ਰਹੇ ਹਨ। ਪਿਛਲੇ ਦਹਾਕੇ (2013 ਤੋਂ 2022 ਤੱਕ) ਵਿੱਚ ਲਗਭਗ 8342 ਨਾਬਾਲਗ ਬੱਚੇ ਗਾਇਬ ਹੋਏ ਸਨ।

ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਕਿਉਂ ਅਪਰਾਧ ਦਾ ਗੜ੍ਹ ਬਣ ਗਏ ? ਸਚਾਈ ਇਹ ਹੈ ਕਿ ਇਨ੍ਹਾਂ ਵੱਡੇ ਸਨਅਤੀ ਸ਼ਹਿਰਾਂ ਵਿੱਚ ਉਦਯੋਗਿਕ ਯੂਨਿਟਾਂ, ਮਾਈਗ੍ਰੈਂਟ ਮਜ਼ਦੂਰਾਂ ਦੀ ਭੀੜ ਅਤੇ ਸਸਤੀ ਮਜ਼ਦੂਰੀ ਦੀ ਲਾਲਚ ਕਾਰਨ ਬਾਲ ਤਸਕਰੀ ਅਤੇ ਅਗਵਾ ਦੇ ਸੰਗਠਿਤ ਰੈਕਟ ਵਧ ਰਹੇ ਹਨ।



ਲੁਧਿਆਣਾ ਦੇ ਟੈਕਸਟਾਈਲ ਹੱਬ ਵਿੱਚ ਬੱਚਿਆਂ ਨੂੰ ਬਾਲ ਮਜ਼ਦੂਰੀ ਲਈ ਉਠਾ ਲਿਆ ਜਾਂਦਾ ਹੈ। ਜਲੰਧਰ ਵਿੱਚ ਖਿਡੌਣਾ ਉਦਯੋਗ ਅਤੇ ਸਪੋਰਟਸ ਗੁੱਡਜ਼ ਫੈਕਟਰੀਆਂ ਵਿੱਚ ਵੀ ਇਹੀ ਰੁਝਾਨ ਹੈ। ਅੰਮ੍ਰਿਤਸਰ ਬਾਰਡਰ ਨਾਲ ਲੱਗਦਾ ਹੋਣ ਕਰਕੇ ਇੰਟਰਨੈਸ਼ਨਲ ਤਸਕਰੀ ਰੂਟ ਬਣ ਗਿਆ ਹੈ। ਇੱਥੇ ਬੱਚਿਆਂ ਨੂੰ ਭੀਖ ਮੰਗਵਾਉਣ, ਗੈਰ-ਕਾਨੂੰਨੀ ਗਤੀਵਿਧੀਆਂ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਸ਼ਹਿਰਾਂ ਵਿੱਚ ਘੱਟ ਆਮਦਨੀ ਵਾਲੇ ਪਰਿਵਾਰਾਂ ਤੋਂ ਬੱਚੇ ਆਸਾਨੀ ਨਾਲ ਨਿਸ਼ਾਨਾ ਬਣਦੇ ਹਨ।

ਮਾਸੂਮਾਂ ਦੇ ਗਾਇਬ ਹੋਣ ਪਿੱਛੇ ਅਗਵਾ ਅਤੇ ਮਨੁੱਖੀ ਤਸਕਰੀ ਵਰਗੇ ਸੰਗਠਿਤ ਅਪਰਾਧਾਂ ਦਾ ਵੱਡਾ ਹੱਥ ਹੈ। ਕਈ ਮਾਮਲਿਆਂ ਵਿੱਚ ਬੱਚਿਆਂ ਨੂੰ ਭੀਖ ਮੰਗਵਾਉਣ ਜਾਂ ਬਾਲ ਮਜ਼ਦੂਰੀ ਲਈ ਅਗਵਾ ਕੀਤਾ ਜਾਂਦਾ ਹੈ।

ਤਾਜ਼ਾ ਅੰਕੜੇ ਦੱਸਦੇ ਹਨ ਕਿ ਬੱਚਿਆਂ ਵਿਰੁੱਧ ਅਪਰਾਧਾਂ ਦਾ ਗ੍ਰਾਫ਼ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਲਗਾਤਾਰ ਵੱਧ ਰਿਹਾ ਹੈ। ਇਸ ਤੋਂ ਇਲਾਵਾ ਘਰੇਲੂ ਕਲੇਸ਼, ਪੜ੍ਹਾਈ ਦਾ ਬੋਝ, ਮਾਨਸਿਕ ਦਬਾਅ ਅਤੇ ਸਮਾਜਿਕ ਸੰਪਰਕ ਮਾਧਿਅਮਾਂ ਦਾ ਜਾਲ ਵੀ ਬੱਚਿਆਂ ਨੂੰ ਘਰ ਛੱਡਣ ਲਈ ਮਜਬੂਰ ਕਰ ਰਿਹਾ ਹੈ। ਖਾਸ ਕਰਕੇ ਨਾਬਾਲਗ ਕੁੜੀਆਂ ਫੇਸਬੁੱਕ, ਇੰਸਟਾਗ੍ਰਾਮ ਵਰਗੀਆਂ ਐਪਾਂ ਰਾਹੀਂ ਗਲਤ ਸੰਪਰਕਾਂ ਵਿੱਚ ਫਸ ਕੇ ਘਰੋਂ ਭੱਜ ਜਾਂਦੀਆਂ ਹਨ। ਪੁਲਿਸ ਵਿਭਾਗ ਅਤੇ ਸਰਕਾਰੀ ਤੰਤਰ ਦੀ ਕਾਰਗੁਜ਼ਾਰੀ ਉੱਤੇ ਸਭ ਤੋਂ ਵੱਡਾ ਸਵਾਲ ਬੱਚਿਆਂ ਦੀ ਬਰਾਮਦਗੀ ਦਰ ਹੈ। ਅੰਕੜਿਆਂ ਅਨੁਸਾਰ ਸਿਰਫ 30 ਤੋਂ 40 ਫੀਸਦੀ ਬੱਚੇ ਹੀ ਲੱਭੇ ਜਾ ਸਕਦੇ ਹਨ। ਇਸਦਾ ਮਤਲਬ ਹੈ ਕਿ ਅੱਧੇ ਤੋਂ ਵੱਧ ਮਾਮਲੇ ਹਮੇਸ਼ਾ ਲਈ ਅਣਸੁਲਝੇ ਰਹਿ ਜਾਂਦੇ ਹਨ ਅਤੇ ਮਾਪੇ ਸਾਰੀ ਉਮਰ ਉਡੀਕ ਕਰਦੇ ਰਹਿੰਦੇ ਹਨ। ਜ਼ਿਆਦਾਤਰ ਮਾਮਲੇ 12 ਤੋਂ 18 ਸਾਲ ਉਮਰ ਤੱਕ ਦੇ ਹੁੰਦੇ ਹਨ।

ਪੰਜਾਬ ਪੁਲਿਸ ਵੱਲੋਂ ਲਾਪਤਾ ਬੱਚਿਆਂ ਦੀ ਭਾਲ ਲਈ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਰੇਲਵੇ ਅਤੇ ਬੱਸ ਅੱਡਿਆਂ ਤੋਂ ਲਵਾਰਿਸ ਬੱਚਿਆਂ ਨੂੰ ਬਚਾਉਣ ਲਈ 'ਆਪ੍ਰੇਸ਼ਨ ਮੁਸਕਾਨ' ਲਗਾਤਾਰ ਚਲਾਈ ਜਾਂਦੀ ਹੈ। ਇਸ ਤਹਿਤ ਸਾਲ 2025 ਵਿੱਚ ਵੀ ਰੇਲਵੇ ਪੁਲਿਸ ਨੇ ਸੂਬੇ ਭਰ ਵਿੱਚ ਸੈਂਕੜੇ ਬੱਚਿਆਂ ਨੂੰ ਬਰਾਮਦ ਕਰਕੇ ਉਨ੍ਹਾਂ ਨੂੰ ਪਰਿਵਾਰਾਂ ਨਾਲ ਮਿਲਾਇਆ ਗਿਆ ਸੀ। ਲੁਧਿਆਣਾ ਅਤੇ ਜਲੰਧਰ ਪੁਲਿਸ ਨੇ ਵੀ ਡਾਇਲ 112 'ਤੇ ਆਏ ਕਾਲਾਂ ਤੇ ਤੁਰੰਤ ਐਕਸ਼ਨ ਲੈ ਕੇ ਕਈ ਮਾਮਲਿਆਂ ਵਿੱਚ ਬੱਚਿਆਂ ਨੂੰ ਸੁਰੱਖਿਅਤ ਬਰਾਮਦ ਕੀਤਾ ਗਿਆ ਸੀ। ਪਰ ਇਹ ਛੋਟੀਆਂ ਸਫਲਤਾਵਾਂ ਹਨ, ਜਦਕਿ ਵੱਡੇ ਰੈਕਟ ਅਜੇ ਵੀ ਚੱਲ ਰਹੇ ਹਨ।


ਸਰਕਾਰ ਵੱਲੋਂ ਬੱਚਿਆਂ ਦੀ ਸੁਰੱਖਿਆ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਸਮਾਜ ਵਿਗਿਆਨੀਆਂ ਅਨੁਸਾਰ ਲਾਪਤਾ ਬੱਚਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ, ਪੁਲਿਸ ਅਤੇ ਐੱਨ.ਜੀਓਆਂ. ਵਿੱਚ ਬਿਹਤਰ ਤਾਲਮੇਲ ਲੋੜੀਂਦਾ ਹੈ। ਸਕੂਲਾਂ ਵਿੱਚ ਆਨਲਾਈਨ ਸੁਰੱਖਿਆ ਬਾਰੇ ਜਾਗਰੂਕਤਾ, ਪਰਿਵਾਰਾਂ ਵਿਚ ਖੁਲ੍ਹੀ ਗੱਲਬਾਤ ਅਤੇ ਸਨਅਤੀ ਖੇਤਰਾਂ ਵਿੱਚ ਸਖ਼ਤ ਨਿਗਰਾਨੀ ਲਾਜ਼ਮੀ ਹੈ। ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਵਿਸ਼ੇਸ਼ ਟਾਸਕ ਫੋਰਸ ਬਣਾਈ ਜਾਵੇ ਤਾਂ ਜੋ ਤਸਕਰੀ ਰੈਕਟਾਂ ਨੂੰ ਢਾਹ ਲਿਆ ਜਾ ਸਕੇ।

ਸਰਕਾਰ ਅਤੇ ਸਮਾਜ ਨੂੰ ਇਸ ਭਿਆਨਕ ਰੁਝਾਨ ਨੂੰ ਰੋਕਣ ਲਈ ਤੁਰੰਤ ਅਤੇ ਠੋਸ ਕਦਮ ਚੁੱਕਣੇ ਚਾਹੀਦੇ ਹਨ। ਬੱਚਿਆਂ ਦੀ ਸੁਰੱਖਿਆ ਹੀ ਸੂਬੇ ਦੀ ਅਸਲ ਤਰੱਕੀ ਹੈ।

# ਵਿਸਾਖੀ ਲਈ ਪਾਕਿਸਤਾਨ ਨੇ ਭਾਰਤੀ ਸ਼ਰਧਾਲੂਆਂ ਲਈ ਜਾਰੀ ਕੀਤੇ 2800 ਤੋਂ ਵੱਧ ਵੀਜ਼ੇ

## ਵੀਜ਼ੇ ਜਾਰੀ ਕਰਨ ਦਾ ਉਦੇਸ਼ ਹੈ ਦੋਵਾਂ ਮੁਲਕਾਂ ਵਿਚਕਾਰ ਸੱਭਿਆਚਾਰਕ ਸਬੰਧਾਂ ਨੂੰ ਬਰਕਰਾਰ ਰੱਖਣਾ : ਪਾਕਿਸਤਾਨ ਹਾਈ ਕਮਿਸ਼ਨ



ਨਵੀਂ ਦਿੱਲੀ/ ਏ.ਟੀ.ਨਿਊਜ਼ः ਪਾਕਿਸਤਾਨ ਹਾਈ ਕਮਿਸ਼ਨ ਨੇ ਐਲਾਨ ਕੀਤਾ ਹੈ ਕਿ ਉਸ ਨੇ ਭਾਰਤੀ ਸ਼ਰਧਾਲੂਆਂ ਨੂੰ ਪਾਕਿਸਤਾਨ ਵਿੱਚ ਹੋਣ ਵਾਲੇ ਆਗਾਮੀ ਵਿਸਾਖੀ ਜਸ਼ਨਾਂ ਵਿੱਚ ਹਿੱਸਾ ਲੈਣ ਦੇ ਯੋਗ ਬਣਾਉਣ ਲਈ 2,800 ਤੋਂ ਵੱਧ ਵੀਜ਼ੇ ਜਾਰੀ ਕੀਤੇ ਹਨ। ਇਹ ਸਾਲਾਨਾ ਤਿਉਹਾਰ 10 ਤੋਂ 19 ਅਪ੍ਰੈਲ ਤੱਕ ਮਨਾਇਆ ਜਾਣਾ ਹੈ, ਜਿਸ ਦੌਰਾਨ ਸ਼ਰਧਾਲੂਆਂ ਵੱਲੋਂ ਪਾਕਿਸਤਾਨ ਭਰ ਦੇ ਪ੍ਰਮੁੱਖ ਸਿੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦੀ ਉਮੀਦ ਹੈ।

ਸਿੱਖ ਕੈਲੰਡਰ ਦੇ ਸਭ ਤੋਂ ਮਹੱਤਵਪੂਰਨ ਤਿਉਹਾਰਾਂ ਵਿੱਚੋਂ ਇੱਕ ਵਿਸਾਖੀ, ਖ਼ਾਲਸਾ ਦੀ ਸਾਜਨਾ ਦਾ ਪ੍ਰਤੀਕ ਹੈ ਅਤੇ ਦੁਨੀਆ ਭਰ ਦੇ ਸ਼ਰਧਾਲੂਆਂ ਨੂੰ ਖਾਸ ਕਰਕੇ ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਸਥਿਤ ਗੁਰਦੁਆਰਿਆਂ ਵੱਲ ਖਿੱਚਦਾ ਹੈ, ਜਿਸ ਵਿੱਚ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਵੀ ਸ਼ਾਮਲ ਹੈ।

ਸਰਕਾਰੀ ਸੂਤਰਾਂ ਨੇ ਦੱਸਿਆ ਕਿ ਵੀਜ਼ਾ ਜਾਰੀ ਕਰਨਾ ਮੌਜੂਦਾ ਦੁਵੱਲੇ ਢਾਂਚੇ ਦਾ ਹਿੱਸਾ ਹੈ ਜਿਸ ਦਾ ਉਦੇਸ਼ ਧਾਰਮਿਕ ਤੀਰਥ ਯਾਤਰਾਵਾਂ ਨੂੰ ਸਮਰੱਥ ਬਣਾਉਣਾ ਅਤੇ ਭਾਰਤ ਤੇ ਪਾਕਿਸਤਾਨ ਵਿਚਕਾਰ ਸੱਭਿਆਚਾਰਕ ਸਬੰਧਾਂ ਨੂੰ ਬਰਕਰਾਰ ਰੱਖਣਾ ਹੈ।

## 10 ਅਪ੍ਰੈਲ ਨੂੰ ਪਾਕਿਸਤਾਨ ਜਾਵੇਗਾ ਜਥਾ

ਅੰਮ੍ਰਿਤਸਰ: ਖਾਲਸਾ ਸਾਜਨਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਸਤੇ ਪਾਕਿਸਤਾਨੀ ਹਾਈ ਕਮਿਸ਼ਨ ਵੱਲੋਂ 2800 ਤੋਂ ਵੱਧ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਗਏ ਹਨ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਜਾਣ ਵਾਲੇ ਜਥੇ ਲਈ 1763 ਸ਼ਰਧਾਲੂਆਂ ਨੂੰ ਵੀਜ਼ੇ ਪ੍ਰਾਪਤ ਹੋਏ ਹਨ। ਇਹ ਜਥਾ 10 ਅਪ੍ਰੈਲ ਨੂੰ ਅਟਾਰੀ-ਵਾਹਗਾ ਸਰਹੱਦ ਰਸਤੇ ਪਾਕਿਸਤਾਨ ਜਾਵੇਗਾ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 1795 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਨੂੰ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ 1763 ਸ਼ਰਧਾਲੂਆਂ ਨੂੰ ਵੀਜ਼ਾ ਜਾਰੀ ਕੀਤਾ ਗਿਆ, ਜਦਕਿ 32 ਸ਼ਰਧਾਲੂਆਂ ਨੂੰ ਵੀਜ਼ਾ ਨਹੀਂ ਮਿਲ ਸਕਿਆ। 10 ਅਪ੍ਰੈਲ ਨੂੰ ਪਾਕਿਸਤਾਨ ਜਾਣ ਵਾਲਾ ਜਥਾ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰਕੇ 19 ਅਪ੍ਰੈਲ ਨੂੰ ਪਰਤੇਗਾ।

ਸਕੱਤਰ ਨੇ ਕਿਹਾ ਕਿ ਜਿਨ੍ਹਾਂ ਸ਼ਰਧਾਲੂਆਂ ਦੇ ਵੀਜ਼ੇ ਲੱਗੇ ਹਨ ,ਉਹ ਆਪਣੇ ਪਾਸਪੋਰਟ 9 ਅਪ੍ਰੈਲ ਨੂੰ ਦਫ਼ਤਰੀ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੋਂ ਪ੍ਰਾਪਤ ਕਰ ਸਕਣਗੇ। ਪਾਕਿਸਤਾਨ ਵੱਲੋਂ ਲਗਪਗ 2800 ਤੋਂ ਵੱਧ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਗਏ ਹਨ ਜਿਨ੍ਹਾਂ ਵਿੱਚ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਹਰਿਆਣਾ ਕਮੇਟੀ ਤੇ ਹੋਰ ਸਿੱਖ ਸੰਸਥਾਵਾਂ ਦੇ ਸ਼ਰਧਾਲੂ ਸ਼ਾਮਲ ਹਨ। ਖਾਲਸਾ ਸਾਜਨਾ ਦਿਵਸ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਹਰ ਸਾਲ 3000 ਤੋਂ ਵੱਧ ਸ਼ਰਧਾਲੂ ਗੁਰੂਧਾਮਾਂ ਦੇ ਦਰਸ਼ਨ ਲਈ ਪਾਕਿਸਤਾਨ ਜਾਂਦੇ ਹਨ।

# ਪੰਥ ਦੋਖੀਆਂ ਨੂੰ ਸਿੱਖ ਸਿਆਸਤ ਤੋਂ ਲਾਂਭੇ ਕਰਨ ਦੀ ਲੋੜ: ਗਿਆਨੀ ਹਰਪ੍ਰੀਤ ਸਿੰਘ

ਕੁਰਾਲੀ/ਏ.ਟੀ.ਨਿਊਜ਼ः ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜ ਸਿੰਘ ਸਾਹਿਬਾਨ ਦੇ ਫ਼ੈਸਲੇ ਨੂੰ ਸਾਜਿਸ਼ ਦੱਸਣ ਵਾਲਿਆਂ ਨੂੰ ਪੰਥ ਅਤੇ ਗੁਰੂ ਸਾਹਿਬ ਕਦੇ ਮੁਆਫ਼ ਨਹੀਂ ਕਰਨਗੇ। ਉਹ ਪਿਛਲੇ ਦਿਨੀਂ ਇੱਥੇ ਗੁਰਦੁਆਰਾ ਕਰਤਾਰਸਰ ਸਾਹਿਬ ਵਿੱਚ ਮੀਟਿੰਗ ਦੌਰਾਨ ਸੰਬੋਧਨ ਕਰ ਰਹੇ ਸਨ। ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਆਗੂ ਰਵਿੰਦਰ ਸਿੰਘ ਪੈਂਟਾ ਦੀ ਅਗਵਾਈ ਵਿੱਚ ਹੋਈ ਮੀਟਿੰਗ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਥ ਦਰਦੀਆਂ ਨੂੰ ਪੰਥ ਅਤੇ ਪੰਜਾਬ ਦੀ ਚਿੰਤਾ ਹੈ। ਸੱਤਾ ਹਾਸਲ ਕਰਨ ਵਾਲੇ ਲਾਲਚੀਆਂ ਨੇ ਪੰਜਾਬ ਨੂੰ ਲੁੱਟਿਆ ਹੀ ਨਹੀਂ ਗਿਆ ਸਗੋਂ ਪੰਥਕ ਪ੍ਰੰਪਰਾਵਾਂ ਦਾ ਵੀ ਘਾਣ ਕੀਤਾ ਹੈ। ਪੰਥ ਅਤੇ ਗੁਰੂ ਨਾਲ਼ ਮੱਥਾ ਲਾਉਣ ਵਾਲੇ ਅਸਲ ਵਿੱਚ ਫਟਕਾਰੇ ਹੋਏ ਲੋਕ ਹਨ, ਜਿਹੜੇ ਨਾ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਤੋਂ ਮੁਨਕਰ ਹੋਏ ਸਗੋਂ ਸਿਆਸੀ ਹਿੱਤਾਂ ਲਈ ਗ਼ਲਤ ਬਿਆਨਬਾਜ਼ੀ ਵੀ ਕਰ ਰਹੇ ਹਨ। ਸੁਖਬੀਰ ਬਾਦਲ ਨੇ ਆਪਣੇ ਪ੍ਰਧਾਨਗੀ ਕਾਲ ਵਿੱਚ ਟਕਸਾਲੀ ਅਕਾਲੀਆਂ ਨੂੰ ਪਾਰਟੀ ਵਿੱਚੋਂ ਕੱਢ ਕੇ ਰੇਤ, ਬਜਰੀ, ਕੇਬਲ, ਟਰਾਂਸਪੋਰਟ ਤੇ ਹੋਰ ਮਾਫ਼ੀਆ ਗਰੋਹਾਂ ਨੂੰ ਪਾਰਟੀ ਨਾਲ ਜੋੜਿਆ। ਉਨ੍ਹਾਂ ਦੋ ਦਸੰਬਰ ਦੇ ਹੁਕਮਨਾਮੇ ਨੂੰ ਘਰ-ਘਰ ਪਹੁੰਚਾਉਣ ਅਤੇ ਪੰਥ ਦੋਖੀਆਂ ਨੂੰ ਸਿੱਖ ਸਿਆਸਤ ਤੋਂ ਲਾਂਭੇ ਕਰਨ ਦਾ ਸੱਦਾ ਦਿੱਤਾ। ਸਾਬਕਾ ਸਪੀਕਰ ਰਵੀਇੰਦਰ ਸਿੰਘ ਦੁੱਮਣਾ ਨੇ ਕਿਹਾ ਕਿ ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੰਘ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਨੂੰ ਸਿੱਧੇ ਸਵਾਲ ਕੀਤੇ ਅਤੇ ਉਹ ਸਾਰੀਆਂ ਗੁਸਤਾਖ਼ੀਆਂ ਨੂੰ 'ਹਾਂ ਜੀ' ਕਹਿ ਕੇ ਕਬੂਲ ਕਰਦੇ ਰਹੇ ਪਰ ਬਾਅਦ ਵਿੱਚ ਮੁੱਕਰ ਗਏ, ਜੋ ਬੰਦਾ ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਸਭ ਕੁਝ ਮੰਨ ਕੇ ਮੁੱਕਰ ਸਕਦਾ ਹੈ, ਉਸ ਨੂੰ ਸਿੱਖ ਨਹੀਂ ਮੰਨਿਆ ਜਾ ਸਕਦਾ। ਅਰਵਿੰਦਰ ਸਿੰਘ ਪੈਂਟਾ ਨੇ ਹਲਕੇ ਵਿੱਚ ਚੱਲ ਰਹੇ ਕੰਮਾਂ ਅਤੇ ਪਾਰਟੀ ਦੀਆਂ ਗਤੀਵਿਧੀਆਂ ਸਬੰਧੀ ਜਾਣੂ ਕਰਵਾਇਆ ਮੀਟਿੰਗ ਨੂੰ ਜ਼ਿਲ੍ਹਾ ਰੋਪੜ ਦੇ ਪ੍ਰਧਾਨ ਗੁਰਮੀਤ ਸਿੰਘ ਮਕੜੌਨਾ, ਗੁਰਮੀਤ ਸਿੰਘ ਰੋਪੜ, ਬਲਦੇਵ ਸਿੰਘ ਖਿਜ਼ਰਾਬਾਦ, ਬਾਬਾ ਦੀਪ ਸਿੰਘ, ਪ੍ਰੀਤਮ ਸਿੰਘ ਸੱਲੋਮਾਜਰਾ, ਜਥੇਦਾਰ ਮਨਜੀਤ ਸਿੰਘ ਮੁੱਧੋਂ, ਜਥੇਦਾਰ ਭਜਨ ਸਿੰਘ ਸ਼ੇਰਗਿੱਲ, ਹਰਬੰਸ ਸਿੰਘ ਕੰਧੋਲਾ, ਤੇਜਪਾਲ ਸਿੰਘ ਕੁਰਾਲੀ ਆਦਿ ਆਗੂਆਂ ਨੇ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਅਰਵਿੰਦਰ ਸਿੰਘ ਪੈਂਟਾ ਅਤੇ ਦਰਸ਼ਨ ਸਿੰਘ ਕੰਸਾਲਾ ਨੇ ਨਿਭਾਈ। ਮੀਟਿੰਗ ਵਿੱਚ ਬਲਬੀਰ ਸਿੰਘ, ਅਮਰਜੀਤ ਸਿੰਘ ਢਿੱਲੋਂ, ਕੁਲਵਿੰਦਰ ਸਿੰਘ ਜ਼ੈਲਦਾਰ, ਭਾਗ ਸਿੰਘ ਰੋਪੜ, ਸੁਰਿੰਦਰ ਸਿੰਘ ਕਾਦੀਮਾਜਰਾ, ਪ੍ਰਿੰਸੀਪਲ ਸੁਪਿੰਦਰ ਸਿੰਘ, ਗੁਰਸੇਵਕ ਸਿੰਘ ਸਿੰਘਪੁਰਾ ਹਾਜ਼ਰ ਸਨ।




# ਕਿਉਂ ਫ਼ੈਲਦੀਆਂ ਨੇ ਅਫ਼ਵਾਹਾਂ?

## ਜਹਾਜ਼ ਦੀ ਰਫ਼ਤਾਰ ਨਾਲੋਂ ਵੀ ਤੇਜ਼ੀ ਨਾਲ ਫ਼ੈਲਦੀਆਂ ਨੇ ਅਫ਼ਵਾਹਾਂ

**ਜਗਮੋਹਨ ਸਿੰਘ 'ਲੱਕੀ'**

ਪੰਜਾਬ ਸਮੇਤ ਪੂਰੇ ਭਾਰਤ ਵਿੱਚ ਅਕਸਰ ਵੱਖ-ਵੱਖ ਸਮੇਂ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਫ਼ੈਲਦੀਆਂ ਹਨ, ਜਾਂ ਇੰਝ ਕਹਿ ਲਵੋ ਕਿ ਸ਼ਰਾਰਤੀ ਅਨਸਰਾਂ ਵੱਲੋਂ ਇਹ ਅਫ਼ਵਾਹਾਂ ਜਾਣ ਬੁੱਝ ਕੇ ਫ਼ੈਲਾਈਆਂ ਜਾਂਦੀਆਂ ਹਨ। ਇਹਨਾਂ ਸ਼ਰਾਰਤੀ ਅਨਸਰਾਂ ਦਾ ਮਕਸਦ ਸਿਰਫ਼ ਆਮ ਲੋਕਾਂ ਨੂੰ ਪ੍ਰੇਸ਼ਾਨ ਕਰਨਾ ਹੁੰਦਾ ਹੈ। ਅਸਲ ਵਿੱਚ ਇਹ ਸ਼ਰਾਰਤੀ ਅਨਸਰ ਮਾਨਸਿਕ ਰੋਗੀ ਵੀ ਹੁੰਦੇ ਹਨ, ਜੋਕਿ ਕਈ ਕਿਸਮ ਦੀਆਂ ਅਫ਼ਵਾਹਾਂ ਫ਼ੈਲਾ ਕੇ ਆਮ ਲੋਕਾਂ ਨੂੰ ਪ੍ਰੇਸ਼ਾਨ ਕਰਕੇ ਖੁਦ ਖੁਸ਼ ਹੁੰਦੇ ਹਨ। ਕਿਹਾ ਜਾਂਦਾ ਹੈ ਕਿ ਅਫ਼ਵਾਹਾਂ ਦੀ ਰਫ਼ਤਾਰ ਜੰਗੀ ਜਹਾਜ਼ਾਂ ਨਾਲੋਂ ਵੀ ਤੇਜ਼ ਹੁੰਦੀ ਹੈ। ਇਸੇ ਕਾਰਨ ਹਰ ਅਫ਼ਵਾਹ ਮਿੰਟਾਂ ਸਕਿੰਟਾਂ ਵਿੱਚ ਪੂਰੀ ਦੁਨੀਆ ਵਿੱਚ ਫ਼ੈਲ ਜਾਂਦੀ ਹੈ।

ਇਸ ਸਮੇਂ ਅਮਰੀਕਾ, ਇਜ਼ਰਾਇਲ ਅਤੇ ਇਰਾਨ ਵਿਚਾਲੇ ਜੰਗ ਲੱਗੀ ਹੋਈ ਹੈ। ਇਸ ਜੰਗ ਕਾਰਨ ਵੀ ਸ਼ਰਾਰਤੀ ਅਨਸਰਾਂ ਵੱਲੋਂ ਭਾਰਤ ਵਿੱਚ ਕਦੇ ਰਸੋਈ ਗੈਸ ਅਤੇ ਪੈਟਰੋਲ-ਡੀਜ਼ਲ ਦੇ ਬਿਲਕੁਲ ਖਤਮ ਹੋਣ ਦੀ ਅਫ਼ਵਾਹ ਫ਼ੈਲ ਜਾਂਦੀ ਹੈ ਅਤੇ ਕਦੇ ਕਿਸੇ ਸ਼ਰਾਰਤੀ ਅਨਸਰ ਵੱਲੋਂ ਰਾਸ਼ਨ ਅਤੇ ਜ਼ਰੂਰੀ ਦਵਾਈਆਂ ਦਾ ਸਟਾਕ ਖਤਮ ਹੋਣ ਦੀ ਅਫ਼ਵਾਹ ਫ਼ੈਲਾ ਦਿੱਤੀ ਜਾਂਦੀ ਹੈ। ਪਿਛਲੇ ਦਿਨਾਂ ਦੌਰਾਨ ਭਾਰਤ ਵਿੱਚ ਲਾਕ ਡਾਊਨ ਲਗਾਉਣ ਦੀ ਅਫ਼ਵਾਹ ਵੀ ਫੈਲਦੀ ਰਹੀ ਹੈ ਭਾਵੇਂ ਕਿ ਭਾਰਤ ਸਰਕਾਰ ਸਪਸ਼ਟ ਕਰ ਚੁੱਕੀ ਹੈ ਕਿ ਉਸ ਵੱਲੋਂ ਇਸ ਸਮੇਂ ਭਾਰਤ ਵਿੱਚ ਲਾਕ ਡਾਊਨ ਲਗਾਉਣ ਦਾ ਕੋਈ ਵਿਚਾਰ ਨਹੀਂ ਹੈ। ਸਰਕਾਰ ਵੱਲੋਂ ਹੁਣ ਰਸੋਈ ਗੈਸ ਅਤੇ ਪੈਟਰੋਲ ਡੀਜ਼ਲ ਦਾ ਲੋੜੀਂਦਾ ਸਟਾਕ ਮੌਜੂਦ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਫ਼ਿਰ ਵੀ ਰਸੋਈ ਗੈਸ ਅਤੇ ਤੇਲ ਖਤਮ ਹੋਣ ਦੀ ਅਫ਼ਵਾਹ ਫ਼ੈਲਣ ਕਾਰਨ ਪੈਟਰੋਲ ਪੰਪਾਂ ਅੱਗੇ ਵਾਹਨਾਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਹਨ। ਇਹ ਠੀਕ ਹੈ ਕਿ ਭਾਰਤ ਦੇ ਕੁਝ ਸ਼ਹਿਰਾਂ ਵਿੱਚ ਰਸੋਈ ਗੈਸ ਲੈਣ ਲਈ ਮੁਸ਼ਕਿਲਾਂ ਅਜੇ ਵੀ ਆ ਰਹੀਆਂ ਹਨ। ਦੂਜੇ ਪਾਸੇ ਕੁਝ ਪੈਟਰੋਲ ਪੰਪਾਂ 'ਤੇ ਸਟਾਕ ਖਤਮ ਹੋਣ ਦੇ ਬੋਰਡ ਵੀ ਦਿਖਾਈ ਦੇਣ ਲੱਗੇ ਹਨ। ਕੁਝ ਲੋਕ ਅਮਰੀਕਾ ਅਤੇ ਇਰਾਨ ਵਿਚਾਲੇ ਜੰਗ ਦੌਰਾਨ ਪ੍ਰਮਾਣੂ ਯੁੱਧ ਹੋਣ ਬਾਰੇ ਵੀ ਅਫ਼ਵਾਹਾਂ ਫੈਲਾ ਰਹੇ ਹਨ।

ਅਫ਼ਵਾਹਾਂ ਦਾ ਕੋਈ ਸਿਰ ਪੈਰ ਨਹੀਂ ਹੁੰਦਾ ਤੇ ਨਾ ਹੀ ਖੰਭ ਹੁੰਦੇ ਹਨ ਪਰ ਇਹ ਅਫ਼ਵਾਹਾਂ ਮਿੰਟਾਂ ਸਕਿੰਟਾਂ ਵਿੱਚ ਪੂਰੀ ਦੁਨੀਆ ਵਿੱਚ ਫ਼ੈਲ ਜਾਂਦੀਆਂ ਹਨ। ਕੁਝ ਸਾਲ ਪਹਿਲਾਂ ਪੰਜਾਬ ਵਿੱਚ ਛਲੇਡਾ ਆਉਣ ਦੀ ਅਫ਼ਵਾਹ ਕਿਸੇ ਸ਼ਰਾਰਤੀ ਅਨਸਰ ਵੱਲੋਂ ਫ਼ੈਲਾ ਦਿੱਤੀ ਗਈ ਸੀ ਅਤੇ ਦਾਅਵਾ ਕੀਤਾ ਸੀ ਕਿ ਇਹ ਛਲੇਡਾ ਵੱਖ ਵੱਖ ਰੂਪ ਬਦਲਦਾ ਹੈ। ਇਹ ਅਫ਼ਵਾਹ ਮਿੰਟਾਂ ਸਕਿੰਟਾਂ ਵਿੱਚ ਹੀ ਪੂਰੇ ਪੰਜਾਬ ਵਿੱਚ ਫ਼ੈਲ ਗਈ ਅਤੇ ਵਿਦੇਸ਼ਾਂ ਤੱਕ ਵੀ ਪਹੁੰਚ ਗਈ ਸੀ, ਜਿਸ ਕਰਕੇ ਆਮ ਲੋਕਾਂ ਵਿੱਚ ਕਈ ਤਰ੍ਹਾਂ ਦੀ ਚਰਚਾ ਹੋਣ ਲੱਗ ਪਈ ਸੀ, ਬਾਅਦ ਵਿੱਚ ਪਤਾ ਚਲਿਆ ਕਿ ਇਹ ਸਿਰਫ਼ ਅਫ਼ਵਾਹ ਸੀ ਅਤੇ ਕਿਸੇ ਵੀ ਸਥਾਨ 'ਤੇ ਕੋਈ ਛਲੇਡਾ ਨਹੀਂ ਸੀ ਆਇਆ। ਇਸ ਤੋਂ ਕੁਝ ਸਾਲ ਪਹਿਲਾਂ ਪੰਜਾਬ ਵਿੱਚ ਕਿਸੇ ਸ਼ਰਾਰਤੀ ਅਨਸਰ ਵੱਲੋਂ ਇੱਕ ਬੈਂਕ ਦੇ ਫ਼ੇਲ੍ਹ ਹੋਣ ਦੀ ਅਫ਼ਵਾਹ ਫ਼ੈਲਾ ਦਿੱਤੀ ਗਈ ਸੀ, ਜਿਸ ਕਰਕੇ ਉਸ ਬੈਂਕ ਦੀਆਂ ਬਰਾਂਚਾਂ ਅੱਗੇ ਪੈਸੇ ਕਢਵਾਉਣ ਵਾਲੇ ਲੋਕਾਂ ਦੀਆਂ ਕਤਾਰਾਂ ਲੱਗ ਗਈਆਂ ਸਨ ਅਤੇ ਕਈ ਦਿਨ ਲੋਕ ਆਪਣੇ ਪੈਸੇ ਕਢਵਾਉਣ ਲਈ ਇਸ ਬੈਂਕ ਅੱਗੇ ਪਰੇਸ਼ਾਨ ਹੁੰਦੇ ਰਹੇ। ਬਾਅਦ ਵਿੱਚ ਇਸ ਬੈਂਕ ਦੇ ਫ਼ੇਲ੍ਹ ਹੋਣ ਦੀ ਗੱਲ ਵੀ ਅਫ਼ਵਾਹ ਹੀ ਨਿਕਲੀ ਸੀ।



ਵੱਖ- ਵੱਖ ਸਮੇਂ ਇਸੇ ਤਰ੍ਹਾਂ ਦੀਆਂ ਕਈ ਅਫ਼ਵਾਹਾਂ ਫ਼ੈਲਦੀਆਂ ਰਹੀਆਂ ਹਨ। ਅਕਸਰ ਸ਼ਰਾਰਤੀ ਅਨਸਰਾਂ ਵੱਲੋਂ ਵੱਖ- ਵੱਖ ਤਰ੍ਹਾਂ ਦੀਆਂ ਅਫ਼ਵਾਹਾਂ ਫ਼ੈਲਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਅਕਸਰ ਹੀ ਕਿਸੇ ਨਾ ਕਿਸੇ ਗਾਇਕ ਜਾਂ ਨੇਤਾ ਦੇ ਮਰਨ ਦੀ ਅਫ਼ਵਾਹ ਵੀ ਅਚਾਨਕ ਹੀ ਕਿਸੇ ਸ਼ਰਾਰਤੀ ਅਨਸਰ ਵੱਲੋਂ ਫ਼ੈਲਾ ਦਿੱਤੀ ਜਾਂਦੀ ਹੈ। ਸ਼ਰਾਰਤੀ ਅਨਸਰਾਂ ਵੱਲੋਂ ਅਜਿਹਾ ਕਿਸ ਮਕਸਦ ਲਈ ਕੀਤਾ ਜਾਂਦਾ ਹੈ, ਅਜਿਹਾ ਪਤਾ ਨਹੀਂ ਚੱਲ ਸਕਿਆ ਪਰ ਆਪਣੇ ਮਨੋਰੰਜਨ ਲਈ ਵੀ ਅਕਸਰ ਸ਼ਰਾਰਤੀ ਅਨਸਰ ਅਫ਼ਵਾਹਾਂ ਫ਼ੈਲਾ ਕੇ ਆਮ ਲੋਕਾਂ ਨੂੰ ਪਰੇਸ਼ਾਨ ਕਰਦੇ ਹਨ। ਹਰ ਇਲਾਕੇ ਵਿੱਚ ਅਜਿਹੇ ਸ਼ਰਾਰਤੀ ਅਨਸਰ ਜ਼ਰੂਰ ਹੁੰਦੇ ਹਨ, ਜੋ ਕਿ ਸਿਰਫ਼ ਆਪਣੇ ਮਨੋਰੰਜਨ ਲਈ ਅਕਸਰ ਵੱਖ- ਵੱਖ ਤਰ੍ਹਾਂ ਦੀਆਂ ਅਫ਼ਵਾਹਾਂ ਫ਼ੈਲਾ ਦਿੰਦੇ ਹਨ ਪਰ ਅਜਿਹੇ ਅਨਸਰਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਅਜਿਹੀਆਂ ਅਫ਼ਵਾਹਾਂ ਫ਼ੈਲਾਉਣ ਨਾਲ ਖ਼ਤਰਨਾਕ ਨਤੀਜੇ ਵੀ ਨਿਕਲ ਸਕਦੇ ਹਨ। ਅਜਿਹੀਆਂ ਅਫ਼ਵਾਹਾਂ ਕਾਰਨ ਅਕਸਰ ਆਮ ਲੋਕ ਬਹੁਤ ਪਰੇਸ਼ਾਨ ਹੁੰਦੇ ਹਨ। ਦੁੱਖ ਦੀ ਗਲ ਇਹ ਹੈ ਕਿ ਜਦੋਂ ਵੀ ਕੋਈ ਅਫ਼ਵਾਹ ਫ਼ੈਲਦੀ ਹੈ ਤਾਂ ਤੁਰੰਤ ਆਮ ਲੋਕ ਵੀ ਅਨਜਾਣ ਪੁਣੇ ਵਿੱਚ ਉਸ ਨੂੰ ਫ਼ੈਲਾਉਣ ਵਿੱਚ ਆਪਣਾ ਯੋਗਦਾਨ ਪਾ ਦਿੰਦੇ ਹਨ। ਜਦੋਂ ਵੀ ਕਿਸੇ ਸ਼ਰਾਰਤੀ ਅਨਸਰ ਵੱਲੋਂ ਕਿਸੇ ਅਫ਼ਵਾਹ ਨੂੰ ਫ਼ੈਲਾਉਣ ਲਈ ਸੋਸ਼ਲ ਮੀਡੀਆ 'ਤੇ ਕੋਈ ਮੈਸਿਜ ਪਾਇਆ ਜਾਂਦਾ ਹੈ, ਤਾਂ ਅਕਸਰ ਆਮ ਲੋਕ ਅਜਿਹੇ ਮੈਸਿਜ ਨੂੰ ਸਮਝੇ ਬਿਨਾਂ ਤੁਰੰਤ ਅੱਗੇ ਭੇਜ ਦਿੰਦੇ ਹਨ, ਜਿਸ ਕਾਰਨ ਇਹ ਮੈਸਿਜ ਬਹੁਤ ਦੂਰ ਤਕ ਪਹੁੰਚ ਜਾਂਦਾ ਹੈ ਅਤੇ ਇਸ ਤਰਾਂ ਅਫ਼ਵਾਹ ਫ਼ੈਲ ਜਾਂਦੀ ਹੈ।

> **ਸਮਾਜ ਵਿੱਚ ਜਿਸ ਤਰ੍ਹਾਂ ਚੰਗੇ ਅਤੇ ਸਮਾਜ ਸੇਵਕ ਇਨਸਾਨ ਹੁੰਦੇ ਹਨ, ਉਸੇ ਤਰ੍ਹਾਂ ਸਮਾਜ ਵਿੱਚ ਸ਼ਰਾਰਤੀ ਅਨਸਰ ਵੀ ਹੁੰਦੇ ਹਨ, ਜਿਹਨਾਂ ਦਾ ਕੰਮ ਸਿਰਫ਼ ਅਫ਼ਵਾਹਾਂ ਫ਼ੈਲਾ ਕੇ ਆਮ ਲੋਕਾਂ ਨੂੰ ਪ੍ਰੇਸ਼ਾਨ ਕਰਨਾ ਹੁੰਦਾ ਹੈ। ਇਹ ਸ਼ਰਾਰਤੀ ਅਨਸਰ ਮਾਨਸਿਕ ਰੋਗੀ ਵੀ ਹੁੰਦੇ ਹਨ, ਜੋ ਕਿ ਦੂਜੇ ਲੋਕਾਂ ਨੂੰ ਪ੍ਰੇਸ਼ਾਨ ਵੇਖ ਕੇ ਖੁਦ ਖੁਸ਼ੀ ਮਨਾਉਂਦੇ ਹਨ।**

ਇਸ ਤੋਂ ਇਲਾਵਾ ਕਈ ਟੀ.ਵੀ. ਚੈਨਲਾਂ ਵੱਲੋਂ ਵੀ ਅਕਸਰ ਆਪਣੀ ਟੀ.ਆਰ.ਪੀ. ਵਧਾਉਣ ਲਈ ਤੱਥ ਰਹਿਤ ਖ਼ਬਰਾਂ ਚਲਾ ਦਿੱਤੀਆਂ ਜਾਂਦੀਆਂ ਹਨ, ਅਜਿਹੀਆਂ ਖ਼ਬਰਾਂ ਦਾ ਕੋਈ ਮੂੰਹ ਸਿਰ ਨਹੀਂ ਹੁੰਦਾ ਪਰ ਅਕਸਰ ਆਮ ਲੋਕ ਇਹਨਾਂ ਖ਼ਬਰਾਂ 'ਤੇ ਵਿਸ਼ਵਾਸ ਕਰ ਲੈਂਦੇ ਹਨ ਅਤੇ ਫ਼ਿਰ ਪਰੇਸ਼ਾਨ ਹੁੰਦੇ ਹਨ।

ਭਾਰਤ ਵਿੱਚ ਜਦੋਂ ਦੋ ਹਜ਼ਾਰ ਦੇ ਨਵੇਂ ਨੋਟ ਚਲਾਏ ਗਏ ਸਨ ਤਾਂ ਕਈ ਟੀ.ਵੀ. ਚੈਨਲਾਂ ਦੇ ਪੱਤਰਕਾਰਾਂ ਨੇ ਦਾਅਵਾ ਕੀਤਾ ਸੀ ਕਿ ਇਹਨਾਂ ਨੋਟਾਂ ਵਿੱਚ ਚਿੱਪ ਲੱਗੀ ਹੋਈ ਹੈ ਅਤੇ ਜੇ ਕੋਈ ਵੀ ਵਿਅਕਤੀ ਇਹਨਾਂ ਨੋਟਾਂ ਨੂੰ ਕਿਤੇ ਵੀ ਲੁਕੋ ਕੇ ਰੱਖੇਗਾ ਤਾਂ ਚਿੱਪ ਰਾਹੀਂ ਉਸ ਦਾ ਤੁਰੰਤ ਪਤਾ ਚਲ ਜਾਵੇਗਾ। ਟੀ. ਵੀ. ਚੈਨਲਾਂ ਦੀਆਂ ਕੁਝ ਮਹਿਲਾ ਐਂਕਰਾਂ ਵੱਲੋਂ ਤਾਂ ਇਹ ਵੀ ਦਾਅਵਾ ਕੀਤੀ ਗਿਆ ਸੀ ਕਿ ਜੇ ਕੋਈ ਵਿਅਕਤੀ ਦੋ ਹਜ਼ਾਰ ਦੇ ਨੋਟਾਂ ਨੂੰ ਖੱਡਾ ਪੁੱਟ ਕੇ ਧਰਤੀ ਵਿੱਚ ਵੀ ਛੁਪਾ ਦੇਵੇਗਾ ਤਾਂ ਇਹਨਾਂ ਨੋਟਾਂ ਵਿੱਚ ਲੱਗੀ ਚਿੱਪ ਨਾਲ ਇਹਨਾਂ ਨੋਟਾਂ ਦਾ ਤੁਰੰਤ ਪਤਾ ਚਲ ਜਾਵੇਗਾ। ਬਾਅਦ ਵਿੱਚ ਪਤਾ ਚਲਿਆ ਕਿ ਇਹ ਤਾਂ ਸਿਰਫ਼ ਅਫ਼ਵਾਹ ਸੀ, ਜਿਸ ਨੂੰ ਵੱਖ ਵੱਖ ਟੀ.ਵੀ. ਚੈਨਲਾਂ ਵੱਲੋਂ ਸਿਰਫ਼ ਆਪਣੀ ਟੀ. ਆਰ.ਪੀ. ਵਧਾਉਣ ਲਈ ਫ਼ੈਲਾਇਆ ਗਿਆ ਸੀ।

ਅਫ਼ਵਾਹਾਂ ਫ਼ੈਲਾਉਣ ਵਾਲੇ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਉਣਾ ਬਹੁਤ ਜ਼ਰੂਰੀ ਹੈ। ਭਾਵੇਂ ਕਿ ਕਈ ਸ਼ਰਾਰਤੀ ਅਨਸਰਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਵੀ ਕੀਤੀ ਜਾਂਦੀ ਹੈ, ਪਰ ਫ਼ਿਰ ਵੀ ਅਕਸਰ ਸ਼ਰਾਰਤੀ ਅਨਸਰ ਕਿਸੇ ਨਾ ਕਿਸੇ ਅਫ਼ਵਾਹ ਨੂੰ ਚਲਾਉਣ ਵਿੱਚ ਕਾਮਯਾਬ ਹੋ ਹੀ ਜਾਂਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਅਫ਼ਵਾਹਾਂ ਫ਼ੈਲਾਉਣ ਵਾਲੇ ਸ਼ਰਾਰਤੀ ਅਨਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਆਮ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਅਫ਼ਵਾਹਾਂ ਫ਼ੈਲਾਉਣ ਵਾਲਿਆਂ ਤੋਂ ਸੁਚੇਤ ਰਹਿਣ ਅਤੇ ਉਹਨਾਂ ਦਾ ਬਾਈਕਾਟ ਕਰ ਦੇਣ ਤਾਂ ਕਿ ਉਹ ਅਫ਼ਵਾਹਾਂ ਨਾ ਫ਼ੈਲਾ ਸਕਣ।

# ਇਰਾਨ ਜੰਗ ਦਾ ਭਾਰਤੀ ਟੈਲੀਵਿਜ਼ਨ ਉਦਯੋਗ 'ਤੇ ਪਿਆ ਵੱਡਾ ਪ੍ਰਭਾਵ

ਨਵੀਂ ਦਿੱਲੀ/ਏ.ਟੀ.ਨਿਊਜ਼: ਪੱਛਮੀ ਏਸ਼ੀਆ ਵਿੱਚ ਜਾਰੀ ਤਣਾਅ ਅਤੇ ਰੈਮ ਦੀਆਂ ਵਧਦੀਆਂ ਕੀਮਤਾਂ ਕਾਰਨ ਭਾਰਤੀ ਟੈਲੀਵਿਜ਼ਨ ਉਦਯੋਗ 'ਤੇ ਲਾਗਤ ਦਾ ਬੋਝ ਕਾਫੀ ਵੱਧ ਗਿਆ ਹੈ। ਇਸ ਸੰਕਟ ਕਾਰਨ ਪਲਾਸਟਿਕ ਅਤੇ ਸਮੁੰਦਰੀ ਢੋਆ-ਢੁਆਈ (ਸ਼ਿਪਿੰਗ) ਦੇ ਖਰਚੇ ਵਧਣ ਦੇ ਨਾਲ-ਨਾਲ ਰੁਪਏ ਦੀ ਕਮਜ਼ੋਰੀ ਨੇ ਉਤਪਾਦਨ ਲਾਗਤ ਵਿੱਚ ਭਾਰੀ ਵਾਧਾ ਕੀਤਾ ਹੈ। ਨਤੀਜੇ ਵਜੋਂ, ਟੀਵੀ ਦੀਆਂ ਖੁਦਰਾ ਕੀਮਤਾਂ ਵਧ ਗਈਆਂ ਹਨ ਅਤੇ ਗਾਹਕਾਂ ਨੇ ਹੁਣ ਆਪਣੀ ਖਰੀਦਦਾਰੀ ਨੂੰ ਟਾਲਣਾ ਸ਼ੁਰੂ ਕਰ ਦਿੱਤਾ ਹੈ। ਬਾਜ਼ਾਰ ਵਿੱਚ ਇਹ ਰੁਝਾਨ ਦੇਖਿਆ ਜਾ ਰਿਹਾ ਹੈ ਕਿ ਮਹਿੰਗਾਈ ਕਾਰਨ ਗਾਹਕ 65 ਇੰਚ ਦੀ ਬਜਾਏ 55 ਇੰਚ ਅਤੇ 55 ਇੰਚ ਦੀ ਬਜਾਏ 50 ਇੰਚ ਦੇ ਮਾਡਲ ਖਰੀਦਣ ਨੂੰ ਮਜਬੂਰ ਹਨ। ਇੱਥੋਂ ਤੱਕ ਕਿ 32 ਇੰਚ ਦੇ ਸਾਧਾਰਨ ਟੀਵੀ ਦੀ ਕੀਮਤ ਵੀ 9,000 ਰੁਪਏ ਤੋਂ ਵਧ ਕੇ ਲਗਭਗ 11,000 ਰੁਪਏ ਤੱਕ ਪਹੁੰਚ ਗਈ ਹੈ।



ਉਦਯੋਗ ਦੇ ਮਾਹਿਰਾਂ ਅਨੁਸਾਰ, ਹਾਲਾਂਕਿ ਵੱਡੀਆਂ ਕੰਪਨੀਆਂ ਆਪਣੀ ਮਾਰਕੀਟ ਹਿੱਸੇਦਾਰੀ ਬਚਾਉਣ ਲਈ ਵਧੀ ਹੋਈ ਲਾਗਤ ਦਾ ਕੁਝ ਹਿੱਸਾ ਖੁਦ ਬਰਦਾਸ਼ਤ ਕਰ ਰਹੀਆਂ ਹਨ, ਫਿਰ ਵੀ ਵਿਕਰੀ 'ਤੇ ਨਕਾਰਾਤਮਕ ਅਸਰ ਦਿਖਾਈ ਦੇ ਰਿਹਾ ਹੈ। ਸੁਪਰ ਪਲਾਸਟ੍ਰੋਨਿਕਸ ਅਤੇ ਹਾਇਰ ਇੰਡੀਆ ਵਰਗੀਆਂ ਕੰਪਨੀਆਂ ਦਾ ਕਹਿਣਾ ਹੈ ਕਿ 'ਆਸਾਨ ਕਿਸ਼ਤਾਂ' ਦੀਆਂ ਯੋਜਨਾਵਾਂ ਕਾਰਨ ਵੱਡੇ ਪਰਦੇ ਵਾਲੇ ਟੀਵੀ ਦੀ ਮੰਗ ਕੁਝ ਹੱਦ ਤੱਕ ਬਣੀ ਹੋਈ ਹੈ, ਕਿਉਂਕਿ ਕਿਸ਼ਤਾਂ ਕਾਰਨ ਗਾਹਕ 'ਤੇ ਕੀਮਤ ਵਾਧੇ ਦਾ ਤੁਰੰਤ ਬੋਝ ਘੱਟ ਮਹਿਸੂਸ ਹੁੰਦਾ ਹੈ।

ਫਿਲਹਾਲ ਉਦਯੋਗ ਨੂੰ ਉਮੀਦ ਹੈ ਕਿ ਸਾਲ ਦੇ ਦੂਜੇ ਅੱਧ ਵਿੱਚ ਤਿਉਹਾਰੀ ਸੀਜ਼ਨ ਦੌਰਾਨ ਮੰਗ ਵਿੱਚ ਮੁੜ ਸੁਧਾਰ ਹੋਵੇਗਾ। ਫਿਲਹਾਲ, ਕੀਮਤਾਂ ਪ੍ਰਤੀ ਸੁਚੇਤ ਗਾਹਕ ਸਸਤੇ ਅਤੇ ਛੋਟੇ ਵਿਕਲਪਾਂ ਵੱਲ ਵੱਧ ਰੁਚੀ ਦਿਖਾ ਰਹੇ ਹਨ।

**ਦਰਪਣ ਝੂਠ ਨਹੀਂ ਬੋਲਦਾ**

# ‘ਆਪ’ ‘ਚ ‘ਗ੍ਰਹਿ ਯੁੱਧ’, ਰਾਘਵ ਚੱਢਾ ਦੀ ਉਪ-ਨੇਤਾ ਦੇ ਅਹੁਦੇ ਤੋਂ ਛੁੱਟੀ

## ਕੇਜਰੀਵਾਲ ਦੀ ਗ੍ਰਿਫ਼ਤਾਰੀ ਵੇਲੇ ਲੰਡਨ ਕਿਉਂ ਸਨ ਚੱਢਾ ? ਪਾਰਟੀ ਅੰਦਰੋਂ ਉੱਠੀਆਂ ਤਿੱਖੀਆਂ ਸੁਰਾਂ


ਆਮ ਆਦਮੀ ਪਾਰਟੀ ਵਿੱਚ ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਪਾਰਟੀ ਦੀ ਹਾਈਕਮਾਂਡ ਵਿਚਾਲੇ ਤਿੱਖਾ ਤਕਰਾਰ ਸਾਹਮਣੇ ਆਇਆ ਹੈ। ਇਸ ਤੋਂ ਪਹਿਲਾਂ ਰਾਘਵ ਚੱਢਾ ਨੂੰ ਰਾਜ ਸਭਾ ਵਿੱਚ ਪਾਰਟੀ ਦਾ ਉਪ-ਨੇਤਾ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ । ਇਸ ਬਾਰੇ ਰਾਜ ਸਭਾ ਸਕੱਤਰ ਨੂੰ ਚਿੱਠੀ ਲਿਖੀ ਗਈ ਸੀ ਕਿ ਉਨ੍ਹਾਂ ਨੂੰ ਸਦਨ ਵਿੱਚ ਬੋਲਣ ਦਾ ਸਮਾਂ ਨਾ ਦਿੱਤਾ ਜਾਵੇ। ਇਸ ਤੋਂ ਬਾਅਦ ਰਾਘਵ ਚੱਢਾ ਨੇ ਆਪਣੇ ਖ਼ਿਲਾਫ਼ ਲਾਏ ਗਏ ਇਲਜ਼ਾਮਾਂ ਨੂੰ ਖਾਰਜ ਕਰਦਿਆਂ ਸੰਸਦੀ ਰਿਕਾਰਡ ਸਾਂਝਾ ਕੀਤਾ ਅਤੇ ਕਿਹਾ ਕਿ ਉਹ ਆਮ ਆਦਮੀ ਦੇ ਮੁੱਦੇ ਉਠਾਉਣ ਲਈ ਸਜ਼ਾ ਭੁਗਤ ਰਹੇ ਹਨ। ਪਾਰਟੀ ਨੇ ਇਸ ਨੂੰ ਇੱਕ ਆਮ ਤਬਦੀਲੀ ਦੱਸਿਆ ਪਰ ਆਗੂਆਂ ਨੇ ਰਾਘਵ ਚੱਢਾ ’ਤੇ ਭਾਜਪਾ ਅਤੇ ਮੋਦੀ ਸਰਕਾਰ ਵਿਰੋਧੀ ਮੁੱਦਿਆਂ ’ਤੇ ਚੁੱਪ ਰਹਿਣ ਅਤੇ ਪਾਰਟੀ ਲਾਈਨ ਤੋਂ ਭਟਕਣ ਦੇ ਦੋਸ਼ ਲਾਏ ਹਨ।

ਰਾਘਵ ਚੱਢਾ ਨੇ ਆਪਣੇ ਬਿਆਨ ਵਿੱਚ ਇਲਜ਼ਾਮਾਂ ਨੂੰ ਬੇਬੁਨਿਆਦ ਅਤੇ ਸਿਆਸੀ ਪ੍ਰਚਾਰ ਦੱਸਿਆ ਹੈ। ਉਨ੍ਹਾਂ ਇੱਕ ਵੀਡੀਓ ਜਾਰੀ ਕਰਕੇ ਕਿਹਾ, ‘ਮੈਂ ਖਾਮੋਸ਼ ਕਰਵਾਇਆ ਗਿਆ ਹਾਂ, ਹਾਰਿਆ ਨਹੀਂ ਹਾਂ।’ ਉਨ੍ਹਾਂ ਆਪਣੇ ਸਮਰਥਕਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਦਾ ਸਾਥ ਨਾ ਛੱਡਣ। ਰਾਘਵ ਚੱਢਾ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਚੁੱਪੀ ਨੂੰ ਕਮਜ਼ੋਰੀ ਨਾ ਸਮਝਿਆ ਜਾਵੇ, ਉਹ ਉਸ ਨਦੀ ਵਾਂਗ ਹਨ ਜੋ ਵਕਤ ਆਉਣ ’ਤੇ ਤੂਫਾਨ ਬਣ ਜਾਂਦੀ ਹੈ।

ਰਾਘਵ ਚੱਢਾ ਨੇ ਆਪਣੇ ਖ਼ਿਲਾਫ਼ ਲਾਏ ਗਏ ਇਲਜ਼ਾਮ ਕਿ ਉਹ ਸੰਸਦ ਵਿੱਚ ਪੰਜਾਬ ਦੇ ਮੁੱਦੇ ਨਹੀਂ ਚੁੱਕਦੇ, ਉਨ੍ਹਾਂ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਸੰਸਦੀ ਰਿਕਾਰਡ ਪੇਸ਼ ਕੀਤਾ ਹੈ। ਉਨ੍ਹਾਂ ਵਿਸ਼ੇਸ਼ ਤੌਰ ’ਤੇ 31 ਜੁਲਾਈ 2024 ਵਾਲੇ ਸੈਸ਼ਨ ਦਾ ਜ਼ਿਕਰ ਕੀਤਾ, ਜਿਸ ਵਿੱਚ ਉਨ੍ਹਾਂ ਨੇ ਪੰਜਾਬ ਦੇ ਬਕਾਇਆ ਫੰਡਾਂ ਅਤੇ ਰੂਰਲ ਡਿਵੈਲਪਮੈਂਟ ਫੰਡ (ਆਰਡੀਐਫ) ਦੇ ਬਕਾਏ ਦਾ ਮੁੱਦਾ ਬਹੁਤ ਤਿਖੇ ਢੰਗ ਨਾਲ ਉਠਾਇਆ ਸੀ। ਇਸ ਦਾ ਰਿਕਾਰਡ ਸੰਸਦ ਟੀਵੀ ’ਤੇ ਵੀ ਮੌਜੂਦ ਹੈ।

ਚੱਢਾ ਨੇ ਆਪਣੇ ਕਾਰਜਕਾਲ ਦੌਰਾਨ ਸੰਸਦ ਵਿੱਚ ਉਠਾਏ ਗਏ ਪੰਜਾਬ ਨਾਲ ਜੁੜੇ ਮੁੱਦਿਆਂ ਦੀ ਲੰਮੀ ਸੂਚੀ ਸਾਂਝੀ ਕੀਤੀ ਹੈ। ਰਾਘਵ ਦਾ ਮੰਨਣਾ ਹੈ ਕਿ ਕਰਤਾਰਪੁਰ ਸਾਹਿਬ ਲਾਂਘੇ ਦਾ ਵਿਸਥਾਰ ਅਤੇ ਨਨਕਾਣਾ ਸਾਹਿਬ ਲਈ ਵੀਜ਼ਾ-ਮੁਕਤ ਯਾਤਰਾ ਲਈ ਵਕਾਲਤ, ਕਿਸਾਨੀ ਮੁੱਦੇ ਜਿਵੇਂ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਗਰੰਟੀ, ਖੇਤੀਬਾੜੀ ਸੰਕਟ ਅਤੇ ਫਸਲੀ ਵਿਭਿੰਨਤਾ ਨੂੰ ਉਤਸਾਹਿਤ ਕਰਨ, ਪੰਜਾਬ ਦਾ ਡਿੱਗਦਾ ਭੂਜਲ ਪੱਧਰ ,ਉਦਯੋਗਾਂ ਦੀ ਪੁਨਰ-ਸੁਰਜੀਤੀ ਆਦਿ ਮੁੱਦੇ ਵੀ ਉਠਾਏ ਹਨ।

ਚੱਢਾ ਨੇ ਅਫਸੋਸ ਜਤਾਇਆ ਕਿ ਤੱਥਾਂ ਨੂੰ ਨਜ਼ਰਅੰਦਾਜ਼ ਕਰਕੇ ਉਨ੍ਹਾਂ ਖ਼ਿਲਾਫ਼ ਇੱਕ ਗਿਣੀ-ਮਿਥੀ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਮੇਰੇ ਲਈ ਗੱਲਾਂ ਕਰਨ ਦਾ ਵਿਸ਼ਾ ਨਹੀਂ, ਇਹ ਮੇਰੀ ਰੂਹ ਹੈ।




ਉਨ੍ਹਾਂ ਦੁਹਰਾਇਆ ਕਿ ਕੋਈ ਵੀ ਪ੍ਰਚਾਰ ਉਨ੍ਹਾਂ ਦੀ ਆਵਾਜ਼ ਨੂੰ ਦਬਾ ਨਹੀਂ ਸਕਦਾ ਅਤੇ ਸੱਚ ਆਖਰਕਾਰ ਸਾਹਮਣੇ ਆਵੇਗਾ।

ਦੂਸਰੇ ਪਾਸੇ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਰਾਘਵ ਚੱਢਾ ’ਤੇ ਗੰਭੀਰ ਦੋਸ਼ ਲਾਏ ਹਨ ਅਤੇ ਉਨ੍ਹਾਂ ਦੀ ਉਪ-ਨੇਤਾ ਵਜੋਂ ਹਟਾਉਣ ਨੂੰ ਇੱਕ ਆਮ ਪਾਰਟੀ ਫੈਸਲਾ ਦੱਸਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪਾਰਟੀ ਦਾ ਅੰਦਰੂਨੀ ਮਾਮਲਾ ਹੈ ਅਤੇ ਸਾਰੀਆਂ ਪਾਰਟੀਆਂ ਆਪਣੇ ਨੇਤਾ ਬਦਲਦੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਜੇ ਕੋਈ ਵਿਅਕਤੀ ਪਾਰਟੀ ਵਿੱਪ ਦੇ ਖ਼ਿਲਾਫ਼ ਜਾਂਦਾ ਹੈ ਤਾਂ ਉਸ ’ਤੇ ਕਾਰਵਾਈ ਹੋਣੀ ਲਾਜ਼ਮੀ ਹੈ।

ਸੰਜੇ ਸਿੰਘ ਨੇ ਕਿਹਾ ਕਿ ਰਾਘਵ ਚੱਢਾ ਮੋਦੀ ਸਰਕਾਰ ਵਿਰੋਧੀ ਮੁੱਦਿਆਂ ’ਤੇ ਚੁੱਪ ਰਹਿੰਦੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਰਾਘਵ ਚੱਢਾ ਨੇ ਮੁੱਖ ਚੋਣ ਕਮਿਸ਼ਨਰ ਵਿਰੋਧੀ ਮਹਾਂਦੋਸ਼ ਪ੍ਰਸਤਾਵ ’ਤੇ ਹਸਤਾਖਰ ਨਹੀਂ ਕੀਤੇ, ਐਲਪੀਜੀ ਸੰਕਟ ’ਤੇ ਬੋਲਣ ਤੋਂ ਇਨਕਾਰ ਕੀਤਾ ਅਤੇ ਵਾਕਆਊਟ ਵਿੱਚ ਹਿੱਸਾ ਨਹੀਂ ਲਿਆ। ਉਨ੍ਹਾਂ ਕਿਹਾ ਕਿ ਰਾਘਵ ਚੱਢਾ ਪੰਜਾਬ ਅਤੇ ਪਾਰਟੀ ਨਾਲ ਜੁੜੇ ਮੁੱਦਿਆਂ ’ਤੇ ਵੀ ਖਾਮੋਸ਼ ਰਹਿੰਦੇ ਹਨ ਅਤੇ ਭਾਜਪਾ ਤੋਂ ਡਰਦੇ ਹਨ।

ਸੌਰਭ ਭਾਰਦਵਾਜ ਨੇ ਕਿਹਾ ਕਿ ਰਾਘਵ ਚੱਢਾ ਸਰਕਾਰ ਵਿਰੋਧੀ ਗੰਭੀਰ ਮੁੱਦਿਆਂ ਤੋਂ ਬਚਦੇ ਹਨ ਅਤੇ ਸਿਰਫ਼ ‘ਸੌਫਟ’ ਮੁੱਦਿਆਂ ’ਤੇ ਬੋਲਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਰਾਘਵ ਚੱਢਾ ਨੇ ਗੁਜਰਾਤ ਵਿੱਚ ਆਪ ਵਰਕਰਾਂ ’ਤੇ ਝੂਠੇ ਕੇਸਾਂ, ਕੇਜਰੀਵਾਲ ਦੀ ਗ੍ਰਿਫਤਾਰੀ ਵੇਲੇ ਲੰਡਨ ਵਿੱਚ ਰਹਿਣ ਅਤੇ ਚੋਣ ਕਮਿਸ਼ਨ ਵਿਰੋਧੀ ਪ੍ਰਸਤਾਵ ’ਤੇ ਹਸਤਾਖਰ ਨਾ ਕਰਨ ਦੇ ਮਾਮਲਿਆਂ ਵਿੱਚ ਚੁੱਪੀ ਧਾਰੀ ਹੈ। ਉਨ੍ਹਾਂ ਕਿਹਾ, ‘ਜੋ ਡਰ ਗਿਆ, ਉਸ ਨੂੰ ਮਰਿਆ ਸਮਝੋ।’

ਆਤਿਸ਼ੀ ਨੇ ਤਿੱਖਾ ਹਮਲਾ ਕਰਦਿਆਂ ਪੁੱਛਿਆ ਕਿ ਰਾਘਵ ਚੱਢਾ ਭਾਜਪਾ ਅਤੇ ਮੋਦੀ ਜੀ ਤੋਂ ਇੰਨਾ ਕਿਉਂ ਡਰਦੇ ਹਨ ?

## ਕੀ ਰਾਘਵ ਚੱਢਾ ਭਾਜਪਾ ਵੱਲ ਜਾਣਗੇ ?

ਇਸ ਤਰ੍ਹਾਂ ਇਹ ਝਗੜਾ ਆਮ ਆਦਮੀ ਪਾਰਟੀ ਵਿੱਚ ਅੰਦਰੂਨੀ ਤਣਾਅ ਨੂੰ ਉਜਾਗਰ ਕਰ ਰਿਹਾ ਹੈ। ਰਾਘਵ ਚੱਢਾ ਇੱਕ ਲੰਮੇ ਸਮੇਂ ਤੋਂ ਪਾਰਟੀ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਨੂੰ ਅਰਵਿੰਦ ਕੇਜਰੀਵਾਲ ਦਾ ਕਰੀਬੀ ਮੰਨਿਆ ਜਾਂਦਾ ਸੀ, ਪਰ ਹੁਣ ਇਹ ਫੁੱਟ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਪਾਰਟੀ ਵੱਲੋਂ ਇਸ ਨੂੰ ਆਮ ਤਬਦੀਲੀ ਦੱਸਿਆ ਜਾ ਰਿਹਾ ਹੈ ਜਦਕਿ ਰਾਘਵ ਚੱਢਾ ਇਸ ਨੂੰ ਆਪਣੀ ਆਵਾਜ਼ ਖਾਮੋਸ਼ ਕਰਨ ਦੀ ਕੋਸ਼ਿਸ਼ ਦੱਸ ਰਹੇ ਹਨ। ਇਸ ਮਾਮਲੇ ਵਿਚ ਆਉਣ ਵਾਲੇ ਦਿਨਾਂ ਵਿੱਚ ਹੋਰ ਵਧਣ ਦੀ ਉਮੀਦ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ‘ਆਪ’ ਵਿੱਚ ਉਨ੍ਹਾਂ ਦੇ ਰਾਹ ਪੂਰੀ ਤਰ੍ਹਾਂ ਬੰਦ ਹੋ ਜਾਂਦੇ ਹਨ, ਤਾਂ ਰਾਘਵ ਵਰਗਾ ਨੌਜਵਾਨ ਅਤੇ ਪੜ੍ਹਿਆ-ਲਿਖਿਆ ਚਿਹਰਾ ਭਾਜਪਾ ਦੀ ਸਿਆਸਤ ਲਈ ਲਾਭਦਾਇਕ ਸਾਬਤ ਹੋ ਸਕਦਾ ਹੈ, ਖਾਸ ਕਰਕੇ ਦਿੱਲੀ ਅਤੇ ਪੰਜਾਬ ਦੀ ਸਿਆਸਤ ਲਈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਰਾਘਵ ਚੱਢਾ ਪਾਰਟੀ ਦਾ ਪੜ੍ਹਿਆ-ਲਿਖਿਆ ਅਤੇ ਅੰਗਰੇਜ਼ੀ-ਹਿੰਦੀ ਮੀਡੀਆ ਵਿੱਚ ਪ੍ਰਭਾਵਸ਼ਾਲੀ ਚਿਹਰਾ ਹਨ। ਉਨ੍ਹਾਂ ਦੇ ਜਾਣ ਨਾਲ ਪਾਰਟੀ ਦੇ ਅਕਸ ਨੂੰ ਠੇਸ ਪਹੁੰਚ ਸਕਦੀ ਹੈ। ਉਹ ਪੰਜਾਬ ਤੋਂ ਰਾਜ ਸਭਾ ਮੈਂਬਰ ਹਨ ਅਤੇ ਪੰਜਾਬ ਚੋਣਾਂ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਰਹੀ ਸੀ। ਉਨ੍ਹਾਂ ਦੀ ਬਗ਼ਾਵਤ ਪੰਜਾਬ ਇਕਾਈ ਵਿੱਚ ਵੀ ਦੋਫਾੜ ਪੈਦਾ ਕਰ ਸਕਦੀ ਹੈ।

# ਭਾਰਤ ’ਚ ਘੱਟ-ਗਿਣਤੀਆਂ ਤੇ ਪੱਛੜਿਆਂ ਨਾਲ ਵਿਤਕਰਾ ਕਿਉਂ ?

## ‘ਸਬ ਕਾ ਸਾਥ’ ਕੇਂਦਰ ਸਰਕਾਰ ਦਾ ਖੋਖਲਾ ਨਾਅਰਾ: ਘੱਟ-ਗਿਣਤੀਆਂ ਤੇ ਪੱਛੜਿਆਂ ਨਾਲ ਬੇਇਨਸਾਫ਼ੀ

ਭਾਰਤ ਇੱਕ ਵਿਭਿੰਨਤਾ ਵਾਲਾ ਦੇਸ਼ ਹੈ, ਜਿੱਥੇ ਵੱਖ-ਵੱਖ ਧਰਮਾਂ, ਜਾਤੀਆਂ ਤੇ ਸਮਾਜਿਕ ਵਰਗਾਂ ਦੇ ਲੋਕ ਰਹਿੰਦੇ ਹਨ। ਸੰਵਿਧਾਨ ਨੇ ਸਭ ਨੂੰ ਬਰਾਬਰੀ ਦਾ ਅਧਿਕਾਰ ਦਿੱਤਾ ਹੈ ਤੇ ਖਾਸ ਕਰਕੇ ਘੱਟ-ਗਿਣਤੀਆਂ, ਅਨੁਸੂਚਿਤ ਜਾਤੀਆਂ (ਐੱਸ.ਸੀ.), ਹੋਰ ਪੱਛੜੇ ਵਰਗਾਂ (ਓ.ਬੀ.ਸੀ.) ਤੇ ਅਤਿਅੰਤ ਪੱਛੜੇ ਵਰਗਾਂ ਲਈ ਵਿਸ਼ੇਸ਼ ਸੁਰੱਖਿਆ ਤੇ ਵਿਕਾਸ ਦੀਆਂ ਯੋਜਨਾਵਾਂ ਬਣਾਈਆਂ ਗਈਆਂ ਹਨ। ਪਰ ਅੱਜ ਵੀ ਇਨ੍ਹਾਂ ਵਰਗਾਂ ਨਾਲ ਵਿਤਕਰਾ ਤੇ ਅਨਿਆਂ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਖਾਸ ਕਰਕੇ 2014 ਤੋਂ ਬਾਅਦ ਮੋਦੀ ਸਰਕਾਰ ਦੇ ‘ਸਬ ਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ’ ਨਾਅਰੇ ਦੇ ਬਾਵਜੂਦ ਕਈ ਸੰਸਥਾਗਤ ਕਮਜ਼ੋਰੀਆਂ ਨੇ ਸਵਾਲ ਖੜ੍ਹੇ ਕੀਤੇ ਹਨ। ਇਸ ਵਿੱਚ ਕੌਮੀ ਘੱਟ-ਗਿਣਤੀ ਕਮਿਸ਼ਨ ਦੀਆਂ ਰਿਪੋਰਟਾਂ ਸੰਸਦ ਵਿੱਚ ਨਾ ਪੇਸ਼ ਕਰਨਾ ਤੇ ਪੱਛੜੇ ਵਰਗਾਂ ਲਈ ਬਜਟ ਵਿੱਚ ਵੱਡੀਆਂ ਕਟੌਤੀਆਂ ਤੇ ਫੰਡ ਵਾਪਸ ਮੋੜਨੇ ਸ਼ਾਮਲ ਹਨ। ਇਹ ਸਭ ਗੱਲਾਂ ਸਰਕਾਰੀ ਲਾਪਰਵਾਹੀ ਜਾਂ ਨੀਤੀਗਤ ਉਦਾਸੀਨਤਾ ਨੂੰ ਦਰਸਾਉਂਦੀਆਂ ਹਨ।


ਕੌਮੀ ਘੱਟ-ਗਿਣਤੀ ਕਮਿਸ਼ਨ (ਐੱਨ.ਸੀ.ਐੱਮ.) 1992 ਦੇ ਐਕਟ ਅਧੀਨ ਬਣਾਇਆ ਗਿਆ ਸੀ।

### ਲੰਗੜਾ ਕੌਮੀ ਘੱਟ-ਗਿਣਤੀ ਕਮਿਸ਼ਨ: 10 ਸਾਲ ਤੋਂ ਰਿਪੋਰਟਾਂ ਗਾਇਬ

ਇਸ ਦੀ ਮੁੱਖ ਜ਼ਿੰਮੇਵਾਰੀ ਧਾਰਮਿਕ ਘੱਟ-ਗਿਣਤੀਆਂ (ਮੁਸਲਮਾਨ, ਈਸਾਈ, ਸਿੱਖ, ਬੋਧ, ਜੈਨ ਤੇ ਪਾਰਸੀ) ਨੂੰ ਵਿਤਕਰੇ ਤੋਂ ਬਚਾਉਣਾ ਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਨਾ ਹੈ। ਐਕਟ ਦੀ ਧਾਰਾ 13 ਮੁਤਾਬਕ ਕਮਿਸ਼ਨ ਨੂੰ ਹਰ ਸਾਲ ਆਪਣੀ ਰਿਪੋਰਟ ਸੰਸਦ ਵਿੱਚ ਪੇਸ਼ ਕਰਨੀ ਚਾਹੀਦੀ ਹੈ, ਜਿਸ ਵਿੱਚ ਸਿਫਾਰਸ਼ਾਂ, ਸਰਕਾਰ ਵੱਲੋਂ ਕੀਤੀ ਕਾਰਵਾਈ ਤੇ ਨਾ-ਕੀਤੀ ਕਾਰਵਾਈ ਦੇ ਕਾਰਨ ਵੀ ਸ਼ਾਮਲ ਹੋਣੇ ਚਾਹੀਦੇ ਹਨ। ਪਰ 2014 ਤੋਂ ਬਾਅਦ ਇੱਕ ਵੀ ਸਾਲਾਨਾ ਰਿਪੋਰਟ ਸੰਸਦ ਵਿੱਚ ਨਹੀਂ ਰੱਖੀ ਗਈ।

15 ਦਸੰਬਰ 2025 ਨੂੰ ਰਾਜ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਮੰਤਰਾਲੇ ਨੇ ਖੁਦ ਮੰਨਿਆ ਕਿ 2014 ਤੋਂ ਬਾਅਦ ਕੋਈ ਰਿਪੋਰਟ ਪੇਸ਼ ਨਹੀਂ ਕੀਤੀ ਗਈ।

ਆਰ.ਟੀ.ਆਈ. ਜਵਾਬਾਂ ਤੋਂ ਪਤਾ ਚੱਲਦਾ ਹੈ ਕਿ 2015-16 ਤੋਂ 2024-25 ਤੱਕ ਕਮਿਸ਼ਨ ਨੇ ਕੇਂਦਰ ਸਰਕਾਰ ਨੂੰ 1495 ਸਿਫਾਰਸ਼ਾਂ ਭੇਜੀਆਂ, ਪਰ ਜ਼ਿਆਦਾਤਰ ‘ਵਿਚਾਰ ਅਧੀਨ’ ਰੱਖ ਕੇ ਛੱਡ ਦਿੱਤੀਆਂ ਗਈਆਂ। ਕੋਈ ਖਾਸ ਕਾਰਵਾਈ ਨਹੀਂ ਹੋਈ। ਇਸ ਤੋਂ ਇਲਾਵਾ, 2020 ਤੋਂ ਕਮਿਸ਼ਨ ਦੇ ਕਈ ਅਹੁਦੇ ਖਾਲੀ ਪਏ ਹਨ। ਚੇਅਰਪਰਸਨ ਤੇ ਮੈਂਬਰਾਂ ਦੀਆਂ ਨਿਯੁਕਤੀਆਂ ਨਹੀਂ ਹੋਈਆਂ, ਜਿਸ ਕਾਰਨ ਕਮਿਸ਼ਨ ਕਾਗਜ਼ਾਂ ’ਤੇ ਹੀ ਮੌਜੂਦ ਹੈ।




ਇਸ ਨਾਲ ਘੱਟਗਿਣਤੀ ਭਾਈਚਾਰੇ ਨਾਲ ਅੱਤਿਆਚਾਰਾਂ ਦੀਆਂ ਸ਼ਿਕਾਇਤਾਂ ਵਧ ਰਹੀਆਂ ਹਨ, ਪਰ ਉਨ੍ਹਾਂ ਦਾ ਨਿਪਟਾਰਾ ਘੱਟ ਰਿਹਾ ਹੈ। 2020-21 ਵਿੱਚ ਮੁਸਲਮਾਨਾਂ ਦੀਆਂ 1105 ਸ਼ਿਕਾਇਤਾਂ ਵਿੱਚੋਂ 1102 ਨਿਪਟਾਈਆਂ ਗਈਆਂ ਸਨ, ਪਰ 2024-25 ਵਿੱਚ 855 ਵਿੱਚੋਂ ਸਿਰਫ 638 ਨਿਪਟਾਈਆਂ ਗਈਆਂ ਸਨ। ਇਸੇ ਤਰ੍ਹਾਂ ਈਸਾਈਆਂ ਦੀਆਂ ਸ਼ਿਕਾਇਤਾਂ ਵੀ ਵਧੀਆਂ ਹਨ। ਇਹ ਸਭ ਦੱਸਦਾ ਹੈ ਕਿ ਸੰਸਥਾਗਤ ਤੌਰ ’ਤੇ ਘੱਟ-ਗਿਣਤੀਆਂ ਦੀ ਸੁਰੱਖਿਆ ਕਮਜ਼ੋਰ ਹੋ ਰਹੀ ਹੈ। ਜੇ ਰਿਪੋਰਟਾਂ ਸੰਸਦ ਵਿੱਚ ਰੱਖੀਆਂ ਜਾਂਦੀਆਂ ਤਾਂ ਬਹਿਸ ਹੁੰਦੀ ਤੇ ਸਰਕਾਰ ਨੂੰ ਜਵਾਬਦੇਹ ਬਣਨਾ ਪੈਂਦਾ।

ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲੇ ਅਧੀਨ ਐੱਸ.ਸੀ., ਓ.ਬੀ.ਸੀ., ਈ.ਬੀ.ਸੀ. ਤੇ ਡੀ.ਐੱਨ.ਟੀ. ਲਈ ਕਈ ਕਲਿਆਣਕਾਰੀ ਯੋਜਨਾਵਾਂ ਚੱਲਦੀਆਂ ਹਨ। ਪਰ ਸੰਸਦੀ ਸਥਾਈ ਕਮੇਟੀ ਨੇ ਇਨ੍ਹਾਂ ਯੋਜਨਾਵਾਂ ਵਿੱਚ ਵੱਡੀ ਲਾਪਰਵਾਹੀ ਦਾ ਖੁਲਾਸਾ ਕੀਤਾ ਹੈ। ਵਿੱਤੀ ਸਾਲ 2024-25 ਵਿੱਚ ਐੱਸ.ਸੀ. ਵਿਭਾਗ ਲਈ 10309 ਕਰੋੜ ਰੁਪਏ ਮਨਜ਼ੂਰ ਹੋਏ ਸਨ, ਪਰ ਮੰਤਰਾਲੇ ਨੇ 2345 ਕਰੋੜ ਰੁਪਏ (ਕਰੀਬ 23 ਫੀਸਦੀ) ਵਾਪਸ ਮੋੜ ਦਿੱਤੇ ਸਨ। ਇਹ ਪੈਸਾ ਗਰੀਬਾਂ ਤੇ ਕਮਜ਼ੋਰ ਵਰਗਾਂ ਲਈ ਸੀ, ਪਰ ਖਰਚ ਨਹੀਂ ਹੋਇਆ।

ਕਮੇਟੀ, ਜਿਸ ਦੀ ਅਗਵਾਈ ਭਾਜਪਾ ਸਾਂਸਦ ਪੀ.ਸੀ. ਮੋਹਨ ਨੇ ਕੀਤੀ, ਨੇ ਕਿਹਾ ਕਿ ਇਹ ‘ਸਮਝ ਨਹੀਂ ਆ ਰਿਹਾ’ ਕਿ ਇੰਨੀ ਵੱਡੀ ਰਕਮ ਕਿਉਂ ਵਾਪਸ ਕੀਤੀ ਗਈ। ਪਿਛਲੇ ਕਈ ਸਾਲਾਂ ਤੋਂ ਬਜਟ ਅਨੁਮਾਨ ਵਧਾਇਆ ਜਾਂਦਾ ਹੈ, ਪਰ ਸੋਧੇ ਅਨੁਮਾਨ ਵਿੱਚ 30 ਫੀਸਦੀ ਘੱਟ ਕਰ ਦਿੱਤਾ ਜਾਂਦਾ ਹੈ ਤੇ ਫਿਰ ਵੀ ਬਾਕੀ ਪੈਸੇ ਪੂਰੇ ਖਰਚ ਨਹੀਂ ਹੁੰਦੇ। ਖਾਸ ਤੌਰ ’ਤੇ ‘ਟਾਪ ਕਲਾਸ ਐਜੂਕੇਸ਼ਨ’ (ਐੱਸ.ਸੀ. ਵਿਦਿਆਰਥੀਆਂ ਲਈ) ਤੇ ‘ਟਾਪ ਕਲਾਸ ਸਕੂਲ ਐਂਡ ਕਾਲਜ’ (ਓ.ਬੀ.ਸੀ., ਈ.ਬੀ.ਸੀ. ਤੇ ਡੀ.ਐੱਨ.ਟੀ. ਲਈ) ਯੋਜਨਾਵਾਂ ਵਿੱਚ 20-25 ਫੀਸਦੀ ਬਜਟ ਵਾਪਸ ਹੋਇਆ ਹੈ। ਇਹ ਯੋਜਨਾਵਾਂ ਹੋਣਹਾਰ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਲਈ ਵਜ਼ੀਫੇ ਦਿੰਦੀਆਂ ਹਨ, ਪਰ ਫੰਡ ਨਾ ਹੋਣ ਕਾਰਨ ਵਿਦਿਆਰਥੀ ਵਾਂਝੇ ਰਹਿ ਜਾਂਦੇ ਹਨ।

ਕਮੇਟੀ ਨੇ ਮੰਤਰਾਲੇ ਦੇ ਬਹਾਨੇ (ਰਾਜ ਸਰਕਾਰਾਂ ਵੱਲੋਂ ਘੱਟ ਪ੍ਰਸਤਾਵ) ਨੂੰ ਖਾਰਜ ਕਰ ਦਿੱਤਾ ਤੇ ਕਿਹਾ ਕਿ ਇਹ ਗਲਤ ਯੋਜਨਾਬੰਦੀ ਜਾਂ ਖਰਾਬ ਅਮਲ ਕਾਰਨ ਹੈ। ਇਸ ਨਾਲ ਸਮਾਜਿਕ ਨਿਆਂ ਦੀਆਂ ਯੋਜਨਾਵਾਂ ਦੀ ਪ੍ਰਭਾਵਸ਼ੀਲਤਾ ਤੇ ਵੱਡਾ ਸਵਾਲ ਖੜ੍ਹਾ ਹੋ ਜਾਂਦਾ ਹੈ। ਜੇ ਪੈਸੇ ਵਾਪਸ ਹੋ ਰਹੇ ਹਨ ਤਾਂ ਅਸਲ ਲਾਭਾਰਥੀਆਂ ਤੱਕ ਪਹੁੰਚ ਨਹੀਂ ਰਹੀ। ਇਹ ਜਾਣਬੁੱਝ ਕੇ ਅਨਦੇਖੀ ਵੀ ਲੱਗ ਸਕਦੀ ਹੈ।

ਵਜ਼ੀਫਿਆਂ ਵਿੱਚ ਵੱਡੀ ਕਮੀ ਆਈ ਹੈ। ਪੋਸਟ-ਮੈਟ੍ਰਿਕ ਸਕਾਲਰਸ਼ਿਪ ਵਰਗੀਆਂ ਯੋਜਨਾਵਾਂ ਵਿੱਚ ਲਾਭਾਰਥੀਆਂ ਦੀ ਗਿਣਤੀ ਘਟੀ ਹੈ। 2025-26 ਵਿੱਚ ਐੱਸ.ਸੀ. ਵਿਦਿਆਰਥੀਆਂ ਲਈ ਟੀਚਾ 76.55 ਲੱਖ ਸੀ, ਪਰ ਸਿਰਫ 36.07 ਲੱਖ ਨੂੰ ਮਿਲੀ – ਯਾਨੀ 47.1 ਫੀਸਦੀ ਹੀ ਪੂਰਾ ਹੋਇਆ। ਇਸੇ ਤਰ੍ਹਾਂ ਹੋਰ ਵਰਗਾਂ ਲਈ ਵੀ ਫੰਡ ਅਧੂਰੇ ਖਰਚ ਹੋ ਰਹੇ ਹਨ। ਇਹ ਸਭ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਸਿੱਖਿਆ ਨੂੰ ਪ੍ਰਭਾਵਿਤ ਕਰ ਰਿਹਾ ਹੈ, ਜੋ ਵਿਤਕਰੇ ਨੂੰ ਹੋਰ ਵਧਾਉਂਦਾ ਹੈ।

ਮੋਦੀ ਸਰਕਾਰ ਨੇ ਘੱਟ-ਗਿਣਤੀਆਂ ਤੇ ਪੱਛੜਿਆਂ ਲਈ ਸਕੀਮਾਂ ਦਾ ਢੰਡੋਰਾ ਪਿੱਟਿਆ ਹੈ, ਪਰ ਸੰਸਥਾਗਤ ਜਵਾਬਦੇਹੀ ਤੇ ਅਮਲ ਵਿੱਚ ਕਮੀ ਹੈ। ਕਮਿਸ਼ਨ ਖਾਲੀ, ਰਿਪੋਰਟਾਂ ਲੁਕੀਆਂ, ਬਜਟ ਵਾਪਸ – ਇਹ ਸਭ ਦੱਸਦਾ ਹੈ ਕਿ ‘ਸਬਕਾ ਸਾਥ’ ਸਿਰਫ ਨਾਅਰਾ ਬਣ ਕੇ ਰਹਿ ਗਿਆ ਹੈ। ਘੱਟ-ਗਿਣਤੀਆਂ ਤੇ ਪੱਛੜੇ ਭਾਰਤ ਦੇ ਨਾਗਰਿਕ ਹਨ – ਉਨ੍ਹਾਂ ਨੂੰ ਸਕੀਮਾਂ ਨਾਲੋਂ ਵੱਧ ਸੁਰੱਖਿਆ, ਸਨਮਾਨ ਤੇ ਅਸਲੀ ਨਿਆਂ ਚਾਹੀਦਾ ਹੈ। ਜੇ ਸਰਕਾਰ ਸੱਚਮੁੱਚ ਸਭ ਨੂੰ ਨਾਲ ਲੈ ਕੇ ਚੱਲਣਾ ਚਾਹੁੰਦੀ ਹੈ ਤਾਂ ਇਨ੍ਹਾਂ ਕਮੀਆਂ ਨੂੰ ਜਲਦੀ ਦੂਰ ਕਰਨਾ ਚਾਹੀਦਾ ਹੈ। ਨਹੀਂ ਤਾਂ ਵਿਤਕਰਾ ਖਤਮ ਨਹੀਂ ਹੋਵੇਗਾ ਤੇ ਸਮਾਜਿਕ ਨਿਆਂ ਦਾ ਸੁਪਨਾ ਅਧੂਰਾ ਰਹੇਗਾ।

# ਕੀ ਫੂਲਕਾ ਰਾਹੀਂ ਸਿੱਖ ਹਲਕਿਆਂ 'ਚ ਸੰਨ੍ਹ ਲਗਾਏਗੀ ਭਾਜਪਾ ?

## 'ਆਪ' ਵਿੱਚ ਜਾਣਾ ਸੀ ਗ਼ਲਤੀ, ਹੁਣ ਭਾਜਪਾ ਹੀ ਬਚਾਏਗੀ ਪੰਜਾਬ ? ਫੂਲਕਾ ਦੇ ਬਿਆਨਾਂ ਨੇ ਮਚਾਇਆ ਘਮਸਾਣ

## ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲਿਆਂ ਨੂੰ ਛੱਡਕੇ ਫੂਲਕਾ ਮੁੜ ਪੰਥਕ ਪਿੜ ਵਿੱਚ ਆਉਣ: ਗਿਆਨੀ ਕੇਵਲ ਸਿੰਘ

ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਅਤੇ 1984 ਸਿੱਖ ਕਤਲੇਆਮ ਦੇ ਪੀੜਤਾਂ ਲਈ ਚਾਰ ਦਹਾਕਿਆਂ ਤੋਂ ਲਗਾਤਾਰ ਲੜਾਈ ਲੜਨ ਵਾਲੇ ਐੱਚ.ਐੱਸ. ਫੂਲਕਾ ਨੇ 1 ਅਪ੍ਰੈਲ 2026 ਨੂੰ ਭਾਜਪਾ ਵਿੱਚ ਸ਼ਾਮਲ ਹੋ ਕੇ ਸਿਆਸੀ ਗਲਿਆਰਿਆਂ ਵਿੱਚ ਤਹਿਲਕਾ ਮਚਾ ਦਿੱਤਾ ਹੈ। ਇਹ ਸ਼ਮੂਲੀਅਤ ਪੰਜਾਬ ਵਿਧਾਨ ਸਭਾ ਚੋਣਾਂ (2027) ਤੋਂ ਠੀਕ ਇੱਕ ਸਾਲ ਪਹਿਲਾਂ ਹੋਈ ਹੈ ਅਤੇ ਭਾਜਪਾ ਵੱਲੋਂ ਸਿੱਖ ਚਿਹਰਿਆਂ ਅਤੇ ਪੰਥਕ ਆਗੂਆਂ ਨੂੰ ਆਪਣੇ ਨਾਲ ਜੋੜਨ ਦੀ ਨਵੀਂ ਰਣਨੀਤੀ ਘੜਨ ਰਹੀ ਹੈ। ਫੂਲਕਾ ਨੇ ਇਸ ਮੌਕੇ ਭਾਜਪਾ ਦੀਆਂ ਨੀਤੀਆਂ ਦੀ ਰੱਜ ਕੇ ਤਾਰੀਫ਼ ਕੀਤੀ ਸੀ।

ਉਨ੍ਹਾਂ ਨੇ ਕਿਹਾ ਸੀ ਕਿ 2 ਨਵੰਬਰ 1984 ਨੂੰ ਜਦੋਂ ਮੇਰੇ ਘਰ ਉੱਤੇ ਹਮਲਾ ਹੋਇਆ ਸੀ ਤਾਂ ਮੇਰੀ ਪਤਨੀ ਗਰਭਵਤੀ ਸੀ। ਫਿਰਕੂ ਭੀੜ ਨੇ ਘਰ ਨੂੰ ਘੇਰ ਲਿਆ ਸੀ। ਸਾਨੂੰ ਬਚਾਉਣ ਵਾਲਾ ਪਰਿਵਾਰ ਭਾਜਪਾ ਸਮਰਥਕ ਸੀ। ਉਹ ਨਾ ਹੁੰਦੇ ਤਾਂ ਅੱਜ ਮੈਂ ਤੁਹਾਡੇ ਸਾਹਮਣੇ ਨਾ ਹੁੰਦਾ। ਮੇਰਾ ਕਸੂਰ ਸਿਰਫ਼ ਇਹੀ ਸੀ ਕਿ ਮੈਂ ਇੱਕ ਸਿੱਖ ਸੀ। ਇਹ ਪੂਰਾ ਕਤਲੇਆਮ ਕਾਂਗਰਸੀ ਨੇਤਾਵਾਂ ਨੇ ਪਲਾਨ ਕੀਤਾ ਸੀ।

ਉਨ੍ਹਾਂ ਨੇ ਭਾਜਪਾ ਨੂੰ 42 ਸਾਲਾਂ ਤੋਂ ਆਪਣੀ ਲੜਾਈ ਵਿੱਚ ਸਹਿਯੋਗੀ ਦੱਸਿਆ ਅਤੇ ਕਿਹਾ, ਮੈਂ 1984 ਦੀ ਲੜਾਈ ਲੜੀ ਹੈ ਅਤੇ ਮੋਦੀ ਨਿੱਜੀ ਤੌਰ ਉੱਤੇ ਮੈਨੂੰ ਬਹੁਤ ਪਸੰਦ ਕਰਦੇ ਹਨ। ਪੰਜਾਬ ਦੀ ਮੌਜੂਦਾ ਸਥਿਤੀ ਉੱਤੇ ਚਿੰਤਾ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦਾ ਪਾਣੀ ਅਤੇ ਜ਼ਮੀਨ ਬੰਜ਼ਰ ਹੋਣ ਵਾਲੀ ਹੈ, ਪਰ ਸਰਕਾਰ ਨੂੰ ਫਿਕਰ ਨਹੀਂ। ਇਨ੍ਹਾਂ ਹਾਲਾਤ ਵਿਚੋਂ ਪੰਜਾਬ ਨੂੰ ਬਾਹਰ ਕੱਢਣ ਵਾਲੀ ਇੱਕੋ ਇੱਕ ਪਾਰਟੀ ਭਾਜਪਾ ਹੈ। ਉਨ੍ਹਾਂ ਨੇ ਆਪ ਵਿੱਚ 2014 ਵਾਲੀ ਸ਼ਮੂਲੀਅਤ ਨੂੰ ਆਪਣੀ ਗ਼ਲਤੀ ਕਿਹਾ ਅਤੇ ਭਾਜਪਾ ਆਗੂਆਂ ਦੀ ਤਾਰੀਫ਼ ਵਿੱਚ ਕਿਹਾ ਕਿ ਇਹ ਪਾਰਟੀ ਮਨੁੱਖੀ ਅਧਿਕਾਰਾਂ ਅਤੇ ਇਨਸਾਫ਼ ਲਈ ਲੜਦੀ ਹੈ। ਭਾਜਪਾ ਆਗੂ ਤਰੁਣ ਚੁੱਘ ਨੇ ਉਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਦਾ ਯੋਧਾ ਦੱਸਿਆ।

### ਫੂਲਕਾ ਦਾ ਸਫ਼ਰ: ਵਕੀਲ ਤੋਂ ਨੇਤਾ ਤੱਕ

ਹਰਵਿੰਦਰ ਸਿੰਘ ਫੂਲਕਾ ਦਾ ਜਨਮ ਪੰਜਾਬ ਦੇ ਬਰਨਾਲਾ ਜ਼ਿਲ੍ਹੇ ਦੇ ਭਦੌੜ ਪਿੰਡ ਵਿੱਚ ਹੋਇਆ ਸੀ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐੱਲ.ਐੱਲ.ਬੀ. ਕੀਤੀ। ਦਿੱਲੀ ਵਿੱਚ ਵਕਾਲਤ ਸ਼ੁਰੂ ਕੀਤੀ ਅਤੇ ਕੇਂਦਰ ਸਰਕਾਰ ਦੇ ਸਟੈਂਡਿੰਗ ਕੌਂਸਲ ਵਜੋਂ ਵੀ ਕੰਮ ਕੀਤਾ ਸੀ। 1984 ਕਤਲੇਆਮ ਤੋਂ ਬਾਅਦ ਉਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਇਸ ਨਿਆਂ ਲਈ ਸਮਰਪਿਤ ਕਰ ਦਿੱਤਾ ਸੀ। ਉਨ੍ਹਾਂ ਨੇ ਸਿਟੀਜ਼ਨਜ਼ ਜਸਟਿਸ ਕਮੇਟੀ (ਸੀ.ਜੇ.ਸੀ.) ਦੀ ਸਥਾਪਨਾ ਵਿੱਚ ਅਹਿਮ ਭੂਮਿਕਾ ਨਿਭਾਈ ਸੀ ਅਤੇ ਹਜ਼ਾਰਾਂ ਪੀੜਤਾਂ ਲਈ ਮੁਫ਼ਤ ਵਕਾਲਤ ਕੀਤੀ ਸੀ। ਉਨ੍ਹਾਂ ਨੇ ਪੱਤਰਕਾਰ ਮਨੋਜ ਮਿੱਟਾ ਨਾਲ ਮਿਲ ਕੇ ਕਿਤਾਬ ਵੈੱਨ ਆ ਟ੍ਰੀ ਸ਼ੁਕ ਦਿੱਲੀ ਲਿਖੀ ਸੀ, ਜਿਸ ਵਿੱਚ



1984 ਦੀਆਂ ਘਟਨਾਵਾਂ ਦਾ ਵਿਸਥਾਰ ਨਾਲ ਜ਼ਿਕਰ ਹੈ।

ਫੂਲਕਾ ਨੇ ਸੱਜਣ ਕੁਮਾਰ ਵਰਗੇ ਕਾਂਗਰਸੀ ਆਗੂਆਂ ਖ਼ਿਲਾਫ਼ ਕੇਸ ਲੜੇ ਅਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿਵਾਉਣ ਵਿੱਚ ਯੋਗਦਾਨ ਦਿੱਤਾ ਸੀ। 2019 ਵਿੱਚ ਉਨ੍ਹਾਂ ਨੂੰ ਮੋਦੀ ਸਰਕਾਰ ਨੇ ਪਦਮਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਰਾਜਨੀਤੀ ਵਿੱਚ ਐਂਟਰੀ 2014 ਵਿੱਚ ਆਪ ਪਾਰਟੀ ਰਾਹੀਂ ਲੁਧਿਆਣਾ ਲੋਕ ਸਭਾ ਚੋਣ ਲੜ ਕੇ ਹੋਈ ਪਰ ਹਾਰ ਗਏ ਸਨ। 2017 ਵਿੱਚ ਦਾਖਾ ਹਲਕੇ ਤੋਂ ਵਿਧਾਇਕ ਬਣੇ, ਵਿਰੋਧੀ ਧਿਰ ਦੇ ਆਗੂ ਬਣੇ ਪਰ ਡੇਢ ਸਾਲ ਬਾਅਦ ਅਸਤੀਫ਼ਾ ਦੇ ਦਿੱਤਾ ਸੀ। ਅਸਤੀਫ਼ੇ ਤੋਂ ਬਾਅਦ ਉਨ੍ਹਾਂ ਨੇ ਕਿਹਾ ਸੀ ਕਿ ਆਪ ਵਿੱਚ ਉਨ੍ਹਾਂ ਦੀ ਉਮੀਦ ਅਨੁਸਾਰ ਕੰਮ ਨਹੀਂ ਹੋ ਰਿਹਾ ਅਤੇ ਉਹ ਸਿਵਲ ਸੁਸਾਇਟੀ ਲਈ ਮੂਵਮੈਂਟ ਚਲਾਉਣਾ ਚਾਹੁੰਦੇ ਹਨ। 2024 ਵਿੱਚ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਏ ਜਾ ਰਹੇ ਨਵੇਂ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ ਪਰ ਰਸਮੀ ਤੌਰ ਉੱਤੇ ਨਹੀਂ ਹੋਏ। ਹੁਣ ਭਾਜਪਾ ਵਿੱਚ ਆ ਕੇ ਉਨ੍ਹਾਂ ਨੇ ਸਿਆਸੀ ਵਾਪਸੀ ਕੀਤੀ ਹੈ।

### ਕੀ ਭਾਜਪਾ ਫੂਲਕਾ ਰਾਹੀਂ ਸਿੱਖ ਹਲਕਿਆਂ ਵਿੱਚ ਅਧਾਰ ਜਮ੍ਹਾਂ ਲਵੇਗੀ ?

ਭਾਜਪਾ ਇਸ ਸ਼ਮੂਲੀਅਤ ਨੂੰ ਪੰਥਕ ਤੇ ਸਿਆਸੀ ਹਲਕਿਆਂ ਵਿੱਚ ਆਪਣੀ ਸਭ ਤੋਂ ਵੱਡੀ ਪ੍ਰਾਪਤੀ ਮੰਨ ਰਹੀ ਹੈ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਫੂਲਕਾ ਵਰਗੇ ਸਿੱਖ ਚਿਹਰੇ ਨਾਲ ਝੂਠੀਆਂ ਆਲੋਚਨਾਵਾਂ ਟੁੱਟ ਰਹੀਆਂ ਹਨ। ਇਸ ਨਾਲ ਭਾਜਪਾ ਦੀ ਸਿੱਖ ਪੱਖੀ ਰਣਨੀਤੀ ਨੂੰ ਬੂਸਟ ਮਿਲਿਆ ਹੈ, ਖਾਸ ਕਰਕੇ 2027 ਚੋਣਾਂ ਲਈ। ਪਾਰਟੀ ਅਕਾਲੀ ਦਲ ਤੋਂ ਬਿਨਾਂ ਇਕੱਲਿਆਂ ਲੜਨ ਜਾਂ ਗੱਠਜੋੜ ਲਈ ਤਿਆਰੀ ਕਰ ਰਹੀ ਹੈ ਅਤੇ ਸਿੱਖ ਹਲਕਿਆਂ ਵਿੱਚ ਆਪਣਾ ਆਧਾਰ ਬਣਾਉਣਾ ਚਾਹੁੰਦੀ ਹੈ।

ਸਿਆਸੀ ਵਿਸ਼ਲੇਸ਼ਕਾਂ ਅਨੁਸਾਰ ਫੂਲਕਾ ਵਰਗਾ ਚਿਹਰਾ ਭਾਜਪਾ ਲਈ ਪੰਥਕ ਚਿਹਰਾ ਬਣ ਸਕਦਾ ਹੈ, ਪਰ ਚੁਣੌਤੀਆਂ ਵੀ ਹਨ। ਸਿੱਖ ਸਮਾਜ ਵਿੱਚ ਭਾਜਪਾ ਬਾਰੇ ਇਤਿਹਾਸਕ ਤੌਰ ਉੱਤੇ ਤੌਖਲੇ ਹਨ (ਸਿੱਖ ਘਲੂਘਾਰਾ ਜੂਨ 84 ਤੋਂ ਲੈ ਕੇ ਕਿਸਾਨ ਸੰਘਰਸ਼ ਤੱਕ)। ਕਿਸਾਨੀ ਸੰਘਰਸ਼ ਕਾਰਨ 2024 ਲੋਕ ਸਭਾ ਚੋਣਾਂ ਵਿੱਚ ਵੀ ਸਿੱਖ ਵੋਟਰਾਂ ਨੇ ਭਾਜਪਾ ਤੋਂ ਦੂਰੀ ਬਣਾਈ ਸੀ। ਫੂਲਕਾ ਦਾ ਪ੍ਰਭਾਵ ਦਾਖਾ ਵਰਗੇ ਖਾਸ ਹਲਕਿਆਂ ਤੱਕ ਸੀਮਤ ਰਹਿ ਸਕਦਾ ਹੈ ਅਤੇ ਵੱਡੇ ਪੱਧਰ ਉੱਤੇ ਵੋਟ ਬੈਂਕ ਬਦਲਣ ਵਿੱਚ ਸਮਾਂ ਲੱਗ ਸਕਦਾ ਹੈ। ਫਿਰ ਵੀ, ਇਹ ਭਾਜਪਾ ਲਈ ਇੱਕ ਰਣਨੀਤਕ ਕਦਮ ਹੈ ਜੋ ਪੰਜਾਬ ਵਿੱਚ ਸਿੱਖ ਸਪੇਸ ਵਿੱਚ ਥਾਂ ਬਣਾਉਣ ਦੀ ਕੋਸ਼ਿਸ਼ ਹੈ।

ਦੂਜੇ ਪਾਸੇ ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ 'ਹਿੰਦੂ ਰਾਸ਼ਟਰ' ਦੇ ਏਜੰਡੇ ਤਹਿਤ ਸਿੱਖਾਂ ਨੂੰ ਜਜ਼ਬ ਕਰਨ ਦੀ ਇੱਕ ਡੂੰਘੀ ਚਾਲ ਹੈ। ਅਕਾਲੀ ਦਲ ਦੀ ਕਮਜ਼ੋਰੀ ਕਾਰਨ ਪੈਦਾ ਹੋਏ ਖਲਾਅ ਨੂੰ ਭਾਜਪਾ ਭਰਨਾ ਚਾਹੁੰਦੀ ਹੈ। ਜੇਕਰ ਸਿੱਖਾਂ ਨੇ ਭਾਜਪਾ ਦੀ ਇਹ ਨੀਤੀ ਨੂੰ ਹਜ਼ਮ ਕਰ ਲਿਆ, ਤਾਂ ਪੰਜਾਬ ਦੇ ਭਵਿੱਖੀ ਸੰਘਰਸ਼ ਅਤੇ ਵੱਖਰੀ ਪਛਾਣ ਦਾ ਮੁੱਦਾ ਕਮਜ਼ੋਰ ਪੈ ਜਾਵੇਗਾ।

ਸਿੱਖ ਲੇਖਕ ਸਤਵੰਤ ਸਿੰਘ ਅਨੁਸਾਰ, ਜੇਕਰ ਸਿੱਖ ਸਮਾਜ ਵਿੱਚ ਭਾਜਪਾ (ਜਿਸ ਨੂੰ ਆਰ.ਐੱਸ.ਐੱਸ. ਦੀ ਰਾਜਸੀ ਇਕਾਈ ਮੰਨਿਆ ਜਾਂਦਾ ਹੈ) ਪ੍ਰਤੀ ਇਤਰਾਜ਼ ਖ਼ਤਮ ਹੋ ਗਿਆ, ਤਾਂ ਇਹ ਸਿੱਖ ਕੌਮ ਦੀ ਵੱਖਰੀ ਹੋਂਦ ਅਤੇ ਲੜਾਈ ਦੇ ਖ਼ਤਮ ਹੋਣ ਦਾ ਸੰਕੇਤ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਜਦੋਂ ਸਿੱਖਾਂ ਵਿੱਚ ਭਾਜਪਾ ਵਰਗੀ ਪਾਰਟੀ ਵਿੱਚ ਸ਼ਾਮਲ ਹੋਣ ਨੂੰ ਸਹੀ ਠਹਿਰਾਇਆ ਜਾਂਦਾ ਹੈ, ਤਾਂ ਇਹ ਸਿੱਖ ਪੰਥ ਦੀ ਵਿਚਾਰਧਾਰਕ ਹਾਰ ਹੈ। ਕਿਸੇ ਵਿਅਕਤੀ (ਜਿਵੇਂ ਫੂਲਕਾ) ਦੀ ਪਿਛਲੀ ਕੁਰਬਾਨੀ ਜਾਂ ਸੇਵਾ ਦਾ ਹਵਾਲਾ ਦੇ ਕੇ ਉਸ ਦੇ ਭਾਜਪਾ ਵਿੱਚ ਜਾਣ ਨੂੰ ਸਹੀ ਮੰਨਣਾ, ਆਉਣ ਵਾਲੇ ਸਮੇਂ ਵਿੱਚ ਹੋਰ ਕਮਜ਼ੋਰ ਬੰਦਿਆਂ ਲਈ ਰਾਹ ਖੋਲ੍ਹਣ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਨੂੰ ਪੰਜਾਬ ਦੇ ਪਿੰਡਾਂ ਵਿੱਚੋਂ ਹਮਾਇਤ ਮਿਲਣੀ ਸ਼ੁਰੂ ਹੋ ਗਈ, ਤਾਂ ਇਹ ਪੰਥਕ ਸਿਆਸਤ ਦੇ ਤਾਬੂਤ ਵਿੱਚ 'ਆਖਰੀ ਕਿੱਲ' ਸਾਬਤ ਹੋਵੇਗੀ।

ਪੰਥਕ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ ਪੰਥਕ ਹਲਕਿਆਂ ਵਿੱਚ ਇਹ ਰਾਏ ਮਜ਼ਬੂਤ ਹੋ ਰਹੀ ਹੈ ਕਿ ਕੌਮੀ ਹਿੱਤਾਂ ਲਈ ਕਿਸੇ ਵੀ ਵਿਅਕਤੀ ਦੀ ਨਿੱਜੀ ਹੈਸੀਅਤ ਕੌਮ ਤੋਂ ਵੱਡੀ ਨਹੀਂ ਹੋ ਸਕਦੀ। ਚਾਹੇ ਕੋਈ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਜੇਕਰ ਉਹ ਕੌਮੀ ਸਿਧਾਂਤਾਂ ਦੇ ਵਿਰੁੱਧ ਜਾ ਕੇ ਅਜਿਹੀਆਂ ਪਾਰਟੀਆਂ ਦੀ ਸ਼ਰਨ ਲੈਂਦਾ ਹੈ, ਤਾਂ ਉਸ ਬਾਰੇ ਸਮੂਹ ਪੰਥ ਨੂੰ ਸੁਚੇਤ ਰਹਿਣ ਦੀ ਲੋੜ ਹੈ।

ਇੱਕ ਹੋਰ ਸਿੱਖ ਲੇਖਕ ਸੁਰਿੰਦਰ ਪਾਲ ਸਿੰਘ ਗੋਲਡੀ ਦਾ ਮੰਨਣਾ ਹੈ ਕਿ ਸਿੱਖ ਪੰਥ ਇਸ ਸਮੇਂ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿੱਥੇ ਇਮਾਨਦਾਰ ਅਤੇ ਸੁਹਿਰਦ ਲੀਡਰਸ਼ਿਪ ਦੀ ਘਾਟ ਰੜਕ ਰਹੀ ਹੈ। ਪੰਥਕ ਹਿੱਤਾਂ ਦੀ ਰਾਖੀ ਦੇ ਦਾਅਵੇ ਕਰਨ ਵਾਲੇ ਆਗੂਆਂ ਦੇ ਕਿਰਦਾਰ ਅਤੇ ਪਾਰਦਰਸ਼ਤਾ 'ਤੇ ਲਗਾਤਾਰ ਸਵਾਲ ਉੱਠ ਰਹੇ ਹਨ। ਤਾਜ਼ਾ ਵਿਵਾਦ ਐਡਵੋਕੇਟ ਐਚ.ਐਸ. ਫੂਲਕਾ ਵੱਲੋਂ ਕੀਤੇ ਗਏ ਖੁਲਾਸਿਆਂ ਅਤੇ ਉਨ੍ਹਾਂ ਦੀ ਪਿਛਲੇ ਸਮੇਂ ਦੀ ਕਾਰਜਸ਼ੈਲੀ ਨੂੰ ਲੈ ਕੇ ਪੈਦਾ ਹੋਇਆ ਹੈ, ਜਿਸ ਨੇ ਸਿੱਖ ਜਗਤ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਗੋਲਡੀ ਦਾ ਕਹਿਣਾ ਹੈ ਕਿ ਐਡਵੋਕੇਟ ਐਚ.ਐਸ. ਫੂਲਕਾ ਲੰਬੇ ਸਮੇਂ ਤੋਂ 1984 ਸਿੱਖ ਕਤਲੇਆਮ ਦੇ ਪੀੜਤਾਂ ਦੀ ਕਾਨੂੰਨੀ ਲੜਾਈ ਲੜਨ ਵਾਲੇ ਮੁੱਖ ਚਿਹਰੇ ਵਜੋਂ ਜਾਣੇ ਜਾਂਦੇ ਰਹੇ ਹਨ। ਪਰ ਹੁਣ ਸੰਗਤ ਵਿੱਚ ਇਹ ਸਵਾਲ ਉੱਠਣ ਲੱਗੇ ਹਨ ਕਿ ਇਸ ਸੰਘਰਸ਼ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵੱਖ-ਵੱਖ ਸੰਸਥਾਵਾਂ ਅਤੇ ਐੱਨ.ਆਰ.ਆਈ. ਭਾਈਚਾਰੇ ਵੱਲੋਂ ਜੋ ਲੱਖਾਂ-ਕਰੋੜਾਂ ਰੁਪਏ ਫੀਸਾਂ ਅਤੇ ਮਦਦ ਦੇ ਰੂਪ ਵਿੱਚ ਦਿੱਤੇ ਗਏ, ਉਨ੍ਹਾਂ ਦੀ ਆਊਟਪੁੱਟ ਜਾਂ ਪ੍ਰਾਪਤੀ ਕੀ ਰਹੀ ?

ਬਹੁਤ ਸਾਰੇ ਪੰਥਕ ਦਰਦੀਆਂ ਦਾ ਮੰਨਣਾ ਹੈ ਕਿ ਜਿੰਨੀਆਂ ਉਮੀਦਾਂ ਫੂਲਕਾ ਸਾਹਿਬ ਨਾਲ ਜੁੜੀਆਂ ਸਨ, ਉਸ ਮੁਕਾਬਲੇ ਨਤੀਜੇ ਉਨੇ ਪ੍ਰਭਾਵਸ਼ਾਲੀ ਨਹੀਂ ਰਹੇ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਦੇ ਮੌਜੂਦਾ ਸਿਆਸੀ ਰਾਹ 'ਤੇ ਗਹਿਰੀ ਚਿੰਤਾ ਅਤੇ ਅਫ਼ਸੋਸ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਮੁੜ ਪੰਥਕ ਪਿੜ ਵਿੱਚ ਵਾਪਸ ਆਉਣ ਦਾ ਸੱਦਾ ਦਿੱਤਾ ਹੈ। ਜਥੇਦਾਰ ਕੇਵਲ ਸਿੰਘ ਨੇ ਕਿਹਾ ਕਿ 1984 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਫੂਲਕਾ ਨੇ ਜੋ ਲੜਾਈ ਲੜੀ, ਉਸ ਕਾਰਨ ਕੌਮ ਨੇ ਉਨ੍ਹਾਂ ਨੂੰ ਸਿਰ-ਅੱਖਾਂ 'ਤੇ ਬਿਠਾਇਆ। ਪਰ ਅੱਜ ਅਫ਼ਸੋਸ ਹੈ ਕਿ ਉਨ੍ਹਾਂ ਨੇ ਉਸ ਸਿਆਸੀ ਵਿਚਾਰਧਾਰਾ (ਆਰ.ਐਸ.ਐਸ./ਭਾਜਪਾ) ਦਾ ਸਾਥ ਚੁਣਿਆ ਹੈ, ਜੋ 1947 ਤੋਂ ਹੀ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਅਤੇ ਘੱਟ ਗਿਣਤੀਆਂ ਨੂੰ ਦਬਾਉਣ ਦੇ ਰਾਹ ਪਈ ਹੋਈ ਹੈ। ਉਨ੍ਹਾਂ ਯਾਦ ਕਰਵਾਇਆ ਕਿ ਕਿਵੇਂ 2011 ਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਅਤੇ 2014 ਵਿੱਚ 'ਆਮ ਆਦਮੀ ਪਾਰਟੀ' ਰਾਹੀਂ ਪੰਜਾਬ ਦੀ ਤਕਦੀਰ ਬਦਲਣ ਲਈ ਦਿਨ-ਰਾਤ ਇੱਕ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਫੂਲਕਾ ਜੀ ਦਾ ਬਿਨਾਂ ਦੱਸੇ ਵਿਰੋਧੀ ਧਿਰ ਦੇ ਨੇਤਾ ਦਾ ਅਹੁਦਾ ਛੱਡਣਾ ਅਤੇ ਹੁਣ ਕਿਸਾਨ-ਮਜ਼ਦੂਰ ਵਿਰੋਧੀ ਧਿਰ ਨਾਲ ਖੜ੍ਹਨਾ ਪੰਥਕ ਹਿਤੈਸ਼ੀਆਂ ਲਈ ਅਤਿ ਦੁਖਦਾਈ ਹੈ। ਜਥੇਦਾਰ ਜੀ ਨੇ ਕਿਹਾ ਕਿ ਪੰਜਾਬ ਅੱਜ ਇੱਕ ਇਮਾਨਦਾਰ ਅਤੇ ਪੰਜਾਬ-ਪੱਖੀ ਸਿਆਸੀ ਧਿਰ ਦੀ ਤਲਾਸ਼ ਵਿੱਚ ਹੈ। ਫੂਲਕਾ ਵਰਗੀਆਂ ਸ਼ਖ਼ਸੀਅਤਾਂ ਨੂੰ ਚਾਹੀਦਾ ਸੀ ਕਿ ਉਹ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਨਵਾਂ ਰਾਹ ਤਿਆਰ ਕਰਦੇ, ਨਾ ਕਿ ਉਨ੍ਹਾਂ ਤਾਕਤਾਂ ਦੇ ਹੱਥ ਮਜ਼ਬੂਤ ਕਰਦੇ ਜੋ ਪੰਜਾਬ ਦੀ ਹੋਂਦ ਨੂੰ ਖੋਰਾ ਲਾ ਰਹੀਆਂ ਹਨ।

(ਬਾਕੀ ਸਫ਼ਾ 26 'ਤੇ)

## ਅਕਾਲੀ ਦਲ ਦੀ ਦੁਚਿੱਤੀ: ਗੱਠਜੋੜ ਦੀ ਉਮੀਦ ਜਾਂ ਇਕੱਲਿਆਂ ਲੜਨ ਦੀ ਮਜਬੂਰੀ ?

### ਕੀ ਭਾਈ ਰਾਜੋਆਣਾ ਦੀ ਸਜ਼ਾ ਮੁਆਫ਼ ਕਰਵਾ ਕੇ ਸਿੱਖ ਵੋਟ ਬੈਂਕ 'ਤੇ ਕਬਜ਼ਾ ਕਰੇਗੀ ਭਾਜਪਾ ?

ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਵੱਡੀ ਹਲਚਲ ਦੇਖਣ ਨੂੰ ਮਿਲ ਰਹੀ ਹੈ। ਇੱਕ ਪਾਸੇ ਜਿੱਥੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਆਪਣੀ ਹੋਂਦ ਬਚਾਉਣ ਲਈ ਇਕੱਲੇ ਚੋਣਾਂ ਲੜਨ ਦਾ ਪ੍ਰਭਾਵ ਦੇ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਬਾਦਲ ਦਲ ਅੰਦਰੂਨੀ ਤੌਰ 'ਤੇ ਗੰਭੀਰ ਦੁਚਿੱਤੀ ਵਿੱਚ ਫਸਿਆ ਨਜ਼ਰ ਆ ਰਿਹਾ ਹੈ। ਅਕਾਲੀ ਦਲ ਦੇ ਕਈ ਸੀਨੀਅਰ ਆਗੂ ਅਜੇ ਵੀ ਭਾਜਪਾ ਨਾਲ ਗੱਠਜੋੜ ਨੂੰ ਲੈ ਕੇ ਦੁਚਿੱਤੀ ਵਿੱਚ ਹਨ। ਪਰ ਇਸ ਵੇਲੇ ਸਭ ਤੋਂ ਵੱਡਾ ਮੁੱਦਾ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਲਿਖੀ ਚਿੱਠੀ ਬਣਿਆ ਹੋਇਆ ਹੈ। ਅਕਾਲੀ ਦਲ ਦੇ ਬਹੁਤੇ ਆਗੂ ਇਸ ਹੱਕ ਵਿੱਚ ਨਹੀਂ ਹਨ ਕਿ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਵਿਰੁੱਧ ਪਾਈ ਗਈ ਰਹਿਮ ਦੀ ਅਪੀਲ ਵਾਪਸ ਲਈ ਜਾਵੇ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮਾਮਲੇ 'ਤੇ ਹੋਰ ਸਿੰਘ ਸਾਹਿਬਾਨਾਂ ਨਾਲ ਗੰਭੀਰ ਵਿਚਾਰ-ਵਟਾਂਦਰਾ ਕਰਨ ਦੀ ਗੱਲ ਕਹੀ ਹੈ। ਸੰਭਾਵਨਾ ਜਤਾਈ ਜਾ ਰਹੀ ਹੈ ਕਿ ਅਪੀਲ ਵਾਪਸ ਲੈਣ ਦੀ ਬਜਾਏ ਇਸ ਨੂੰ ਲਾਗੂ ਕਰਵਾਉਣ ਲਈ ਕੋਈ ਨਵਾਂ ਰਾਹ ਲੱਭਿਆ ਜਾਵੇਗਾ।

ਸਿਆਸੀ ਗਲਿਆਰਿਆਂ ਵਿੱਚ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਜਿਸ ਤੇਜ਼ੀ ਨਾਲ ਭਾਜਪਾ ਸਿੱਖ ਚਿਹਰਿਆਂ ਨੂੰ ਪਾਰਟੀ ਵਿੱਚ ਸ਼ਾਮਲ ਕਰ ਰਹੀ ਹੈ, ਉਹ ਭਾਈ ਰਾਜੋਆਣਾ ਦੀ ਫਾਂਸੀ ਨੂੰ ਉਮਰ ਕੈਦ ਵਿੱਚ ਬਦਲਣ ਦਾ ਵੱਡਾ ਐਲਾਨ ਕਰਕੇ ਇਸ ਦਾ ਸਿਆਸੀ ਲਾਹਾ (ਕ੍ਰੈਡਿਟ) ਲੈ ਸਕਦੀ ਹੈ। 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕੇਂਦਰ ਦੀ ਮੋਦੀ ਸਰਕਾਰ ਨੇ 8 ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਰਾਜੋਆਣਾ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦਾ ਫੈਸਲਾ ਲਿਆ ਸੀ, ਜੋ ਅਜੇ ਤੱਕ ਲਾਗੂ ਨਹੀਂ ਹੋ ਸਕਿਆ। ਜਿੱਥੇ ਭਾਈ ਰਾਜੋਆਣਾ ਦੇ ਮਾਮਲੇ ਵਿੱਚ ਭਾਜਪਾ ਕੋਈ ਸਪਸ਼ਟ ਫੈਸਲਾ ਲੈ ਕੇ ਸਿੱਖ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਸਕਦੀ ਹੈ, ਉੱਥੇ ਹੀ ਬਾਕੀ 'ਬੰਦੀ ਸਿੰਘਾਂ' ਦੀ ਰਿਹਾਈ ਨੂੰ ਲੈ ਕੇ ਕੇਂਦਰ ਸਰਕਾਰ ਅਜੇ ਵੀ ਦੁਚਿੱਤੀ ਵਿੱਚ ਦਿਖਾਈ ਦੇ ਰਹੀ ਹੈ। ਭਾਜਪਾ ਹੁਣ ਅਕਾਲੀ ਦਲ 'ਤੇ ਨਿਰਭਰ ਰਹਿਣ ਦੀ ਬਜਾਏ ਆਪਣੇ ਖੁਦ ਦੇ ਸਿੱਖ ਆਗੂ (ਜਿਵੇਂ ਕੈਪਟਨ ਅਮਰਿੰਦਰ ਸਿੰਘ, ਮਨਪ੍ਰੀਤ ਬਾਦਲ, ਰਵਨੀਤ ਬਿੱਟੂ ਅਤੇ ਐਚ.ਐਸ. ਫੂਲਕਾ) ਪੈਦਾ ਕਰ ਰਹੀ ਹੈ। ਪਾਰਟੀ ਨੂੰ ਲੱਗਦਾ ਹੈ ਕਿ ਉਹ ਇਨ੍ਹਾਂ ਆਗੂਆਂ ਰਾਹੀਂ ਸਿੱਖ ਵੋਟ ਸਿੱਧੇ ਤੌਰ 'ਤੇ ਹਾਸਲ ਕਰ ਸਕਦੀ ਹੈ। ਬੰਦੀ ਸਿੰਘਾਂ ਦੀ ਰਿਹਾਈ ਵਰਗੇ ਮੁੱਦਿਆਂ 'ਤੇ ਕੇਂਦਰ ਸਰਕਾਰ (ਭਾਜਪਾ) ਦੀ ਪਹੁੰਚ ਸਖ਼ਤ ਰਹੀ ਹੈ। ਜੇਕਰ ਉਹ ਅਕਾਲੀ ਦਲ ਨਾਲ ਸਮਝੌਤਾ ਕਰਦੀ ਹੈ, ਤਾਂ ਉਸ ਨੂੰ ਇਨ੍ਹਾਂ ਪੰਥਕ ਮੰਗਾਂ 'ਤੇ ਝੁਕਣਾ ਪਵੇਗਾ, ਜੋ ਉਸ ਦੀ ਦੇਸ਼ ਵਿਆਪੀ 'ਰਾਸ਼ਟਰਵਾਦੀ' ਸਿਆਸਤ ਦੇ ਅਕਸ ਨੂੰ ਪ੍ਰਭਾਵਿਤ ਕਰ ਸਕਦਾ ਹੈ। ਭਾਜਪਾ ਪੰਜਾਬ ਨੂੰ 'ਪ੍ਰਯੋਗਸ਼ਾਲਾ' ਵਜੋਂ ਦੇਖ ਰਹੀ ਹੈ ਜਿੱਥੇ ਉਹ ਇਕੱਲੇ ਚੋਣ ਲੜ ਕੇ ਇਹ ਦੇਖਣਾ ਚਾਹੁੰਦੀ ਹੈ ਕਿ ਉਹ ਕਿੰਨੀਆਂ ਸੀਟਾਂ 'ਤੇ ਮਜ਼ਬੂਤ ਹੋ ਸਕਦੀ ਹੈ। ਹਾਲ ਹੀ ਵਿੱਚ ਹੋਈਆਂ ਜ਼ਿਮਨੀ ਚੋਣਾਂ ਅਤੇ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਵੋਟ ਫੀਸਦੀ ਵਿੱਚ ਸੁਧਾਰ ਨੇ ਉਸ ਦੇ ਹੌਸਲੇ ਵਧਾਏ ਹਨ। ਭਾਜਪਾ ਹੁਣ ਪੰਜਾਬ ਵਿੱਚ ਕਿਸੇ ਦੀ 'ਪਿਛਲੱਗ' ਬਣ ਕੇ ਨਹੀਂ, ਬਲਕਿ ਇੱਕ 'ਮੁੱਖ ਧਿਰ' ਬਣ ਕੇ ਉੱਭਰਨਾ ਚਾਹੁੰਦੀ ਹੈ। ਉਸ ਨੂੰ ਲੱਗਦਾ ਹੈ ਕਿ ਅਕਾਲੀ ਦਲ ਨਾਲ ਗੱਠਜੋੜ ਉਸ ਦੇ ਪਸਾਰ ਦੇ ਰਾਹ ਵਿੱਚ ਰੋੜਾ ਬਣ ਸਕਦਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਕੋਲ ਅਜੇ ਵੀ ਮਾਝੇ (ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ) ਵਰਗੇ ਪੰਥਕ ਗੜ੍ਹਾਂ ਵਿੱਚ ਕੋਈ ਮਜ਼ਬੂਤ ਸਥਾਨਕ ਸਿੱਖ ਚਿਹਰਾ ਨਹੀਂ ਹੈ, ਨਾ ਹੀ ਵਿਸ਼ਾਲ ਕੇਡਰ ਹੈ। ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿੱਚੋਂ ਲਗਭਗ 70 ਤੋਂ 75 ਸੀਟਾਂ 'ਤੇ ਸਿੱਖ ਵੋਟਰਾਂ ਦਾ ਦਬਦਬਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਦਿੱਲੀ ਨਾਲ ਜੁੜੇ ਇਹ ਸਿੱਖ ਆਗੂ ਪੰਜਾਬ ਦੇ ਪੇਂਡੂ ਹਿਰਦਿਆਂ ਵਿੱਚ ਭਾਜਪਾ ਲਈ ਥਾਂ ਬਣਾ ਸਕਦੇ ਹਨ ਜਾਂ ਨਹੀਂ।

# ਬੇਅਦਬੀ ਰੋਕੂ ਕਾਨੂੰਨ ਬਣਾਉਣ ਤੋਂ ਪਹਿਲਾਂ ਪੰਥਕ ਭਾਵਨਾਵਾਂ ਦੀ ਤਰਜਮਾਨੀ ਯਕੀਨੀ ਬਣਾਵੇ ਸਰਕਾਰ : ਧਾਮੀ



ਅੰਮ੍ਰਿਤਸਰ/ਏ.ਟੀ.ਨਿਊਜ਼: ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੀ ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਸਰਕਾਰ ਵੱਲੋਂ ਬਣਾਏ ਜਾ ਰਹੇ ਕਾਨੂੰਨ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਜਥੇਬੰਦੀਆਂ ਦਾ ਇਕੱਠ ਸੱਦਿਆ ਸੀ। ਇਸ ਵਿੱਚ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਮਾਮਲੇ ਵਿੱਚ ਸਿੱਖ ਜਥੇਬੰਦੀਆਂ ਦੀ ਵੀ ਰਾਏ ਲਵੇ। ਦੱਸਣਯੋਗ ਹੈ ਕਿ ਇਸ ਸਬੰਧੀ ਸਰਕਾਰ ਨੇ 13 ਅਪ੍ਰੈਲ ਨੂੰ ਖ਼ਾਲਸਾ ਸਾਜਨਾ ਦਿਵਸ ਮੌਕੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਿਆ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਪੰਥਕ ਜਥੇਬੰਦੀਆਂ ਅਤੇ ਸਿੱਖ ਵਿਦਵਾਨਾਂ ਦੀ ਮੀਟਿੰਗ ਦੌਰਾਨ ਸਮੁੱਚੀਆਂ ਸਿੱਖ ਜਥੇਬੰਦੀਆਂ ਨੇ ਸਰਕਾਰ ਨੂੰ ਕਾਨੂੰਨ ਬਣਾਉਣ ਤੋਂ ਪਹਿਲਾਂ ਪੰਥਕ ਭਾਵਨਾਵਾਂ ਦੀ ਤਰਜਮਾਨੀ ਯਕੀਨੀ ਬਣਾਉਣ ਲਈ ਆਖਿਆ। ਬੁਲਾਰਿਆਂ ਦੇ ਵਿਚਾਰ ਜਾਣਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵਿਸ਼ੇਸ਼ ਮਤਾ ਪੇਸ਼ ਕੀਤਾ ਜਿਸ ਨੂੰ ਜੈਕਾਰਿਆਂ ਨਾਲ ਪ੍ਰਵਾਨਗੀ ਦਿੱਤੀ ਗਈ। ਇਸ ਮਤੇ ਵਿੱਚ ਕਿਹਾ ਗਿਆ ਕਿ ਸਿੱਖਾਂ ਲਈ ਗੁਰੂ ਗ੍ਰੰਥ ਸਾਹਿਬ ਹਾਜ਼ਰ ਨਾਜ਼ਰ ਗੁਰੂ ਹਨ। ਭਾਵੇਂ ਤਤਕਾਲੀ ਸਰਕਾਰਾਂ ਨੇ ਕੌਮ ਦੀ ਮੰਗ 'ਤੇ ਕਾਨੂੰਨੀ ਵਿਵਸਥਾ ਦਾ ਯਤਨ ਕੀਤਾ ਪਰ ਇਸ ਵਿੱਚ ਕੋਈ ਠੋਸ ਪ੍ਰਾਪਤੀ ਸਾਹਮਣੇ ਨਹੀਂ ਆ ਸਕੀ। ਮਤੇ ਵਿੱਚ ਕਿਹਾ ਗਿਆ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਅਤੇ ਜਵਾਬਦੇਹ ਸੰਸਥਾ ਹੈ, ਇਸ ਦੀ ਜ਼ਿੰਮੇਵਾਰੀ ਹੈ ਕਿ ਪੰਥ ਦੀ ਰਾਏ ਸਰਕਾਰ ਤੱਕ ਪਹੁੰਚਾਈ ਜਾਵੇ। ਜੇ ਕਾਨੂੰਨ ਵਿੱਚ ਪੰਥਕ ਭਾਵਨਾ ਸ਼ਾਮਲ ਨਹੀਂ ਰਹੇਗੀ ਤਾਂ ਇਹ ਸਿੱਟਾਮੁਖੀ ਨਤੀਜੇ ਨਹੀਂ ਦੇ ਸਕੇਗਾ। ਪੰਜਾਬ ਸਰਕਾਰ ਇਸ ਮਾਮਲੇ 'ਤੇ ਆਪਣੀ ਮਨਮਰਜ਼ੀ ਨਾ ਕਰੇ। ਇਹ ਵੀ ਕਿਹਾ ਗਿਆ ਕਿ (ਬਾਕੀ ਸਫ਼ਾ 26 'ਤੇ)

# ਅੰਮ੍ਰਿਤਸਰ ਹਵਾਈ ਅੱਡੇ 'ਤੇ ਸ਼ਰਾਬ ਦੀਆਂ ਦੁਕਾਨਾਂ 'ਗੁਰੂ ਕੀ ਨਗਰੀ' ਦੀ ਮਰਿਆਦਾ ਅਤੇ ਪਵਿੱਤਰਤਾ ਦਾ ਘਾਣ: ਕਰਨੈਲ ਸਿੰਘ ਪੀਰ ਮੁਹੰਮਦ

## ਅਯੁੱਧਿਆ ਅਤੇ ਬਨਾਰਸ ਏਅਰਪੋਰਟਾਂ ਦੀ ਤਰਜ਼ 'ਤੇ ਅੰਮ੍ਰਿਤਸਰ ਹਵਾਈ ਅੱਡੇ ਤੋਂ ਵੀ ਸ਼ਰਾਬ ਦੀਆਂ ਦੁਕਾਨਾਂ ਤੁਰੰਤ ਬੰਦ ਕਰਨ ਦੀ ਮੰਗ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੀਨੀਅਰ ਮੀਤ ਪ੍ਰਧਾਨ ਸ੍ਰ. ਕਰਨੈਲ ਸਿੰਘ ਪੀਰ ਮੁਹੰਮਦ ਨੇ ਇੱਕ ਬਿਆਨ ਜਾਰੀ ਕਰਦਿਆਂ ਕੇਂਦਰ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਇੰਟਰਨੈਸ਼ਨਲ ਏਅਰਪੋਰਟ, ਅੰਮ੍ਰਿਤਸਰ ਵਿਖੇ ਚੱਲ ਰਹੀਆਂ ਡਿਊਟੀ-ਫ੍ਰੀ ਸ਼ਰਾਬ ਦੀਆਂ ਦੁਕਾਨਾਂ ਨੂੰ ਤੁਰੰਤ ਪ੍ਰਭਾਵ ਨਾਲ ਬੰਦ ਕੀਤਾ ਜਾਵੇ।

ਸ੍ਰ. ਪੀਰ ਮੁਹੰਮਦ ਨੇ ਕਿਹਾ ਕਿ ਅੰਮ੍ਰਿਤਸਰ ਵਿਸ਼ਵ ਭਰ ਦੇ ਸਿੱਖਾਂ ਲਈ ਸਰਵਉੱਚ ਰੂਹਾਨੀ ਕੇਂਦਰ ਹੈ ਅਤੇ ਇਸ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਹਾਸਲ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਅਫਸੋਸਨਾਕ ਪਹਿਲੂ ਹੈ ਕਿ ਜਿਸ ਹਵਾਈ ਅੱਡੇ ਦਾ ਨਾਮ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿੱਤਰ ਨਾਮ 'ਤੇ ਰੱਖਿਆ ਗਿਆ ਹੋਵੇ, ਉੱਥੇ ਸ਼ਰਾਬ ਵਰਗੇ ਨਸ਼ਿਆਂ ਦੀ ਸ਼ਰੇਆਮ ਵਿਕਰੀ ਹੋ ਰਹੀ ਹੈ।

ਉਨ੍ਹਾਂ ਕੇਂਦਰ ਸਰਕਾਰ ਦੀ ਨੀਤੀ 'ਤੇ ਸਵਾਲ ਚੁੱਕਦਿਆਂ ਕਿਹਾ, 'ਜੇਕਰ ਉੱਤਰ ਪ੍ਰਦੇਸ਼ ਦੇ ਅਯੁੱਧਿਆ ਅਤੇ ਬਨਾਰਸ (ਵਾਰਾਣਸੀ) ਵਰਗੇ ਧਾਰਮਿਕ ਸ਼ਹਿਰਾਂ ਦੇ ਹਵਾਈ ਅੱਡਿਆਂ 'ਤੇ ਪਵਿੱਤਰਤਾ ਦਾ ਸਤਿਕਾਰ ਕਰਦਿਆਂ ਸ਼ਰਾਬ ਦੀਆਂ ਦੁਕਾਨਾਂ ਨਹੀਂ ਖੋਲ੍ਹੀਆਂ ਗਈਆਂ, ਤਾਂ ਫਿਰ ਅੰਮ੍ਰਿਤਸਰ ਨਾਲ ਇਹ ਵਿਤਕਰਾ ਕਿਉਂ ? ਕੀ ਅੰਮ੍ਰਿਤਸਰ ਦੀ ਧਾਰਮਿਕ ਮਰਿਯਾਦਾ ਕੇਂਦਰ ਸਰਕਾਰ ਲਈ ਕੋਈ ਅਹਿਮੀਅਤ ਨਹੀਂ ਰੱਖਦੀ ?'ਸ੍ਰ. ਪੀਰ ਮੁਹੰਮਦ ਨੇ ਅੱਗੇ ਕਿਹਾ ਕਿ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਲਈ ਇਸ ਹਵਾਈ ਅੱਡੇ ਰਾਹੀਂ ਆਉਂਦੇ ਹਨ। ਅਜਿਹੇ ਵਿੱਚ ਹਵਾਈ ਅੱਡੇ ਦੇ ਅੰਦਰ ਸ਼ਰਾਬ ਦੀਆਂ ਦੁਕਾਨਾਂ ਹੋਣਾ ਸਿੱਖ ਭਾਵਨਾਵਾਂ ਨੂੰ ਡੂੰਘੀ ਸੱਟ ਮਾਰਦਾ ਹੈ। (ਬਾਕੀ ਸਫ਼ਾ 27 'ਤੇ)

# ਸੱਚਾ ਸਿੱਖ ਕਦੇ ਵੀ ਆਪਣਾ ਧਰਮ ਨਹੀਂ ਬਦਲਦਾ: ਗੜਗੱਜ

## ਭਾਈ ਰਣਜੀਤ ਸਿੰਘ ਢੱਡਰੀਆਂ ਵੱਲੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਦਾ ਸਨਮਾਨ



ਸਮਰਾਲਾ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਜੇਲ੍ਹ 'ਚੋਂ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਲਿਖ ਕੇ ਰਹਿਮ ਦੀ ਅਪੀਲ ਵਾਪਸ ਲੈਣ ਬਾਰੇ ਕਿਹਾ ਗਿਆ ਹੈ ਜਿਸ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਜਥੇਦਾਰ ਗੜਗੱਜ ਸਮਰਾਲਾ ਵਿੱਚ ਗੁਰੂ ਮਾਨਿਓ ਚੇਤਨਾ ਸਮਾਗਮ ਤਹਿਤ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਕਰਵਾਏ ਗਏ ਸਮਾਗਮ 'ਚ ਪੁੱਜੇ ਸਨ। ਜਥੇਦਾਰ ਗੜਗੱਜ ਨੇ ਕਿਹਾ ਕਿ 2019 ਵਿੱਚ ਜਦੋਂ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਸੀ ਤਾਂ ਉਸ ਸਮੇਂ ਕੇਂਦਰ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲੀ ਜਾਵੇਗੀ ਅਤੇ ਬਾਕੀ ਬੰਦੀ ਸਿੰਘਾਂ ਦੀ ਰਿਹਾਈ ਵਾਲੀ ਗੱਲ ਵੀ ਚੱਲੀ ਸੀ। ਉਨ੍ਹਾਂ ਕਿਹਾ ਕਿ ਅੱਜ 7 ਸਾਲ ਹੋ ਗਏ ਪਰ ਵਾਅਦੇ ਵਫ਼ਾ ਨਹੀਂ ਹੋਏ। ਜਥੇਦਾਰ ਗੜਗੱਜ ਨੇ ਕਿਹਾ ਕਿ ਭਾਈ ਰਾਜੋਆਣਾ ਨੇ ਜੋ ਲਿਖਿਆ ਹੈ, ਉਸ ਉਤੇ ਉਹ ਗੌਰ ਕਰਨਗੇ। ਧਰਮ ਪਰਿਵਰਤਨ ਦੇ ਮਾਮਲੇ ਵਿਚ ਉਨ੍ਹਾਂ ਕਿਹਾ ਕਿ ਸੱਚਾ ਸਿੱਖ ਕਦੇ ਵੀ ਆਪਣਾ ਧਰਮ ਨਹੀਂ ਬਦਲਦਾ। ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਦੋਹਰਾ ਮਾਪਦੰਡ ਹੈ ਕਿ ਇੱਕ ਪਾਸੇ ਤਾਂ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾਂਦੀ ਹੈ ਜਦਕਿ ਬੰਦੀ ਸਿੰਘਾਂ ਨੂੰ ਜੇਲ੍ਹਾਂ ਵਿੱਚ ਨਜ਼ਰਬੰਦ ਕੀਤਾ ਹੋਇਆ ਹੈ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅੱਜ ਸਮੇਂ ਦੀ ਜ਼ਰੂਰਤ ਹੈ ਕਿ ਸਿੱਖੀ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ। ਇਸ ਮੌਕੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਦਾ ਸਨਮਾਨ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਵੱਲੋਂ ਸਮਰਾਲਾ ਪਹੁੰਚਣ 'ਤੇ ਜਥੇਦਾਰ ਗੜਗੱਜ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਮੈਂਬਰ ਹਰਜਤਿੰਦਰ ਸਿੰਘ ਪਵਾਤ, ਜਥੇਦਾਰ ਜਸਮੇਲ ਸਿੰਘ ਬੌਂਦਲੀ ਵੀ ਮੌਜੂਦ ਸਨ।

# ਵਿਸਾਖੀ ਮੌਕੇ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਿਆ ਜਾਵੇ : ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਨੂੰ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਣਾ ਚਾਹੀਦਾ ਹੈ ਤਾਂ ਜੋ ਸਿੱਖ ਸ਼ਰਧਾਲੂ ਸਿੱਖ ਕੌਮ ਦੇ ਸਭ ਤੋਂ ਪਵਿੱਤਰ ਮੌਕਿਆਂ ਵਿੱਚੋਂ ਇੱਕ 'ਤੇ ਪਾਕਿਸਤਾਨ ਸਥਿਤ ਇਤਿਹਾਸਕ ਸਿੱਖ ਅਸਥਾਨ - ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋ ਸਕਣ। ਕਰਤਾਰਪੁਰ ਸਾਹਿਬ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਅੰਤਿਮ ਵਿਸ਼ਰਾਮ ਅਸਥਾਨ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਇਸ ਮਾਮਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਟੈਂਡ ਸ਼ੁਰੂ ਤੋਂ ਹੀ ਬਿਲਕੁਲ ਸਪੱਸ਼ਟ ਹੈ ਕਿ ਲਾਂਘਾ ਜਲਦੀ ਤੋਂ ਜਲਦੀ ਖੋਲ੍ਹਿਆ ਜਾਣਾ ਚਾਹੀਦਾ ਹੈ। ਜੇ ਕ੍ਰਿਕਟ ਸਬੰਧ ਮੁੜ ਸ਼ੁਰੂ ਹੋ ਸਕਦੇ ਹਨ ਤਾਂ ਧਾਰਮਿਕ ਸਬੰਧ ਕਿਉਂ ਨਹੀਂ। ਸ਼੍ਰੋਮਣੀ ਕਮੇਟੀ ਨੇ ਪਿਛਲੇ ਦਿਨੀਂ ਹੋਏ ਆਪਣੇ ਸਾਲਾਨਾ ਬਜਟ ਇਜਲਾਸ ਵਿੱਚ ਰਸਮੀ ਤੌਰ 'ਤੇ ਲਾਂਘਾ ਤੁਰੰਤ ਖੋਲ੍ਹਣ ਦੀ ਮੰਗ ਰੱਖੀ ਸੀ। ਇਸ ਸੈਸ਼ਨ ਵਿੱਚ ਕਮੇਟੀ ਨੇ ਸਰਕਾਰ ਨੂੰ ਧਾਰਮਿਕ ਤੀਰਥ ਯਾਤਰਾ ਨੂੰ ਸਿਆਸੀ ਟਕਰਾਵਾਂ ਤੋਂ ਵੱਖ ਰੱਖਣ ਦਾ ਸੁਝਾਅ ਵੀ ਦਿੱਤਾ ਸੀ ਐੱਸ ਜੀ ਪੀ ਸੀ ਨੇ ਆਪਣੇ ਬਜਟ ਇਜਲਾਸ ਵਿੱਚ ਇੱਕ ਮਤਾ ਵੀ ਪਾਸ ਕੀਤਾ ਜਿਸ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਲਾਂਘੇ ਦੇ ਲੰਬੇ ਸਮੇਂ ਤੋਂ ਬੰਦ ਰਹਿਣ ਨਾਲ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਸੱਟ ਵੱਜੀ ਹੈ। ਲਗਪਗ 4.6 ਕਿਲੋਮੀਟਰ ਲੰਬਾ ਇਹ (ਬਾਕੀ ਸਫ਼ਾ 27 'ਤੇ)

# ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ ਸਰਕਾਰ : ਦਲ ਖ਼ਾਲਸਾ




ਅੰਮ੍ਰਿਤਸਰ/ਏ.ਏ.ਟੀ.ਨਿਊਜ਼: ਇੱਥੇ ਦਲ ਖ਼ਾਲਸਾ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਸੈਮੀਨਾਰ ਕੀਤਾ ਗਿਆ ਜਿਸ 'ਚ ਬੇਅਦਬੀ ਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟ ਕੀਤੀ ਗਈ।

ਇਸ ਦੌਰਾਨ ਦਲ ਖ਼ਾਲਸਾ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਬੇਅਦਬੀ ਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਸਰਕਾਰ ਵੱਲ ਨਾ ਦੇਖਣ ਸਗੋਂ ਪੰਥ ਨੂੰ ਲਾਮਬੰਦ ਕਰਨ। ਦਲ ਖ਼ਾਲਸਾ ਦੇ ਬੁਲਾਰੇ ਕੰਵਰ ਪਾਲ ਸਿੰਘ ਨੇ ਕਿਹਾ, ਜਦੋਂ ਵੀ ਅਸੀਂ ਖ਼ਾਲਸਾਈ ਰਵਾਇਤ ਦਾ ਸਹਾਰਾ ਲੈਣ ਦੀ ਗੱਲ ਕਰਦੇ ਹਾਂ ਤਾਂ ਸਾਡੇ 'ਤੇ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਦਾ ਦੋਸ਼ ਲਾਇਆ ਜਾਂਦਾ ਹੈ। ਸਾਡੇ ਕੋਲ ਇਸ ਗੱਲ ਦਾ ਬਹੁਤ ਕੌੜਾ ਤਜਰਬਾ ਹੈ ਕਿ ਕਿਵੇਂ ਇਸ ਦੇਸ਼ ਦੀ ਕਾਨੂੰਨ ਪ੍ਰਣਾਲੀ ਨੇ ਅਪ੍ਰੈਲ 1978 ਤੋਂ ਸਿੱਖਾਂ ਨੂੰ ਹਰ ਪੱਖੋਂ ਪੂਰੀ ਤਰ੍ਹਾਂ ਨਿਰਾਸ਼ ਕੀਤਾ ਹੈ।" ਪਰਮਜੀਤ ਸਿੰਘ ਮੰਡ ਨੇ ਕਿਹਾ, "ਸਾਨੂੰ ਕਿਹਾ ਜਾਂਦਾ ਹੈ ਕਿ ਕਾਨੂੰਨ ਨੂੰ ਆਪਣਾ ਕੰਮ ਕਰਨ ਦਿੱਤਾ ਜਾਵੇ ਪਰ ਦੁਖਾਂਤ ਇਹ ਹੈ ਕਿ ਮੌਜੂਦਾ ਸਿਸਟਮ ਅਤੇ ਸਥਿਤੀ ਵਿੱਚ ਸਰਕਾਰਾਂ ਅਤੇ ਪ੍ਰਸ਼ਾਸਨ ਦੀ ਬਦੌਲਤ (ਬਾਕੀ ਸਫ਼ਾ 26 'ਤੇ)

# ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਕਾਰਜਸ਼ੀਲ ਰਹੀ ਹੈ ਸ਼੍ਰੋਮਣੀ ਕਮੇਟੀ : ਧਾਮੀ

## ਸ਼੍ਰੋਮਣੀ ਕਮੇਟੀ ਨੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 2 ਕਰੋੜ 28 ਲੱਖ 98 ਹਜ਼ਾਰ 500 ਰੁਪਏ ਦੀ ਰਾਸ਼ੀ ਵੰਡੀ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਦਿਅਕ ਅਦਾਰਿਆਂ ਵਿੱਚ ਪੜ੍ਹ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਸਾਲ 2025-26 ਲਈ 2 ਕਰੋੜ 28 ਲੱਖ 98 ਹਜ਼ਾਰ 500 ਰੁਪਏ ਦੀ ਵਜੀਫਾ ਰਾਸ਼ੀ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਵਜੀਫ਼ਾ ਰਾਸ਼ੀ ਦੇ ਚੈੱਕ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਦਿਅਕ ਅਦਾਰਿਆਂ ਦੇ ਨੁਮਾਇੰਦਿਆਂ ਨੂੰ ਸੌਂਪੇ।

ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਕਾਰਜਸ਼ੀਲ ਰਹੀ ਹੈ। ਜਿਥੇ ਦੇਸ਼ ਭਰ ਅੰਦਰ ਗੁਰਮਤਿ ਸਮਾਗਮਾਂ ਰਾਹੀਂ ਸਿੱਖੀ ਪ੍ਰਚਾਰ ਕੀਤਾ ਜਾਂਦਾ ਹੈ, ਉਥੇ ਹੀ ਧਰਮ ਪ੍ਰਚਾਰ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਵਿਦਿਅਕ ਅਦਾਰਿਆਂ ਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਵਜੀਫਾ ਰਾਸ਼ੀ ਦੀ ਯੋਜਨਾ ਵੀ ਚਲਾਈ ਜਾ ਰਹੀ ਹੈ।

ਇਸ ਤਹਿਤ ਹਰ ਸਾਲ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਫੀਸਾਂ ਲਈ ਕਰੋੜਾਂ ਰੁਪਏ ਵਜੀਫੇ ਵਜੋਂ ਦਿੱਤੇ ਜਾਂਦੇ ਹਨ। ਇਸ ਵਾਰ 3743 ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 2 ਕਰੋੜ 28 ਲੱਖ 98 ਹਜ਼ਾਰ 500 ਰੁਪਏ ਦੀ ਰਾਸ਼ੀ ਵੰਡੀ ਗਈ ਹੈ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਹਰ ਸਾਲ ਧਾਰਮਿਕ ਪ੍ਰੀਖਿਆ ਰਾਹੀਂ ਵੀ ਵਿਸ਼ੇਸ਼ ਤੌਰ 'ਤੇ ਵਜੀਫੇ ਦਿੱਤੇ ਜਾਂਦੇ ਹਨ। ਉਨ੍ਹਾਂ ਵਜੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਗੁਰਸਿੱਖੀ ਜੀਵਨ ਵਿਚ ਪ੍ਰਪੱਕ ਰਹਿਣ ਲਈ ਪ੍ਰੇਰਣਾ ਕੀਤੀ। ਉਨ੍ਹਾਂ ਸੰਗਤ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ, ਤਾਂ ਜੋ ਇਨ੍ਹਾਂ ਯੋਜਨਾਵਾਂ ਦਾ ਵੱਧ ਤੋਂ ਵੱਧ ਨੌਜੁਆਨ ਲਾਭ ਲੈ ਸਕਣ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਓਐਸਡੀ ਸਤਬੀਰ ਸਿੰਘ ਧਾਮੀ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਸੁਖਬੀਰ ਸਿੰਘ, ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ, ਡਾ. ਗੁਰਜੀਤ ਸਿੰਘ, ਡਾ. ਰੁਪਿੰਦਰ ਸਿੰਘ, ਬੀਬੀ ਮਨਿੰਦਰਪਾਲ ਕੌਰ, ਮਮਤਾ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਇੰਚਾਰਜ ਜੋਗੇਸ਼ਵਰ ਸਿੰਘ, ਚੀਫ਼ ਅਕਾਊਂਟੈਂਟ ਮਨਿੰਦਰਪਾਲ ਸਿੰਘ ਆਦਿ ਮੌਜੂਦ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਬੇਅਦਬੀ ਦੇ ਦੋਸ਼ੀਆਂ ਨੂੰ ਮਿਲੇ ਸਖ਼ਤ ਸਜ਼ਾ

ਲੰਘੇ ਦਿਨੀਂ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿੱਚ ਵੱਖ- ਵੱਖ ਪੰਥਕ ਜਥੇਬੰਦੀਆਂ ਦੀ ਹੋਈ ਮੀਟਿੰਗ ਵਿੱਚ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਬੇਅਦਬੀ ਵਿਰੋਧੀ ਕਾਨੂੰਨ ਬਣਾਉਣ ਸਮੇਂ ਧਾਰਮਿਕ ਜਥੇਬੰਦੀਆਂ ਦੀ ਸਲਾਹ ਲਈ ਜਾਵੇ। ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਧਾਰਮਿਕ ਜਥੇਬੰਦੀ ਹੈ ਅਤੇ ਉਸ ਨੂੰ ਬੇਅਦਬੀ ਵਿਰੋਧੀ ਕਾਨੂੰਨ ਬਣਾਉਣ ਸਬੰਧੀ ਆਪਣੀ ਸਲਾਹ ਜ਼ਰੂਰ ਦੇਣੀ ਚਾਹੀਦੀ ਹੈ। ਇਸ ਤੋਂ ਪਤਾ ਚਲਦਾ ਹੈ ਕਿ ਬੇਅਦਬੀ ਵਿਰੋਧੀ ਕਾਨੂੰਨ ਬਣਾਉਣ ਸਬੰਧੀ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵਿਚਾਲੇ ਕੋਈ ਟਕਰਾਓ ਨਹੀਂ ਹੈ ਭਾਵੇਂ ਕਿ ਵੱਖ- ਵੱਖ ਧਾਰਮਿਕ ਮੁੱਦਿਆਂ ਸਬੰਧੀ ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਵਿਚਾਲੇ ਟਕਰਾਓ ਵੇਖਣ ਵਿੱਚ ਆ ਚੁੱਕਿਆ ਹੈ ਅਤੇ ਮੁੱਖ ਮੰਤਰੀ ਮਾਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵੀ ਤਲਬ ਕੀਤਾ ਜਾ ਚੁੱਕਿਆ ਹੈ, ਜਿਥੇ ਕਿ ਉਹ ਆਮ ਸਿੱਖ ਵਾਂਗ ਪੇਸ਼ ਹੋ ਚੁੱਕੇ ਹਨ। ਹੁਣ ਬੇਅਦਬੀ ਰੋਕਣ ਸਬੰਧੀ ਕਾਨੂੰਨ ਬਣਾਉਣ ਬਾਰੇ ਦੋਵਾਂ ਸੰਸਥਾਵਾਂ ਦੀ ਸੁਰ ਆਪਸ ਵਿੱਚ ਮਿਲਦੀ ਦਿਖਾਈ ਦੇ ਰਹੀ ਹੈ, ਜਿਸ ਦਾ ਆਮ ਸਿੱਖਾਂ ਵਿੱਚ ਚੰਗਾ ਪ੍ਰਭਾਵ ਪੈ ਰਿਹਾ ਹੈ। ਆਮ ਲੋਕ ਵੀ ਪੰਜਾਬ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਬੇਅਦਬੀ ਰੋਕਣ ਸਬੰਧੀ ਸਖ਼ਤ ਕਾਨੂੰਨ ਜਲਦੀ ਬਣਾਇਆ ਜਾਵੇ ਅਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।


ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿੱਚ ਧਾਰਮਿਕ ਗ੍ਰੰਥਾਂ, ਧਾਰਮਿਕ ਇਮਾਰਤਾਂ, ਮਹਾਂਪੁਰਖਾਂ ਦੇ ਬੁੱਤਾਂ ਆਦਿ ਦੀ ਬੇਅਦਬੀ ਕਰਨ ਦਾ ਮੰਦਭਾਗਾ ਰੁਝਾਨ ਸ਼ੁਰੂ ਹੋ ਗਿਆ ਹੈ, ਜਿਸ ਦੀ ਜਿੰਨੀ ਨਿਖੇਧੀ ਕੀਤੀ ਜਾਵੇ, ਉਹ ਘੱਟ ਹੈ। ਪੰਜਾਬ ਦੇ ਵੱਖ- ਵੱਖ ਇਲਾਕਿਆਂ ਤੋਂ ਅਕਸਰ ਬੇਅਦਬੀ ਦੀ ਘਟਨਾ ਵਾਪਰਣ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਅਕਸਰ ਇਹਨਾਂ ਘਟਨਾਵਾਂ ਦੇ ਦੋਸ਼ੀ ਫਰਾਰ ਹੋ ਜਾਂਦੇ ਹਨ। ਜੇ ਦੋਸ਼ੀ ਮੌਕੇ 'ਤੇ ਜਾਂ ਬਾਅਦ ਵਿੱਚ ਕਾਬੂ ਵੀ ਕਰ ਲਏ ਜਾਂਦੇ ਹਨ ਤਾਂ ਪੁਲਿਸ ਉਹਨਾਂ ਨੂੰ ਮਾਨਸਿਕ ਰੋਗੀ ਕਹਿ ਕੇ ਛੱਡ ਦਿੰਦੀ ਹੈ, ਜਿਸ ਕਾਰਨ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ੍ਹ ਨਹੀਂ ਪੈ ਰਹੀ ਅਤੇ ਇਹ ਘਟਨਾਵਾਂ ਦਿਨੋਂ ਦਿਨ ਵਾਪਰ ਰਹੀਆਂ ਹਨ।

ਆਮ ਲੋਕ ਸਵਾਲ ਕਰ ਰਹੇ ਹਨ ਕਿ ਮਾਨਸਿਕ ਰੋਗੀ ਸਿਰਫ਼ ਗੁਰਦੁਆਰਾ ਸਾਹਿਬ ਜਾ ਕੇ ਜਾਂ ਗੁਰੂ ਗ੍ਰੰਥ ਸਾਹਿਬ ਜਾਂ ਗੁਟਕਾ ਸਾਹਿਬ ਜੀ ਦੀ ਹੀ ਬੇਅਦਬੀ ਕਿਉਂ ਕਰਦੇ ਹਨ ? ਅਕਸਰ ਹੀ ਗੁਟਕਾ ਸਾਹਿਬ ਜੀ ਦੇ ਅੰਗ ਪਾੜ ਕੇ ਸੜਕਾਂ 'ਤੇ ਸੁੱਟ ਦਿੱਤੇ ਜਾਂਦੇ ਹਨ ਜਦੋਂ ਦੋਸ਼ੀ ਫੜੇ ਜਾਂਦੇ ਹਨ ਤਾਂ ਉਸ ਦੇ ਪਰਿਵਾਰਕ ਮੈਂਬਰ ਦਾਅਵਾ ਕਰ ਦਿੰਦੇ ਹਨ ਕਿ ਦੋਸ਼ੀ ਮਾਨਸਿਕ ਰੋਗੀ ਹੈ। ਹੁਣ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਜੇ ਦੋਸ਼ੀ ਮਾਨਸਿਕ ਰੋਗੀ ਹਨ ਤਾਂ ਇਹ ਸਿਰਫ਼ ਧਾਰਮਿਕ ਗ੍ਰੰਥਾਂ ਦੀ ਹੀ ਬੇਅਦਬੀ ਕਿਉਂ ਕਰਦੇ ਹਨ ? ਇਹ ਮਾਨਸਿਕ ਰੋਗੀ ਆਪਣੇ ਘਰਾਂ ਨੂੰ ਅੱਗ ਕਿਉਂ ਨਹੀਂ ਲਗਾਉਂਦੇ ? ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਪੰਜਾਬ ਵਿੱਚ ਇੱਕ ਦਮ ਹੀ ਏਨੇ ਮਾਨਸਿਕ ਰੋਗੀ ਕਿੱਥੋਂ ਆ ਗਏ ? ਜੋ ਕਿ ਸਿਰਫ਼ ਧਾਰਮਿਕ ਬੇਅਦਬੀ ਹੀ ਕਰਦੇ ਹਨ। ਪਿਛਲੇ ਕੁਝ ਦਿਨਾਂ ਦੌਰਾਨ ਹਿੰਦੂ ਧਾਰਮਿਕ ਸਥਾਨਾਂ ਅਤੇ ਮਹਾਂਪੁਰਖਾਂ ਦੇ ਬੁੱਤਾਂ ਦੀ ਬੇਅਦਬੀ ਕਰਨ ਦੀਆਂ ਘਟਨਾਵਾਂ ਵੀ ਵਾਪਰ ਚੁੱਕੀਆਂ ਹਨ। ਜਿਨ੍ਹਾਂ ਨੂੰ ਮੰਦਭਾਗਾ ਹੀ ਕਿਹਾ ਜਾ ਸਕਦਾ ਹੈ।

ਅਸਲੀਅਤ ਤਾਂ ਇਹ ਹੈ ਕਿ ਪੰਜਾਬ ਵਿੱਚ ਇਸ ਸਮੇਂ ਪੰਜਾਬ ਦੋਖੀ ਤਾਕਤਾਂ ਸਰਗਰਮ ਹੋ ਗਈਆਂ ਹਨ ਜੋ ਕਿ ਬੇਅਦਬੀ ਦੀਆਂ ਘਟਨਾਵਾਂ ਕਰਵਾ ਕੇ ਪੰਜਾਬ ਦੇ ਅਮਨ- ਚੈਨ ਨੂੰ ਲਾਂਬੂ ਲਗਾਉਣਾ ਚਾਹੁੰਦੀਆਂ ਹਨ। ਇਹਨਾਂ ਪੰਜਾਬ ਦੋਖੀ ਤਾਕਤਾਂ ਤੋਂ ਪੰਜਾਬ ਅਮਨ ਚੈਨ ਨਾਲ ਰਹਿੰਦਾ ਵੇਖਿਆ ਨਹੀਂ ਜਾ ਰਿਹਾ, ਇਸੇ ਕਾਰਨ ਇਹਨਾਂ ਫ਼ਿਰਕੂ ਤਾਕਤਾਂ ਵੱਲੋਂ ਕਿਸੇ ਨਾ ਕਿਸੇ ਤਰੀਕੇ ਨਾਲ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਖੋਰਾ ਲਗਾਉਣ ਅਤੇ ਫ਼ਿਰਕੂ ਤਨਾਓ ਫ਼ੈਲਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਹ ਉਹੀ ਤਾਕਤਾਂ ਹਨ ਜੋ ਕਿ ਪਹਿਲਾਂ 80 ਅਤੇ 90 ਦੇ ਦਹਾਕੇ ਵਿੱਚ ਵੀ ਸਰਗਰਮ ਰਹੀਆਂ ਹਨ, ਇਹਨਾਂ ਤਾਕਤਾਂ ਦੇ ਸਿਰਫ਼ ਚਿਹਰੇ ਅਤੇ ਮੋਹਰੇ ਵੀ ਬਦਲੇ ਹਨ। ਇਹਨਾਂ ਪੰਜਾਬ ਦੋਖੀ ਤਾਕਤਾਂ ਕਾਰਨ ਹੀ ਪੰਜਾਬ ਨੇ ਲੰਬਾ ਸਮਾਂ ਸੰਤਾਪ ਹੰਢਾਇਆ ਹੈ। ਇਹਨਾਂ ਤਾਕਤਾਂ ਕਾਰਨ ਹੁਣ ਪੰਜਾਬ ਇੱਕ ਵਾਰ ਫੇਰ ਬਾਰੂਦ ਦੇ ਢੇਰ 'ਤੇ ਬੈਠਾ ਹੈ ਅਤੇ ਨਿੱਕੀ ਜਿਹੀ ਚਿੰਗਾਰੀ ਵੀ ਕਿਸੇ ਵੀ ਸਮੇਂ ਵੱਡੇ ਲਾਂਬੂ ਲਗਾ ਸਕਦੀ ਹੈ। ਪੰਜਾਬ ਦੇ ਲੋਕ ਬਹੁਤ ਹੀ ਅਮਨ ਪਸੰਦ ਅਤੇ ਸਮਝਦਾਰ ਹਨ। ਉਹ ਪੰਜਾਬ ਦੋਖੀਆਂ ਦੀਆਂ ਸਾਰੀਆਂ ਚਾਲਾਂ ਨੂੰ ਸਮਝਦੇ ਹਨ। ਇਸੇ ਕਾਰਨ ਉਹਨਾਂ ਵੱਲੋਂ ਬਹੁਤ ਸੋਚ ਸਮਝ ਕੇ ਵਿਚਰਿਆ ਜਾ ਰਿਹਾ ਹੈ। ਇਸੇ ਕਾਰਨ ਪੰਜਾਬ ਦੋਖੀ ਤਾਕਤਾਂ ਨੂੰ ਅਜੇ ਤਕ ਸਫਲਤਾ ਨਹੀਂ ਮਿਲੀ ਅਤੇ ਉਹ ਆਪਣੇ ਮਾੜੇ ਮਕਸਦ ਵਿੱਚ ਕਾਮਯਾਬ ਨਹੀਂ ਹੋਈਆਂ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬੇਅਦਬੀ ਰੋਕਣ ਸਬੰਧੀ ਸਖ਼ਤ ਕਾਨੂੰਨ ਜਲਦੀ ਬਣਾਵੇ ਅਤੇ ਉਸ ਨੂੰ ਤੁਰੰਤ ਲਾਗੂ ਕੀਤਾ ਜਾਵੇ। ਇਸ ਤੋਂ ਇਲਾਵਾ ਬੇਅਦਬੀਆਂ ਦੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਵਿਵਸਥਾ ਕਰਨੀ ਚਾਹੀਦੀ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਪੁਲਿਸ ਨੂੰ ਵਿਸ਼ੇਸ਼ ਹੁਕਮ ਜਾਰੀ ਕਰੇ ਕਿ ਉਹ ਬੇਅਦਬੀ ਦੇ ਹਰ ਦੋਸ਼ੀ ਨੂੰ ਮਾਨਸਿਕ ਰੋਗੀ ਕਹਿ ਕੇ ਆਪਣਾ ਪੱਲਾ ਨਾ ਝਾੜੇ ਸਗੋਂ ਹਰ ਘਟਨਾ ਦੀ ਡੂੰਘਾਈ ਨਾਲ ਜਾਂਚ ਕਰੇ। ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਪੰਜਾਬੀਆਂ ਨੂੰ ਖੁਦ ਵੀ ਸੁਚੇਤ ਰਹਿਣ ਚਾਹੀਦਾ ਹੈ ਤਾਂ ਕਿ ਅਜਿਹੀਆਂ ਮਾੜੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਠੱਲ੍ਹ ਪਾਈ ਜਾ ਸਕੇ।

# ਸਿੱਖ ਪੰਥ ਨੂੰ ਪੜਚੋਲ ਕਰਕੇ, ਨੀਤੀ ਬਣਾ ਕੇ ਅੱਗੇ ਵਧਣ ਦੀ ਲੋੜ



ਇਕਬਾਲ ਸਿੰਘ ਲਾਲਪੁਰਾ
ਸਾਬਕਾ ਚੇਅਰਮੈਨ, ਘੱਟ ਗਿਣਤੀਆਂ ਕਮਿਸ਼ਨ ਭਾਰਤ ਸਰਕਾਰ

21ਵੀਂ ਸਦੀ ਦੀ ਇੱਕ ਚੌਥਾਈ ਗੁਜ਼ਰ ਚੁੱਕੀ ਹੈ। ਸਿੱਖ ਪੰਥ, ਜਿਸ ਨੂੰ ਦੇਵਤਾ ਰੂਪ ਵਿੱਚ ਪ੍ਰਗਟ ਕੀਤਾ ਗਿਆ ਸੀ, ਦਾ ਇਤਿਹਾਸ ਕਰੀਬ 556 ਸਾਲ ਪੁਰਾਣਾ ਹੋ ਚੁੱਕਾ ਹੈ। ਅੱਜ ਵੀ ਇਹ ਗੁਰੂ ਨਾਨਕ ਸਾਹਿਬ ਦੇ ਘੜੇ ਦੇਵਤੇ ਅਰਥਾਤ ਗੁਰਮੁਖ ਵਿਸ਼ਵ ਭਰ ਵਿੱਚ ਲੋਕਾਈ ਦੀ ਸੇਵਾ ਕਰਦੇ ਵੇਖੇ ਜਾ ਸਕਦੇ ਹਨ।

ਰਾਜਨੀਤਿਕ ਰੂਪ ਵਿੱਚ 1710 ਈ. ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫ਼ਤਿਹ ਨਾਲ ਰਾਜ ਸਥਾਪਤ ਕੀਤਾ ਸੀ। 1783 ਈ. ਨੂੰ ਦਿੱਲੀ ਫ਼ਤਿਹ ਕਰਕੇ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਝੁਲਾਇਆ ਸੀ। ਅੱਜ ਵੀ ਮੇਰਠ ਲਾਗੇ 800 ਪਿੰਡਾਂ ਵਿੱਚ 250 ਸਾਲਾਂ ਤੋਂ ਵੱਸਦੇ ਸਿੱਖ ਇਨ੍ਹਾਂ ਜਿੱਤਾਂ ਦਾ ਇਤਿਹਾਸ ਸਾਂਭ ਕੇ ਬੈਠੇ ਹਨ। ਅਠਾਰਵੀਂ ਸਦੀ ਦੇ ਅੰਤ ਤੱਕ ਲਾਹੌਰ 'ਤੇ ਖ਼ਾਲਸਾ ਰਾਜ ਸਥਾਪਿਤ ਹੋ ਚੁੱਕਾ ਸੀ, ਜਿਸ ਦੀ ਹੋਂਦ ਸਤਲੁਜ ਤੋਂ ਕਾਬੁਲ ਤੱਕ ਸੀ।

ਆਪਸੀ ਫੁੱਟ ਤੇ ਲਾਲਚ ਨੇ ਖ਼ਾਲਸਾ ਰਾਜ ਦੀ ਆਜ਼ਾਦ ਸੋਚ ਦਾ ਅੰਤ 1849 ਈ. ਵਿੱਚ ਕਰ ਦਿੱਤਾ। ਇਤਿਹਾਸ ਦੀ ਪੜਚੋਲ ਕਰਨਾ ਗਲਤੀਆਂ ਤੋਂ ਜਾਣੂ ਹੋਣ ਅਤੇ ਅਗਲੀ ਨੀਤੀ ਬਣਾਉਣ ਲਈ ਰਾਹ-ਦਸੇਰਾ ਹੁੰਦਾ ਹੈ। ਇਸ 176 ਸਾਲਾਂ ਵਿੱਚੋਂ ਜੇਤੂ ਅੰਗਰੇਜ਼ ਨੇ ਕਰੀਬ 98 ਸਾਲ (1947 ਤੱਕ) ਸਿੱਖ ਕੌਮ ਨੂੰ ਆਗੂ-ਰਹਿਤ ਤੇ ਕਮਜ਼ੋਰ ਕੀਤਾ ਅਤੇ ਅੰਗਰੇਜ਼-ਪੱਖੀ ਸਿੱਖ ਸੰਸਥਾਵਾਂ ਤੇ ਆਗੂ ਅੱਗੇ ਕੀਤੇ ਜੋ ਅੱਜ ਵੀ ਤਾਕਤਵਰ ਹਨ। ਕਿਵੇਂ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਣਬੋ' ਦੇ ਧਾਰਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਜਾਤ-ਪਾਤ ਦੇ ਨਾਗ-ਵਲ ਵਿੱਚ ਬੱਝੇ ਹੋਏ ਆਪਣੀ ਵਿਲੱਖਣਤਾ ਗੁਆ ਚੁੱਕੇ ਹਨ। ਰੰਘਰੇਟੇ 'ਗੁਰੂ ਕੇ ਬੇਟੇ' ਹੁਣ ਚੌਥੇ ਪੌੜੇ ਵਾਲੇ ਬਣਾ ਦਿਤੇ ਗਏ ਹਨ।

ਅੰਗਰੇਜ਼ ਨੇ ਧਰਮ-ਪਰਿਵਰਤਨ ਵਿਰੁੱਧ ਅੱਗੇ ਆਈ ਸਿੰਘ ਸਭਾ ਲਹਿਰ ਨੂੰ ਖ਼ਤਮ ਕਰਨ ਲਈ ਚੀਫ਼ ਖ਼ਾਲਸਾ ਦੀਵਾਨ ਬਣਾ ਦਿੱਤਾ। ਉਸ ਦੇ ਉਦੇਸ਼ ਵੀ ਧਰਮ ਪ੍ਰਚਾਰ, ਵਿੱਦਿਆ ਤੇ ਆਰਥਿਕ ਤਰੱਕੀ ਰੱਖੇ, ਪਰ ਕਰੀਬ 124 ਸਾਲਾਂ ਵਿੱਚ ਵੀ ਇਹ ਸੰਸਥਾ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਵੱਲ ਕੋਈ ਮਹੱਤਵਪੂਰਨ ਕੰਮ ਨਹੀਂ ਕਰ ਸਕੀ।

1920-1925 ਦੀ ਗੁਰਦੁਆਰਾ ਸੁਧਾਰ ਲਹਿਰ ਵੀ ਪਹਿਲਾਂ ਅੰਗਰੇਜ਼-ਪੱਖੀ ਤੇ ਫਿਰ ਕਾਂਗਰਸ-ਪੱਖੀ ਨੇਤਾਵਾਂ ਵਿੱਚ ਵੰਡੀ ਜਾਣ ਕਾਰਨ ਧਰਮ ਦੇ ਪ੍ਰਚਾਰ-ਪ੍ਰਸਾਰ ਤੇ ਗੁਰਦੁਆਰਾ ਪ੍ਰਬੰਧ ਵਿੱਚ ਕੋਈ ਤਬਦੀਲੀ ਨਹੀਂ ਲਿਆ ਸਕੀ, ਨਾ ਹੀ ਕੋਈ ਲੰਬੀ ਨੀਤੀ ਬਣਾ ਸਕੀ। ਗੁਰੂ-ਘਰ ਰਾਜਨੀਤੀ ਦਾ ਅੱਡਾ ਬਣ ਚੁੱਕੇ ਹਨ। ਇਸ ਕਾਰਨ ਹੀ ਪੰਜਾਬ, ਹਰਿਆਣਾ, ਦਿੱਲੀ ਤੇ ਹੋਰ ਕਮੇਟੀਆਂ ਵਿੱਚ ਵੰਡ ਜਾਣ ਅਤੇ ਰਾਜਨੀਤੀ ਵੱਲ ਪ੍ਰੇਰਿਤ ਹੋਣ ਕਰਕੇ 'ਕੌਮੀ ਆਗੂ' ਪੈਦਾ ਨਹੀਂ ਹੋ ਸਕੇ। ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਵੀ ਇਨ੍ਹਾਂ ਕਮੇਟੀਆਂ ਤੇ ਸੰਸਥਾਵਾਂ ਨੇ ਕੁਝ ਵੀ ਨਹੀਂ ਕੀਤਾ।

ਸਿੰਘ ਸਭਾ ਲਹਿਰ ਦਾ ਗਠਨ ਮਿਸ਼ਨ ਸਕੂਲ ਅੰਮ੍ਰਿਤਸਰ ਵੱਲੋਂ ਚਾਰ ਸਿੱਖ ਵਿਦਿਆਰਥੀਆਂ ਨੂੰ ਇਸਾਈ ਬਣਾਉਣ ਵਿਰੁੱਧ ਹੋਇਆ ਸੀ। ਇਹ ਗੱਲ 1873 ਈ. ਦੀ ਹੈ। ਇਸ ਤੋਂ



ਪਹਿਲਾਂ ਮਹਾਰਾਜਾ ਦਲੀਪ ਸਿੰਘ ਨੂੰ ਇਸਾਈ ਬਣਾ ਲਿਆ ਗਿਆ ਸੀ। ਫਿਰ ਹਰਨਾਮ ਸਿੰਘ ਆਹਲੂਵਾਲੀਆ ਇਸਾਈ ਬਣਿਆ ਤੇ ਅੱਜ ਵੀ ਉਸ ਦਾ ਪਰਿਵਾਰ ਇਸਾਈ ਧਰਮ ਦੀ ਹੀ ਪਾਲਣਾ ਕਰਦਾ ਹੈ। ਅੱਜ ਵੀ ਪੰਜਾਬ ਦੇ ਪਿੰਡਾਂ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਸਿੱਖ ਆਪਣਾ ਧਰਮ ਬਦਲ ਰਹੇ ਹਨ। ਸਿੱਖ ਡੇਰੇਦਾਰ ਬਾਬੇ ਤਾਂ ਗੁਰੂ ਦਾ ਮੁਕਾਬਲਾ ਕਰਦੇ ਮੱਥੇ ਟਿਕਾਉਂਦੇ ਹਨ ਅਤੇ ਕਾਰ-ਸੇਵਾ ਦੇ ਨਾਂਅ 'ਤੇ ਇਮਾਰਤਾਂ ਢਾਹੁਣ-ਬਣਾਉਣ ਦੇ ਕੰਮ ਲੱਗੇ ਹੋਏ ਹਨ। ਇਸ ਠੇਕੇਦਾਰੀ ਲਈ ਕਿਸ ਨਾਲ ਕਿੰਨੀਆਂ ਸ਼ਰਤਾਂ ਤੇ ਸਮਝੌਤੇ ਕਰਨੇ ਪੈਂਦੇ ਹਨ, ਸਭ ਦੇ ਧਿਆਨ ਵਿੱਚ ਹੈ। ਪਾਠ, ਕਥਾ ਤੇ ਕੀਰਤਨ ਉਜਰਤ ਲੈ ਕੇ ਹੁੰਦੇ ਹਨ। ਸਿੱਖ ਮਾਨਸ ਤੋਂ ਦੇਵਤਾ ਕਿਵੇਂ ਬਣੇ, ਆਪਣੇ ਅੰਦਰ ਗੁਰੂ ਗਿਆਨ ਦੀ ਜੋਤਿ ਕਿਵੇਂ ਜਗਾਏ— ਇਸ ਬਾਰੇ ਨਾ ਖੋਜ ਕੀਤੀ ਗਈ ਹੈ, ਨਾ ਸੋਚਿਆ ਜਾਂਦਾ ਹੈ। ਸੰਸਥਾਵਾਂ 'ਤੇ ਭ੍ਰਿਸ਼ਟਾਚਾਰ, ਰਾਜਨੀਤੀ ਜਾਂ ਕੇਵਲ ਕਰਮ-ਕਾਂਡ ਉਤਸ਼ਾਹਿਤ ਕਰਨ ਦੇ ਦੋਸ਼ ਹਨ; ਫਿਰ ਆਮ ਸਿੱਖ ਦਾ ਵਿਸ਼ਵਾਸ ਕਿਵੇਂ ਬਣ ਸਕਦਾ ਹੈ ? ਇਸ ਬਾਰੇ ਗੁਰਮਤਿ ਸਪਸ਼ਟ ਹੈ:

ਸੂਹੀ ਮਹਲਾ ੫ ॥
ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥
ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ ॥੧॥ ਰਹਾਉ ॥

ਫਿਰ ਇਹ ਕਰਮ-ਕਾਂਡ ਗੁਰੂ-ਘਰਾਂ ਵਿੱਚ ਕਿਉਂ ਹੋ ਰਹੇ ਹਨ ? 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸਾ ਕਾ' ਦਾ ਰਾਹ ਗੁਰੂ ਪਿਤਾ ਨੇ ਸਪਸ਼ਟ ਕੀਤਾ ਸੀ, ਜੋ ਸਿੱਖ ਧਰਮ ਅਸਥਾਨਾਂ ਵਿੱਚ ਅੱਜ ਨਜ਼ਰ ਨਹੀਂ ਆ ਰਿਹਾ। ਅੰਗਰੇਜ਼ ਨੇ ਤਨਖ਼ਾਹਦਾਰ ਪੁਜਾਰੀਆਂ ਦੀ ਸੰਸਥਾ ਬਣਾਈ, ਜਿਸ ਨੂੰ ਉਸ ਦੇ ਪਿੱਠੂ ਚਲਾਉਂਦੇ ਸਨ। ਉਸ ਰਾਹੀਂ ਜਨਰਲ ਡਾਇਰ ਵੀ ਸਨਮਾਨਿਤ ਹੁੰਦਾ ਰਿਹਾ ਅਤੇ ਕਿਸੇ ਨੂੰ ਵੀ ਪੰਥ ਵਿੱਚੋਂ ਖ਼ਾਰਜ ਕੀਤਾ ਜਾ ਸਕਦਾ ਸੀ; ਹੁਣ ਵੀ ਇਸ ਬਾਰੇ ਕੁਝ ਨਹੀਂ ਬਦਲਿਆ। ਇਸ ਬਾਰੇ ਸਿੱਖ ਪੰਥ ਨੂੰ ਗੁਰਮਤਿ ਨਜ਼ਰੀਏ ਤੋਂ ਤਬਦੀਲੀਆਂ ਲਿਆਉਣ ਦੀ ਲੋੜ ਹੈ।

ਆਰਥਿਕ ਰੂਪ ਵਿੱਚ ਕੁਝ ਵਿਅਕਤੀਆਂ ਤੇ ਪਰਿਵਾਰਾਂ ਨੇ ਤਰੱਕੀ ਜ਼ਰੂਰ ਕੀਤੀ ਹੈ, ਪਰ ਉਨ੍ਹਾਂ ਵਿੱਚੋਂ ਬਹੁਤੇ ਧਰਮ ਤੋਂ ਦੂਰ ਹੋ ਚੁੱਕੇ ਹਨ। ਕੌਮ ਮੂਲ ਰੂਪ ਵਿੱਚ ਆਰਥਿਕ ਪੱਖੋਂ ਕਮਜ਼ੋਰ ਹੋਈ ਹੈ। ਕਿਉਂਕਿ ਸਿੱਖਾਂ ਦੀ ਬਹੁਗਿਣਤੀ ਵਾਲੇ ਪ੍ਰਦੇਸ਼ ਪੰਜਾਬ ਵਿੱਚ ਕਾਰਖਾਨੇ ਜਾਂ ਤਾਂ ਬੰਦ ਹੋ ਗਏ ਹਨ ਜਾਂ ਅਮਨ-ਕਾਨੂੰਨ ਦੀ ਮਾੜੀ ਹਾਲਤ ਨੇ ਨਵੇਂ ਲੱਗਣ ਨਹੀਂ ਦਿੱਤੇ। ਉੱਤਮ ਖੇਤੀ ਵਾਲੇ ਲੋਕ ਖ਼ੁਦਕੁਸ਼ੀਆਂ ਕਰ ਰਹੇ ਹਨ ਜਾਂ ਸੜਕਾਂ 'ਤੇ ਅੰਦੋਲਨ ਕਰਦੇ ਜਾਨਾਂ ਗੁਆ ਰਹੇ ਹਨ।

ਆਜ਼ਾਦੀ ਦੀ ਲੜਾਈ ਦੇ ਮੋਹਰੀ ਬਣੇ ਸਿੱਖ ਨੇਤਾ ਕੁਰਸੀਆਂ ਲਈ ਕਾਂਗਰਸ ਨਾਲ ਜੁੜ ਗਏ ਸਨ ਅਤੇ ਆਪਣੀ ਕੌਮ ਦੇ ਉਨ੍ਹਾਂ ਆਗੂਆਂ 'ਤੇ ਹੀ ਤਸ਼ੱਦਦ ਕਰਨ ਵਾਲੇ ਬਣ ਗਏ ਜਿਨ੍ਹਾਂ ਨੇ ਪੰਥਕ ਰਾਜਨੀਤੀ ਦਾ ਰਾਹ ਚੁਣਿਆ ਸੀ। ਰਾਜਨੀਤਕ ਖੇਤਰ ਵਿੱਚ ਇਸ ਛੋਟੀ ਕੌਮ ਦੇ ਕਈ ਆਗੂ ਤੇ ਧੜੇ ਬਣ ਗਏ ਹਨ। ਸਿੱਖ ਪੰਥ ਦੀ ਪ੍ਰਾਪਤੀ ਸਿਫ਼ਰ ਹੀ ਰਹੀ। ਇਹ ਨਹੀਂ ਕਿ ਆਜ਼ਾਦ ਭਾਰਤ ਵਿੱਚ ਸਿੱਖ ਆਗੂਆਂ ਨੂੰ ਕੁਰਸੀਆਂ ਤੇ ਅਹੁਦੇ ਨਹੀਂ ਮਿਲੇ, ਪਰ ਕੁਰਸੀ ਮਿਲਦਿਆਂ ਹੀ ਗੱਲ 'ਮੈਂ ਤੇ ਮੇਰੇ ਪਰਿਵਾਰ' ਤੱਕ ਹੀ ਸੀਮਤ ਰਹੀ।

ਆਪਣਾ ਧਰਮ ਅਰਥਾਤ ਗੁਰੂ ਗ੍ਰੰਥ ਸਾਹਿਬ ਦਾ ਫਲਸਫਾ (ਜੋ ਮਾਨਸ ਨੂੰ ਦੇਵਤਾ ਬਣਾਉਣ ਦੀ ਸਮਰੱਥਾ ਰੱਖਦਾ ਹੈ) ਦੇ ਪ੍ਰਚਾਰ ਵਿੱਚ ਨਾਕਾਮ ਰਹਿਣ ਤੋਂ ਬਾਅਦ, 1970 ਦੇ ਦਹਾਕੇ ਵਿੱਚ ਨਿਰੰਕਾਰੀਆਂ ਨਾਲ ਝਗੜਾ ਸ਼ੁਰੂ ਹੋਇਆ। ਗੱਲ ਤਕਰਾਰ ਤੋਂ ਕਤਲਾਂ ਤੱਕ ਜਾ ਪਹੁੰਚੀ, ਵਕਤ ਦੀ ਸਰਕਾਰ ਤਮਾਸ਼ਬੀਨ ਬਣੀ ਰਹੀ ਅਤੇ ਕਾਂਗਰਸ ਨੇ ਸਿੱਖਾਂ ਨਾਲ ਕੋਈ ਇਨਸਾਫ਼ ਨਹੀਂ ਕੀਤਾ। ਪੰਜਾਬ ਦੇ ਮਸਲੇ ਉਲਝਾਏ ਗਏ। ਅਕਾਲੀ ਲੀਡਰਸ਼ਿਪ ਨੇ ਪੰਜਾਬ ਤੇ ਸਿੱਖ ਨੌਜਵਾਨਾਂ ਪ੍ਰਤੀ ਜ਼ਿੰਮੇਵਾਰੀ ਨਹੀਂ ਸੰਭਾਲੀ। ਇਸ ਕਾਰਨ ਸਿੱਖ ਨੌਜਵਾਨੀ ਦਾ ਘਾਣ ਹੋਇਆ। ਪੰਜਾਬ ਬਰਬਾਦ ਹੋਇਆ। ਅਕਾਲੀ ਲੀਡਰਸ਼ਿਪ ਕਾਂਗਰਸ ਸਰਕਾਰ ਤੋਂ ਕੋਈ ਪੰਥਕ ਤੇ ਪੰਜਾਬ ਮੰਗ ਨਹੀਂ ਮਨਾ ਸਕੀ। ਸੱਤਾ ਦੀ ਲਾਲਸਾ ਨੇ ਸਿੱਖ ਜਗਤ ਦਾ ਨੁਕਸਾਨ ਕੀਤਾ।

ਸਿੱਖ ਧਰਮ ਵਿੱਚ ਗੁਰਮਤਿ ਅਨੁਸਾਰ 'ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ ॥' ਦੀ ਜੀਵਨ-ਜੁਗਤ ਨਾਲ ਸਿੱਖ ਪਾਰਸ ਬਣ ਕੇ ਹੋਰਾਂ ਨੂੰ ਕੰਚਨ ਤੇ ਪਾਰਸ ਬਣਾਉਣ ਦੀ ਸਮਰੱਥਾ ਰੱਖਦਾ ਹੈ। ਇਨ੍ਹਾਂ ਗੁਰਮੁਖਾਂ ਦੇ ਜੀਵਨ ਨੇ ਹੋਰਾਂ ਨੂੰ ਵੀ ਇਸ ਮਾਰਗ 'ਤੇ ਤੋਰਿਆ। ਗੁਰੂ ਕਾਲ ਵਿੱਚ ਮੰਜੀਆਂ ਅਤੇ ਮਸੰਦ ਪ੍ਰਚਾਰਕ ਥਾਪੇ ਗਏ। ਫਿਰ ਖਾਲਸਾ ਨੂੰ ਗੁਰੂ ਨਾਲ ਜੁੜਨ ਦਾ ਹੁਕਮ ਹੋਇਆ। ਇਸ ਕਾਲ ਵਿੱਚ ਹੀ ਉਦਾਸੀ ਤੇ ਨਿਰਮਲ ਸੰਪਰਦਾਵਾਂ ਨੇ ਲੋਕਾਈ ਨੂੰ ਗੁਰਮਤਿ ਨਾਲ ਜੋੜਿਆ ਸੀ। ਜਦੋਂ ਅੰਗਰੇਜ਼ ਸਰਕਾਰ ਨੇ ਸਿੱਖ ਆਗੂ ਕਬਜ਼ੇ ਵਿੱਚ ਕੀਤੇ ਤਾਂ ਇਨ੍ਹਾਂ ਸੰਸਥਾਵਾਂ ਦੇ ਕੁਝ ਆਗੂ ਵੀ ਕਮਜ਼ੋਰ ਹੋ ਕੇ ਅੰਗਰੇਜ਼ਾਂ ਨਾਲ ਜੁੜ ਗਏ।

ਪਰ ਅੰਗਰੇਜ਼ਾਂ ਤੋਂ ਬਾਅਦ ਵੀ ਇਨ੍ਹਾਂ ਸੰਸਥਾਵਾਂ ਦੇ ਚੰਗੇ ਕੰਮ ਨੂੰ ਮੁੜ ਸੁਰਜੀਤ ਕਰਨ ਦੀ ਥਾਂ, ਕੁਝ ਆਪੇ ਬਣੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀਆਂ' ਦੇ ਆਗੂਆਂ ਨੇ ਇਨ੍ਹਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਹੀ ਚੁੱਕਣੇ ਸ਼ੁਰੂ ਕਰ ਦਿੱਤੇ। ਇਸ ਨਾਲ ਪੰਥਕ ਸੰਸਥਾਵਾਂ ਤੇ ਜਾਇਦਾਦਾਂ ਪੰਥ ਤੋਂ ਦੂਰ ਹੋ ਗਈਆਂ ਹਨ। ਇਹ 'ਮੋਰਲ ਪੁਲੀਸਿੰਗ' ਦਾ ਅਧਿਕਾਰ ਇਨ੍ਹਾਂ ਨੂੰ ਕਿਸ ਨੇ ਦਿੱਤਾ ਹੈ ? ਧਰਮ ਪ੍ਰਚਾਰ ਦੇ ਨਾਂਅ 'ਤੇ ਹੋਂਦ ਵਿੱਚ ਆਏ ਬਾਬੇ, ਟਕਸਾਲਾਂ ਤੇ ਜਥੇ ਪੇਸ਼ੇਵਰ ਕਰਮ-ਕਾਂਡ ਕਰਵਾ ਕੇ ਸਿੱਖਾਂ ਨੂੰ ਭੰਬਲਭੂਸੇ ਵਿੱਚ ਪਾ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਦੇਵਤਾ' ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 'ਅਕਾਲ ਪੁਰਖ ਕੀ ਫੌਜ' ਦੇ ਸੰਤ-ਸਿਪਾਹੀ ਦਾ ਫ਼ਲਸਫ਼ਾ ਹੀ ਧੁੰਦਲਾ ਕਰ ਦਿੱਤਾ ਗਿਆ ਹੈ।

ਸਿੱਖ ਰਾਜਸੀ ਆਗੂ ਸਿੱਖ ਫ਼ਲਸਫ਼ੇ ਵਾਲੇ ਜੀਵਨ ਤੋਂ ਕੋਹਾਂ ਦੂਰ, ਰਾਜਨੀਤਕ ਲਾਭ ਲਈ ਕੁਝ ਵੀ ਕਰਨ ਨੂੰ ਤਿਆਰ ਨਜ਼ਰ ਆਉਂਦੇ ਹਨ। ਧਰਮ ਪ੍ਰਚਾਰ ਕੇਵਲ ਰੋਟੀ-ਰੋਜ਼ੀ ਦਾ ਸਾਧਨ ਬਣ ਗਿਆ ਹੈ।

ਸਿੱਖ ਇਤਿਹਾਸਕ ਅਸਥਾਨਾਂ ਦੀ ਦੇਖਭਾਲ ਦੀ ਗੱਲ ਵੀ ਜ਼ਰੂਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਜਨਮ ਅਸਥਾਨ ਸਮੇਤ ਅਨੇਕਾਂ ਇਤਿਹਾਸਕ ਗੁਰਦੁਆਰਾ ਸਾਹਿਬਾਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਪਾਕਿਸਤਾਨ ਵਿੱਚ ਰਹਿ ਗਏ ਹਨ। ਬਹੁਤੇ ਅਸਥਾਨ ਸਥਾਨਕ ਲੋਕਾਂ ਨੇ ਢਾਹ ਦਿੱਤੇ ਹਨ ਅਤੇ ਕਈਆਂ ਵਿੱਚ ਡੰਗਰ ਬੰਨ੍ਹੇ ਜਾਣ ਦੀਆਂ ਤਸਵੀਰਾਂ ਮਿਲਦੀਆਂ ਹਨ। ਜਿਨ੍ਹਾਂ ਨੂੰ 'ਦੀਨ' ਨਾਲੋਂ 'ਜ਼ਮੀਨ' ਪਿਆਰੀ ਲੱਗੀ, ਉਹ ਕਲਮਾਂ ਪੜ੍ਹ ਕੇ ਮੁਸਲਮਾਨ ਬਣ ਗਏ ਅਤੇ ਹੁਣ ਆਪਣੇ ਪੁਰਾਣੇ ਵਿਰਸੇ ਦੀ ਗੱਲ ਕਰ ਕੇ ਸਿੱਖ ਕੌਮ ਨੂੰ ਗੁਮਰਾਹ ਕਰ ਰਹੇ ਹਨ। ਪਾਕਿਸਤਾਨ ਵਿੱਚ ਆਈਐਸਆਈ ਦੀ ਸਰਪ੍ਰਸਤੀ ਹੇਠ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਲਈ ਗਈ ਹੈ। ਸਿੱਖ ਕੇਵਲ ਵਿਖਾਵੇ ਲਈ ਪ੍ਰਬੰਧਕ ਨਜ਼ਰ ਆਉਂਦੇ ਹਨ, ਪਰ ਜ਼ਮੀਨ ਦੀ ਮਾਲਕੀ ਤੇ ਪ੍ਰਬੰਧ ਦੇ ਅਸਲ ਅਧਿਕਾਰ ਉਨ੍ਹਾਂ ਕੋਲ ਨਹੀਂ ਹਨ। ਭਾਰਤੀ ਪੰਜਾਬ ਦੀ ਸ਼੍ਰੋਮਣੀ ਕਮੇਟੀ ਕੋਲ 481, ਹਰਿਆਣਾ ਕੋਲ 52 ਅਤੇ ਦਿੱਲੀ ਕਮੇਟੀ ਕੋਲ ਕੇਵਲ 10 ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਹੈ। ਬਾਕੀ ਦੁਨੀਆ ਭਰ ਦੇ ਹਜ਼ਾਰਾਂ ਗੁਰਦੁਆਰੇ ਇੱਕ ਮਰਿਆਦਾ ਵਿੱਚ ਕਿਵੇਂ ਆਉਣਗੇ ? ਪੰਜਾਬ ਤੋਂ ਬਾਹਰਲੇ ਇਤਿਹਾਸਕ ਗੁਰਦੁਆਰਿਆਂ ਦੀ ਜ਼ਿੰਮੇਵਾਰੀ ਕਿਸ ਦੀ ਹੈ ? ਉਹ ਬਹੁਤ ਮਾੜੀ ਹਾਲਤ ਵਿੱਚ ਹਨ। ਹੁਣ ਪੰਜਾਬ ਵਾਲੇ ਆਗੂ 'ਆਲ ਇੰਡੀਆ ਗੁਰਦੁਆਰਾ ਐਕਟ' ਦੇ ਵੀ ਹਮਾਇਤੀ ਨਹੀਂ ਰਹੇ, ਜਿਸ ਦੀ ਮੰਗ ਉਹ 1956 ਤੋਂ ਕਰਦੇ ਆ ਰਹੇ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਸਥਿਤੀ ਬਾਰੇ ਸਪੱਸ਼ਟ ਕਰਦੇ ਹਨ:
ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥

ਜਿਸ ਪੰਥ ਕੋਲ ਉੱਤਮ ਫ਼ਲਸਫ਼ਾ ਤੇ ਇਤਿਹਾਸ ਹੈ, ਉਸ ਨੂੰ ਕੋਈ ਕਮਜ਼ੋਰ ਨਹੀਂ ਕਰ ਸਕਦਾ। ਗੱਲ ਤਾਂ ਮੁੜ ਲੀਹ 'ਤੇ ਆਉਣ ਦੀ ਹੈ। ਇਸ ਬਾਰੇ ਵਿਚਾਰ ਪੰਥ-ਦਰਦੀ ਗੁਰਮੁਖਾਂ ਵੱਲੋਂ ਗੁਰਮਤਿ ਦੀ ਰੋਸ਼ਨੀ ਵਿੱਚ ਕਰਨਾ ਜ਼ਰੂਰੀ ਹੈ। ਸਿੱਖ ਫ਼ਲਸਫ਼ਾ ਤੇ ਇਤਿਹਾਸ 'ਵਿਚਾਰ ਪ੍ਰਧਾਨ' ਹੈ, ਜ਼ਰੂਰਤ ਕੇਵਲ ਸਿਰ ਜੋੜਨ ਦੀ ਹੈ। ਸਮਾਜ ਇਕੱਠਾ ਕਿਵੇਂ ਹੋਵੇ ? ਧਰਮ ਦੇ ਕੁੰਡੇ ਹੇਠ ਰਾਜਨੀਤੀ ਕਿਵੇਂ ਚੱਲੇ ? ਕੀ ਨਵੀਂ ਸਿੰਘ ਸਭਾ ਲਹਿਰ ਦੀ ਲੋੜ ਹੈ ? ਇਸ ਦੀ ਅਗਵਾਈ ਕੌਣ ਕਰੇ ? ਕੀ ਸਾਨੂੰ 'ਰਹਿਤ' ਪਿਆਰੀ ਹੈ ਜਾਂ ਸਿਰਫ਼ 'ਸਿੱਖ' ? ਧਰਮ-ਪਰਿਵਰਤਨ ਕਿਵੇਂ ਰੋਕਿਆ ਜਾਵੇ ?

(ਬਾਕੀ ਸਫ਼ਾ 27 'ਤੇ)

# ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀਆਂ ਹਨ ਜੰਗਾਂ

**ਨਵਤੇਜ ਸਿੰਘ**

ਅਮਰੀਕਾ ਤੇ ਇਜ਼ਰਾਇਲ ਵੱਲੋਂ ਸਾਂਝੇ ਰੂਪ ਵਿੱਚ ਇਰਾਨ 'ਤੇ ਕੀਤੇ ਹਮਲੇ ਨਾਲ ਖਾੜੀ ਦੇਸ਼ ਜੰਗ ਦੀ ਲਪੇਟ 'ਚ ਆ ਗਏ ਹਨ। ਇਹ ਜੰਗ ਇੱਕ ਤਰ੍ਹਾਂ ਨਾਲ ਇਰਾਨ 'ਤੇ ਜਬਰੀ ਥੋਪੀ ਗਈ ਹੈ। ਇਜ਼ਰਾਇਲ ਨੇ ਦੋਸ਼ ਲਗਾਇਆ ਹੈ ਕਿ ਇਰਾਨ ਦੀਆਂ ਪ੍ਰਮਾਣੂ ਬੰਬ ਤਿਆਰ ਕਰਨ ਸੰਬੰਧੀ ਸਰਗਰਮੀਆਂ ਕਾਰਨ ਉਸ ਦੀ ਸੁਰੱਖਿਆ ਨੂੰ ਖਤਰਾ ਹੋ ਗਿਆ ਹੈ। ਇਸੇ ਤਰ੍ਹਾਂ ਅਮਰੀਕਾ ਦਾ ਦੋਸ਼ ਹੈ ਕਿ ਇਰਾਨ ਹਿਜ਼ਬੁੱਲਾ ਤੇ ਹਮਾਸ ਵਰਗੇ ਅੱਤਵਾਦੀ ਸੰਗਠਨਾਂ ਦੀ ਮਦਦ ਕਰਦਾ ਹੈ ਤੇ ਉਨ੍ਹਾਂ ਨੂੰ ਪਨਾਹ ਦਿੰਦਾ ਹੈ। ਇਨ੍ਹਾਂ ਦੇਸ਼ਾਂ ਦੇ ਚਲਦਿਆਂ ਮੱਧ ਪੂਰਬੀ ਦੇਸ਼ਾਂ 'ਚ ਜੰਗ ਛਿੜ ਗਈ ਹੈ। ਇਸ ਜੰਗ 'ਚ ਇਰਾਨ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖਾਮੇਨੇਈ, ਰੱਖਿਆ ਮੰਤਰੀ ਤੇ ਫ਼ੌਜ ਮੁਖੀ ਸਮੇਤ ਕਈ ਅਧਿਕਾਰੀ ਮਾਰੇ ਗਏ ਹਨ। ਇਰਾਨ 'ਚ ਹੁਣ ਤੱਕ ਮੌਤਾਂ ਦੀ ਗਿਣਤੀ 5000 ਤੋਂ ਪਾਰ ਹੋ ਚੁੱਕੀ ਹੈ, ਜਿਨ੍ਹਾਂ 'ਚ 205 ਬੱਚੇ, ਵਿਦਿਆਰਥਣਾਂ ਤੇ ਔਰਤਾਂ ਵੀ ਸ਼ਾਮਿਲ ਹਨ। ਆਪਣੀ ਪ੍ਰਭੁਸੱਤਾ ਦੀ ਰਾਖੀ ਲਈ ਇਰਾਨ ਵੀ ਇਜ਼ਰਾਇਲ ਅਤੇ ਅਮਰੀਕਾ ਦੇ ਖਾੜੀ ਦੇਸ਼ਾਂ 'ਚ ਸਥਿਤ ਅਮਰੀਕੀ ਅੱਡਿਆਂ 'ਤੇ ਡਰੋਨ ਤੇ ਮਿਜ਼ਾਈਲਾਂ ਨਾਲ ਹਮਲੇ ਕਰ ਰਿਹਾ ਹੈ। ਇਸ ਤੋਂ ਇਲਾਵਾ ਰੂਸ ਤੇ ਯੂਕ੍ਰੇਨ ਦਰਮਿਆਨ ਤਿੰਨ ਸਾਲਾਂ ਤੋਂ ਚੱਲ ਰਹੀ ਜੰਗ 'ਚ ਲੱਖਾਂ ਲੋਕ ਮਾਰੇ ਜਾ ਚੁੱਕੇ ਹਨ। ਇਸੇ ਤਰ੍ਹਾਂ ਪਾਕਿਸਤਾਨ ਤੇ ਅਫ਼ਗਾਨਿਸਤਾਨ ਦਰਮਿਆਨ ਵੀ ਤਣਾਅ ਦਾ ਮਾਹੌਲ ਹੈ ਅਤੇ ਦੋਵੇਂ ਦੇਸ਼ ਇੱਕ-ਦੂਜੇ 'ਤੇ ਹਮਲੇ ਕਰ ਰਹੇ ਹਨ। ਪਿਛਲੇ ਦਿਨੀਂ ਪਾਕਿਸਤਾਨ ਨੇ ਅਫ਼ਗਾਨਿਸਤਾਨ ਦੇ ਇੱਕ ਹਸਪਤਾਲ 'ਤੇ ਹਮਲਾ ਕਰਕੇ 400 ਦੇ ਲਗਭਗ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਭਾਵੇਂ ਜੰਗ ਕਿਸੇ ਮਸਲੇ ਦਾ ਸਥਾਈ ਹੱਲ ਨਹੀਂ, ਪਰ ਵਿਸ਼ਵ ਦੇ ਵੱਡੀ ਗਿਣਤੀ ਵਿੱਚ ਦੇਸ਼ ਜੰਗ ਨੂੰ ਆਖਰੀ ਬਦਲ ਵਜੋਂ ਨਹੀਂ, ਸਗੋਂ ਪਹਿਲੀ ਤਰਜੀਹ ਵਜੋਂ ਚੁਣ ਰਹੇ ਹਨ। ਹੁਣ ਤੱਕ ਸੱਭਿਅਤਾ ਦਾ ਜਿੰਨਾ ਵਿਕਾਸ ਤੇ ਉੱਨਤੀ ਹੋਈ ਹੈ, ਉਹ ਸ਼ਾਂਤਮਈ ਤੇ ਭਾਈਚਾਰਕ ਸਾਂਝ ਵਾਲੇ ਮਾਹੌਲ 'ਚ ਹੀ ਹੋਈ ਹੈ। ਸਾਲਾਬੱਧੀ ਪੀੜ੍ਹੀ-ਦਰ-ਪੀੜ੍ਹੀ ਲੋਕਾਂ ਦੀ ਮਿਹਨਤ, ਖੋਜ ਤੇ ਅਤਿ ਆਧੁਨਿਕ ਤਕਨੀਕ ਦੀ ਵਰਤੋਂ ਨਾਲ ਤਰੱਕੀ ਤੇ ਖ਼ੁਸ਼ਹਾਲੀ ਸਿਰਜੀ ਜਾਂਦੀ ਹੈ, ਪਰ ਜੰਗ ਦਾ ਮਾਹੌਲ ਮਿੰਟਾਂ-ਸਕਿੰਟਾਂ 'ਚ ਇਸ ਖ਼ੁਸ਼ਹਾਲੀ ਨੂੰ ਉਜਾੜੇ ਤੇ ਤਬਾਹੀ 'ਚ ਬਦਲ ਦਿੰਦਾ ਹੈ। ਜੰਗਾਂ ਕਾਰਨ ਸਾਲਾਂਬੱਧੀ ਮਿਹਨਤ ਤੇ ਸਰਮਾਏ ਨਾਲ ਉਸਾਰੀਆਂ ਆਲੀਸ਼ਾਨ ਤੇ ਬਹੁਮੰਜ਼ਿਲਾ ਇਮਾਰਤਾਂ ਪਲਾਂ-ਛਿਣਾਂ 'ਚ ਰਾਖ਼ ਦਾ ਢੇਰ ਬਣ ਜਾਂਦੀਆਂ ਹਨ। ਬੰਬਾਂ, ਮਿਜ਼ਾਈਲਾਂ ਤੇ ਤੋਪਾਂ ਦੇ ਹਮਲਿਆਂ ਨਾਲ ਯੂਕ੍ਰੇਨ ਵਰਗਾ ਵਿਕਸਿਤ ਤੇ ਆਲੀਸ਼ਾਨ ਇਮਾਰਤਾਂ ਵਾਲਾ ਦੇਸ਼ ਖੰਡਰ ਬਣ ਚੁੱਕਾ ਹੈ। ਅਜਿਹੇ ਹੀ ਹਾਲਾਤ ਫਿਲਸਤੀਨ, ਲਿਬਨਾਨ, ਸੀਰੀਆ, ਇਰਾਕ ਤੇ ਅਫ਼ਗਾਨਿਸਤਾਨ 'ਚ ਦੇਖੇ ਜਾ ਸਕਦੇ ਹਨ। ਇਨ੍ਹਾਂ ਦੇਸ਼ਾਂ 'ਚ ਪਿਛਲੇ ਲੰਮੇ ਸਮੇਂ ਦੌਰਾਨ ਲੱਖਾਂ ਲੋਕ ਮਾਰੇ ਜਾ ਚੁੱਕੇ ਹਨ, ਬੱਚੇ ਅਨਾਥ ਹੋ ਗਏ ਤੇ ਰੋਟੀ ਇਨ੍ਹਾਂ ਲਈ ਚੁਣੌਤੀ ਬਣ ਗਈ ਹੈ। ਇਨ੍ਹਾਂ ਕੋਲ ਸਿਰ ਦੀ ਛੱਤ ਨਹੀਂ, ਖੁੱਲ੍ਹੇ ਅਸਮਾਨਾਂ ਹੇਠਾਂ ਰਾਤ-ਦਿਨ ਕੱਟਣੇ ਪੈ ਰਹੇ ਹਨ। ਫਿਲਸਤੀਨ, ਇਰਾਕ,



ਸੀਰੀਆ, ਯੂਕ੍ਰੇਨ ਤੇ ਅਫ਼ਗਾਨਿਸਤਾਨ ਵਰਗੇ ਦੇਸ਼ਾਂ 'ਚ ਜੰਗਾਂ ਕਾਰਨ ਮਨੁੱਖਤਾ ਤੇ ਮਨੁੱਖੀ ਅਧਿਕਾਰਾਂ ਦਾ ਸ਼ਰ੍ਹੇਆਮ ਘਾਣ ਹੋਇਆ ਹੈ, ਪਰ ਦੁਨੀਆ ਨੇ ਹਾਲੇ ਵੀ ਇਸ ਵਿਆਪਕ ਤਬਾਹੀ ਤੋਂ ਕੋਈ ਸਬਕ ਨਹੀਂ ਸਿੱਖਿਆ।

ਅਸਲ 'ਚ ਦੁਨੀਆ ਦੇ ਸਾਧਨ ਸੰਪੰਨ ਦੇਸ਼ਾਂ 'ਚ ਆਪਣੇ-ਆਪ ਨੂੰ ਤਾਕਤਵਰ ਸਾਬਤ ਕਰਨ ਦੀ ਦੌੜ ਲੱਗੀ ਹੋਈ ਹੈ। ਤਾਕਤ ਦਾ ਪੈਮਾਨਾ ਇਹ ਨਹੀਂ ਕਿ ਸਾਡੇ ਦੇਸ਼ ਦੇ ਨਾਗਰਿਕ ਪੜ੍ਹੇ-ਲਿਖੇ ਹੋਣ, ਰੁਜ਼ਗਾਰ ਦੇ ਵਾਧੂ ਸਰੋਤ ਹੋਣ, ਆਮ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਵੇ, ਸਮਾਜਿਕ ਤੇ ਆਰਥਿਕ ਸਮਾਨਤਾ ਹੋਵੇ, ਸਗੋਂ ਅਜੋਕੇ ਸਮੇਂ 'ਚ ਤਾਕਤਵਰ ਉਹ ਦੇਸ਼ ਹੈ, ਜਿਸ ਕੋਲ ਵੱਧ ਤੋਂ ਵੱਧ ਪ੍ਰਮਾਣੂ ਹਥਿਆਰ ਹੋਣ ਜਾਂ ਜੰਗ ਦਾ ਵਧੇਰੇ ਅਤਿ-ਆਧੁਨਿਕ ਸਾਮਾਨ ਹੋਵੇ। ਅਮਰੀਕਾ, ਰੂਸ, ਚੀਨ ਤੇ ਉੱਤਰ ਕੋਰੀਆ ਵਰਗੇ ਦੇਸ਼ ਇੱਕ-ਦੂਜੇ ਨੂੰ ਪ੍ਰਮਾਣੂ ਬੰਬ ਚਲਾਉਣ ਦੀ ਧਮਕੀ ਦਿੰਦੇ ਰਹਿੰਦੇ ਹਨ। ਅਮਰੀਕਾ ਵਰਗੇ ਦੇਸ਼ ਛੋਟੇ ਦੇਸ਼ਾਂ 'ਤੇ ਆਪਣੀਆਂ ਇੱਛਾਵਾਂ ਥੋਪਦੇ ਹਨ, ਜਿਸ ਨੂੰ ਜਦ ਕੋਈ ਦੇਸ਼ ਮੰਨਣ ਤੋਂ ਇਨਕਾਰੀ ਹੁੰਦਾ ਹੈ ਤਾਂ ਉਸ ਦੇ ਖ਼ਿਲਾਫ਼ ਪ੍ਰਮਾਣੂ ਬੰਬਾਂ ਦੀਆਂ ਧਮਕੀਆਂ ਦਿੰਦਿਆਂ ਜੰਗ ਛੇੜ ਦਿੰਦੇ ਹਨ। ਛੋਟੇ ਦੇਸ਼ਾਂ ਖ਼ਿਲਾਫ਼ ਆਪਣੀਆਂ ਵਿਸਥਾਰਵਾਦੀ ਨੀਤੀਆਂ ਚਲਾ ਕੇ ਉਨ੍ਹਾਂ ਦੇ ਇਲਾਕਿਆਂ ਕੁਦਰਤੀ ਸਰੋਤਾਂ ਅਤੇ ਆਮਦਨ ਦੇ ਸਰੋਤਾਂ 'ਤੇ ਕਬਜ਼ੇ ਕਰ ਲੈਂਦੇ ਹਨ। ਉਨ੍ਹਾਂ ਦੇ ਦੇਸ਼ ਦੀ ਸੱਤਾ 'ਤੇ ਆਪਣੀ ਮਨਮਰਜ਼ੀ ਦਾ ਸ਼ਾਸਕ ਬਿਠਾ ਦਿੰਦੇ ਹਨ, ਜਿਹੜੇ ਇਨ੍ਹਾਂ ਦੇ ਸਵਾਰਥੀ ਹਿਤਾਂ ਦੀ ਪੂਰਤੀ ਕਰਦੇ ਹਨ। ਇਰਾਕ, ਅਫ਼ਗਾਨਿਸਤਾਨ, ਯੂਕ੍ਰੇਨ, ਸੀਰੀਆ ਤੇ ਹੁਣ ਇਰਾਨ ਵਰਗੇ ਦੇਸ਼ ਵੀ ਅਜਿਹੀਆਂ ਨੀਤੀਆਂ ਦਾ ਸ਼ਿਕਾਰ ਹੋਏ ਹਨ। ਜੰਗ ਭਾਵੇਂ ਦੋ ਦੇਸ਼ਾਂ ਵਿਚਕਾਰ ਦੀ ਹੋਵੇ, ਪਰ ਇਸ ਦੇ ਬੁਰੇ ਪ੍ਰਭਾਵ ਪੂਰੀ ਦੁਨੀਆ 'ਤੇ ਪੈਂਦੇ ਹਨ। ਇਸੇ ਤਰ੍ਹਾਂ ਇਜ਼ਰਾਇਲ ਤੇ ਇਰਾਨ ਦਰਮਿਆਨ ਜੰਗ ਦਾ ਪ੍ਰਭਾਵ ਵੀ ਪੂਰੀ ਦੁਨੀਆ 'ਤੇ ਦਿਖਾਈ ਦੇ ਰਿਹਾ ਹੈ। ਖਾੜੀ ਦੇਸ਼ ਕੁਦਰਤੀ ਖ਼ਜ਼ਾਨਿਆਂ ਨਾਲ ਭਰਪੂਰ ਹਨ। ਜੰਗ ਛਿੜਨ ਕਾਰਨ ਪੂਰੀ ਸਪਲਾਈ ਚੇਨ ਪ੍ਰਭਾਵਿਤ ਹੋ ਗਈ ਹੈ। ਭਾਰਤ ਸਮੇਤ ਕਈ ਦੇਸ਼ਾਂ ਨੂੰ ਪੈਟਰੋਲ, ਡੀਜ਼ਲ, ਗੈਸ, ਖਣਿਜ ਪਦਾਰਥ ਤੇ ਕਈ ਹੋਰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਇਨ੍ਹਾਂ ਦੇਸ਼ਾਂ ਤੋਂ ਆਉਂਦੀਆਂ ਹਨ। ਜੰਗ ਦਰਮਿਆਨ ਇਰਾਨ ਨੇ ਹੋਰਮੁਜ਼ ਲਾਂਘਾ, ਜਿਥੋਂ ਵੱਖ-ਵੱਖ ਦੇਸ਼ਾਂ ਨੂੰ ਵਧੇਰੇ ਕਰਕੇ ਗੈਸ, ਤੇਲ ਅਤੇ ਹੋਰ ਚੀਜ਼ਾਂ ਦੀ ਸਪਲਾਈ ਹੁੰਦੀ ਹੈ, ਨੂੰ ਕਾਫੀ ਹੱਦ ਤੱਕ ਬੰਦ ਕਰ ਦਿੱਤਾ ਹੈ, ਜਿਸ ਨਾਲ ਹੋਰ ਦੇਸ਼ਾਂ ਸਮੇਤ ਭਾਰਤ 'ਚ ਵੀ ਪੈਟਰੋਲ, ਡੀਜ਼ਲ ਤੇ ਗੈਸ ਦੀ ਕਿੱਲਤ ਹੋ ਗਈ ਹੈ। ਰਸੋਈ ਗੈਸ ਦੀ ਘਾਟ ਕਾਰਨ ਲੋਕਾਂ 'ਚ ਹਾਹਾਕਾਰ ਮਚ ਗਈ ਹੈ। ਗੈਸ ਏਜੰਸੀਆਂ ਦੇ ਬਾਹਰ ਸਿਲੰਡਰ ਲੈਣ ਲਈ ਲੋਕਾਂ ਦੀਆਂ ਭੀੜਾਂ ਲੱਗ ਗਈਆਂ ਹਨ। ਬੇਸ਼ੱਕ ਸਰਕਾਰ ਗੈਸ ਸਿਲੰਡਰਾਂ ਦੀ ਕਾਲਾਬਾਜ਼ਾਰੀ ਰੋਕਣ ਲਈ ਚੌਕਸ ਹੈ, ਪਰ ਫਿਰ ਵੀ ਲੋਕਾਂ ਨੂੰ ਕਈ ਥਾਈਂ ਗੈਸ ਸਿਲੰਡਰ 1100 ਦੀ ਬਜਾਏ ਅੰਦਰਖਾਤੇ 2500 ਰੁਪਏ ਦਾ ਮਿਲ ਰਿਹਾ ਹੈ। ਅਮਰੀਕਾ ਦੀਆਂ ਸਵਾਰਥੀ ਤੇ ਵਿਸਥਾਰਵਾਦੀ ਨੀਤੀਆਂ ਕਾਰਨ ਪੂਰੀ ਦੁਨੀਆ ਮਹਿੰਗਾਈ ਦੀ ਮਾਰ ਹੇਠ ਹੈ। ਜੰਗ ਦੇ ਸਮੇਂ ਸੁਰੱਖਿਆ ਤੇ ਆਰਥਿਕ ਪੱਖੋਂ ਸਭ ਤੋਂ ਵੱਧ ਆਮ ਲੋਕ ਹੀ ਪ੍ਰਭਾਵਿਤ ਹੁੰਦੇ ਹਨ। ਯੁੱਧ ਪੀੜਤ ਦੇਸ਼ਾਂ ਦੇ ਹਾਲਾਤ ਦੇਖੇ ਜਾਣ ਤਾਂ ਇਥੇ ਵੀ ਆਮ ਲੋਕਾਂ ਦਾ ਜਾਨੀ-ਮਾਲੀ ਨੁਕਸਾਨ ਹੋਇਆ ਹੈ। ਸਾਧਨ ਸੰਪੰਨ ਲੋਕ ਔਖੇ ਸਮੇਂ ਦੇਸ਼ ਛੱਡ ਕੇ ਕਿਸੇ ਹੋਰ ਦੇਸ਼ 'ਚ ਸੁਰੱਖਿਅਤ ਥਾਂ ਪਨਾਹ ਲੈ ਲੈਂਦੇ ਹਨ, ਪਰ ਆਮ ਲੋਕਾਂ, ਬੱਚੇ ਤੇ ਬਜ਼ੁਰਗਾਂ ਨੂੰ ਮਰਨ ਲਈ ਛੱਡ ਦਿੱਤਾ ਜਾਂਦਾ ਹੈ।

ਯੁੱਧ ਪੀੜਤ ਦੇਸ਼ਾਂ 'ਚ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਬੱਚੇ, ਬਜ਼ੁਰਗ ਔਰਤਾਂ ਮੌਤ ਦੇ ਮੂੰਹ 'ਚ ਜਾ ਰਹੇ ਹਨ ਪਰ ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲਾ ਸੰਯੁਕਤ ਰਾਸ਼ਟਰ ਸੰਘ (ਯੂ.ਐਨ.ਓ.) ਦੀ ਚੁੱਪ ਬਰਕਰਾਰ ਹੈ। ਜਿਸ ਦਾ ਗਠਨ ਹੀ 1945 'ਚ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਵਿਸ਼ਵ ਸ਼ਾਂਤੀ ਤੇ ਸੁਰੱਖਿਆ ਨੂੰ ਬਣਾਈ ਰੱਖਣ ਲਈ ਹੋਇਆ ਸੀ। ਯੂ.ਐਨ.ਓ. ਦਾ ਅੰਗ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦਾ ਉਦੇਸ਼ ਦੇਸ਼ਾਂ 'ਚ ਸ਼ਾਂਤੀ ਸਥਾਪਿਤ ਕਰਨਾ ਤੇ ਸੁਰੱਖਿਆ ਨਾਲ ਸੰਬੰਧਿਤ ਨਿਰਣੇ ਲੈਣਾ ਹੁੰਦਾ ਹੈ, ਪਰ ਅੱਜ ਛੋਟੇ ਦੇਸ਼ਾਂ 'ਤੇ ਧੱਕੇ ਨਾਲ ਜੰਗਾਂ ਥੋਪੀਆਂ ਜਾ ਰਹੀਆਂ ਹਨ। ਬੱਚੇ, ਬਜ਼ੁਰਗਾਂ, ਔਰਤਾਂ, ਹਸਪਤਾਲਾਂ, ਸਕੂਲਾਂ, ਯੂਨੀਵਰਸਿਟੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਪਰ ਯੂ.ਐਨ.ਓ. ਸਮੇਤ ਦੁਨੀਆ ਦੇ ਬਹੁਗਿਣਤੀ ਦੇਸ਼ ਇਸ ਖ਼ਿਲਾਫ਼ ਇਕ ਵੀ ਸ਼ਬਦ ਨਹੀਂ ਬੋਲ ਰਹੇ। ਭਾਰਤ ਵਰਗੇ ਦੇਸ਼ ਦੀ ਵਿਦੇਸ਼ ਨੀਤੀ ਕਦੇ ਸਪੱਸ਼ਟ ਤੇ ਮਜ਼ਬੂਤ ਹੁੰਦੀ ਸੀ, ਪਰ ਅੱਜ ਸਾਡੀ ਸਰਕਾਰ ਨੂੰ ਵੀ ਇਸ ਜੰਗ ਖ਼ਿਲਾਫ਼ ਬੋਲਣ ਲਈ ਕੋਈ ਸ਼ਬਦ ਨਹੀਂ ਮਿਲ ਰਹੇ। ਸਾਡੀ ਸਰਕਾਰ ਨੂੰ ਵੀ ਕਿਸਾਨਾਂ ਤੇ ਕਾਰੋਬਾਰੀਆਂ ਦੇ ਹਿਤਾਂ ਖ਼ਿਲਾਫ਼ ਜਾ ਕੇ ਮੁਕਤ ਵਪਾਰ ਸਮਝੌਤਾ ਅਮਰੀਕਾ ਦੀ ਇੱਛਾ ਅਨੁਸਾਰ ਕਰਨਾ ਪਿਆ ਹੈ। ਇਹ ਸਮਝੌਤਾ ਅਮਰੀਕਾ ਦੇ ਸਵਾਰਥਾਂ ਦੀ ਪੂਰਤੀ ਤਾਂ ਕਰਦਾ ਹੈ, ਪਰ ਭਾਰਤੀ ਲੋਕਾਂ ਦੇ ਹਿਤਾਂ ਦੀ ਪੂਰਤੀ ਨਹੀਂ ਕਰਦਾ, ਜਿਸ ਕਰਕੇ ਇਸ ਦਾ ਵਿਰੋਧ ਹੋ ਰਿਹਾ ਹੈ। ਅਮਰੀਕਾ ਨੇ ਭਾਰਤ ਨੂੰ ਰੂਸ ਤੋਂ ਸਸਤਾ ਤੇਲ ਖਰੀਦਣਾ ਜਬਰੀ ਘੱਟ ਕਰਵਾ ਕੇ ਆਪਣੇ ਕੋਲੋਂ ਤੇਲ ਖ਼ਰੀਦਣ ਲਈ ਮਜਬੂਰ ਕੀਤਾ ਹੈ। ਇਹੀ ਨੀਤੀਆਂ ਅਮਰੀਕਾ ਖਾੜੀ ਦੇਸ਼ਾਂ 'ਤੇ ਥੋਪ ਰਿਹਾ ਹੈ। ਦੁਨੀਆ ਦੇ ਜਿਸ ਵੀ ਖਿੱਤੇ 'ਚ ਜੰਗ ਹੁੰਦੀ ਹੈ, ਉਸ ਦਾ ਯੂ.ਐਨ.ਓ. ਸਮੇਤ ਸਾਰੇ ਦੇਸ਼ਾਂ ਨੂੰ ਇਕਮੱਤ ਹੋ ਕੇ ਸ਼ਾਂਤਮਈ ਤਰੀਕੇ ਨਾਲ ਹੱਲ ਲੱਭਣਾ ਚਾਹੀਦਾ ਹੈ, ਤਾਂ ਜੋ ਜੰਗਾਂ ਕਾਰਨ ਮਨੁੱਖਤਾ ਤੇ ਮਨੁੱਖੀ ਅਧਿਕਾਰਾਂ ਦਾ ਹੋਰ ਘਾਣ ਨਾ ਹੋਵੇ।

# ਕਿਵੇਂ ਖ਼ਤਮ ਹੋਵੇਗੀ ਇਰਾਨ ਜੰਗ ?

**ਮੁਖ਼ਤਾਰ ਗਿੱਲ**

ਇਰਾਨ ਨੇ ਜੰਗ ਦੌਰਾਨ ਭਾਰਤ, ਰੂਸ, ਚੀਨ, ਪਾਕਿਸਤਾਨ ਅਤੇ ਇਰਾਕ ਦੇ ਜਹਾਜ਼ਾਂ ਨੂੰ ਹੋਰਮੁਜ਼ ਜਲਮਾਰਗ ਰਾਹੀਂ ਲੰਘਣ ਦੀ ਆਗਿਆ ਦੇ ਦਿੱਤੀ। ਉਧਰ, ਇਰਾਨੀ ਰੈਵੋਲਿਊਸ਼ਨਰੀ ਗਾਰਡਜ਼ ਦੀ ਜਲ ਸੈਨਾ ਦੇ ਪ੍ਰਮੁੱਖ ਕਮਾਂਡਰ ਅਲੀਰਜ਼ਾ ਤੰਗਸਿਰੀ ਦੇ ਮਾਰੇ ਜਾਣ ਦੀ ਖ਼ਬਰ ਹੈ। ਇਸ ਤੋਂ ਪਹਿਲਾਂ ਇਰਾਨ ਨੇ ਅਰਬ ਸਾਗਰ ਵਿੱਚ ਮੌਜੂਦ ਅਮਰੀਕਾ ਦੇ ਜੰਗੀ ਬੇੜੇ ਅਬਰਾਹਮ ਲਿੰਕਨ ਉੱਤੇ ਅਤੇ ਖਾੜੀ ਦੇਸ਼ਾਂ ਕਤਰ, ਕੁਵੈਤ, ਜਾਰਡਨ ਤੇ ਬਹਿਰੀਨ ਵਿਚਲੇ ਅਮਰੀਕੀ ਫ਼ੌਜੀ ਟਿਕਾਣਿਆਂ (ਏਅਰਬੇਸਜ਼) 'ਤੇ ਹਮਲੇ ਕੀਤੇ। ਟਰੰਪ ਨੇ 15 ਬਿੰਦੂਆਂ ਵਾਲੀ ਪੀਸ ਡੀਲ ਦੀ ਪੇਸ਼ਕਸ਼ ਕੀਤੀ ਸੀ ਜਿਸ ਦੇ ਜਵਾਬ 'ਚ ਇਰਾਨ ਨੇ ਅਮਰੀਕੀ ਪ੍ਰਸਤਾਵ ਠੁਕਰਾਇਆ ਅਤੇ ਜੰਗ ਰੋਕਣ ਲਈ ਸ਼ਰਤਾਂ ਰੱਖੀਆਂ ਜਿਵੇਂ ਕਿ ਅਮਰੀਕਾ ਖਾੜੀ ਦੇਸ਼ਾਂ ਵਿਚਲੇ ਆਪਣੇ ਏਅਰ ਬੇਸ ਬੰਦ ਕਰੇ, ਇਰਾਨ ਨੂੰ ਹੋਰਮੁਜ਼ ਜਲ ਮਾਰਗ 'ਚ ਟੈਕਸ ਵਸੂਲੀ ਦਾ ਕਾਨੂੰਨੀ ਹੱਕ ਮਿਲੇ, ਜੰਗ ਦੇ ਹੁਣ ਤੱਕ ਦੇ ਨੁਕਸਾਨ ਦਾ ਅਮਰੀਕਾ-ਇਜ਼ਰਾਇਲ ਮੁਆਵਜ਼ਾ ਦੇਵੇ, ਹਮਾਸ, ਹਿਜ਼ਬੁੱਲਾ ਤੇ ਹੂਤੀ ਲੜਾਕੂਆਂ ਅਤੇ ਇਰਾਨ 'ਤੇ ਹਮਲਾ ਨਾ ਕਰੇ।

ਇਸ ਤੋਂ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਧਮਕੀ ਦਿੱਤੀ ਸੀ ਕਿ ਜੇ ਇਰਾਨ ਨੇ 48 ਘੰਟਿਆਂ ਵਿੱਚ ਹੋਰਮੁਜ਼ ਜਲ ਮਾਰਗ ਨਾ ਖੋਲ੍ਹਿਆ ਤਾਂ ਅਮਰੀਕਾ ਉਸ ਦੇ ਬਿਜਲੀ ਪਲਾਂਟ ਤਬਾਹ ਕਰ ਦੇਵੇਗਾ। ਪਾਕਿਸਤਾਨ ਵੱਲੋਂ ਵਿਚੋਲਗੀ ਕਰਨ ਦੀ ਗੱਲ ਸਾਹਮਣੇ ਆਉਣ 'ਤੇ ਭਾਰਤੀ ਵਿਦੇਸ਼ ਮੰਤਰੀ ਨੇ ਉਸ ਨੂੰ ਦਲਾਲ ਮੁਲਕ ਕਿਹਾ। ਟਰੰਪ ਨੇ ਪਹਿਲਾਂ ਇਰਾਨ 'ਤੇ ਪੰਜ ਦਿਨਾਂ ਲਈ ਹਮਲੇ ਬੰਦ ਕਰਨ ਦਾ ਐਲਾਨ ਕੀਤਾ ਸੀ। ਤਕਰੀਬਨ ਪਿਛਲੇ ਚਾਰ ਹਫ਼ਤਿਆਂ ਤੋਂ ਜੰਗ ਦੇ ਲੰਬੀ ਹੋ ਜਾਣ ਕਰਕੇ ਟਰੰਪ ਦਬਾਅ ਹੇਠ ਸਨ। ਟਰੰਪ ਦੀਆਂ ਮੁਸ਼ਕਿਲਾਂ ਇਹ ਹਨ ਕਿ ਅਮਰੀਕੀ ਫ਼ੌਜ ਨੂੰ ਜੰਗ ਲਈ ਖ਼ਰਚਾ ਨਾ ਮਿਲਣਾ, ਇਰਾਨ ਵੱਲੋਂ ਡਿਮੋਨਾ ਤੇ ਅਰਦ (ਪ੍ਰਮਾਣੂ ਕੇਂਦਰਾਂ) 'ਤੇ ਹਮਲਾ, ਨਾਟੋ ਦੇ 32 ਦੇਸ਼ਾਂ ਅਤੇ ਯੂਰਪ ਦਾ ਜੰਗ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਅਤੇ ਟਰੰਪ ਦੇ ਖ਼ੁਫ਼ੀਆ ਤੰਤਰ ਇਰਾਨ ਦੀ ਸਮਾਜਿਕ ਅਤੇ ਯੁੱਧਨੀਤਕ ਦ੍ਰਿੜਤਾ ਬਾਰੇ ਸਹੀ ਜਾਣਕਾਰੀ ਦੇਣ 'ਚ ਨਾਕਾਮ ਰਿਹਾ। ਇਰਾਨ ਨੇ ਟਰੰਪ ਦੀ ਜੰਗਬੰਦੀ ਦੀ ਪੇਸ਼ਕਸ਼ ਨੂੰ ਮਜ਼ਾਕ ਕਿਹਾ ਅਤੇ ਤੇਲ-ਗੈਸ ਦੀਆਂ ਵਧ ਰਹੀਆਂ ਕੀਮਤਾਂ ਕਰਕੇ ਮਜਬੂਰਨ ਸਮਝੌਤੇ ਲਈ ਤਰਲਾ ਦੱਸਿਆ। ਇਰਾਨ ਨੇ 'ਪੂਰੀ ਜਿੱਤ' ਤੱਕ ਗੱਲਬਾਤ ਕਰਨ ਤੋਂ ਸਪਸ਼ਟ ਇਨਕਾਰ ਕੀਤਾ। ਅਮਰੀਕੀ ਰਾਸ਼ਟਰਪਤੀ ਦੇ ਪੰਜ ਦਿਨਾਂ ਦੇ ਇਰਾਨੀ ਪਾਵਰ ਪਲਾਂਟਾਂ 'ਤੇ ਹਮਲਾ ਨਾ ਕਰਨ ਦੇ ਹੁਕਮ ਨੂੰ ਟਿੱਚ ਜਾਣਦਿਆਂ ਵੀ ਇਰਾਨ ਨੇ ਤਲਅਵੀਵ ਉੱਤੇ 100



ਵਿਸਫੋਟਕਾਂ ਨਾਲ ਭਰੀ ਮਿਜ਼ਾਈਲ ਦਾਗੀ। ਪੱਛਮੀ ਦੇਸ਼ਾਂ 'ਤੇ ਵੀ ਇਰਾਨ ਨੇ ਮਿਜ਼ਾਇਲਾਂ ਤੇ ਡ੍ਰੋਨਾਂ ਨਾਲ ਹਮਲਾ ਕੀਤਾ।

ਇਹ ਇਰਾਨ ਦੇ ਹਿੱਤ 'ਚ ਹੋਵੇਗਾ ਕਿ ਉਹ ਡ੍ਰੋਨਾਂ ਦੇ ਇਸਤੇਮਾਲ ਅਤੇ ਹੋਰਮੁਜ਼ ਜਲ ਮਾਰਗ 'ਤੇ ਆਪਣੇ ਕੰਟਰੋਲ ਜ਼ਰੀਏ ਯੁੱਧ ਦੀ ਕੀਮਤ ਵਧਾਉਂਦਾ ਜਾਵੇ ਅਤੇ ਉਸ ਕੋਲ ਅਜਿਹਾ ਕਰਨ ਦੀ ਸਮੱਰਥਾ ਵੀ ਹੈ। ਅਮਰੀਕਾ-ਇਜ਼ਰਾਇਲ ਅਤੇ ਇਰਾਨ ਦੀ ਜੰਗ ਕਦੋਂ ਅਤੇ ਕਿਵੇਂ ਖ਼ਤਮ ਹੋਵੇਗੀ, ਇਹ ਉਨ੍ਹਾਂ ਦੇਸ਼ਾਂ ਦੇ ਉਦੇਸ਼ਾਂ ਤੇ ਅਮਰੀਕਾ-ਇਜ਼ਰਾਇਲ 'ਤੇ ਨਿਰਭਰ ਕਰਦਾ ਹੈ ਜਿਨ੍ਹਾਂ ਨੇ ਯੁੱਧ ਸ਼ੁਰੂ ਕੀਤਾ। ਇਹ ਕੁਝ ਹੱਦ ਤੱਕ ਇਰਾਨ ਦੀ ਪ੍ਰਤੀਕਿਰਿਆ ਅਤੇ ਉਸ ਦੀ ਫ਼ੌਜੀ ਅਤੇ ਰਾਜਨੀਤਕ ਸਮੱਰਥਾ 'ਤੇ ਵੀ ਨਿਰਭਰ ਕਰਦਾ ਹੈ। ਇੱਥੇ ਇਜ਼ਰਾਇਲ ਦੇ ਯੁੱਧ ਦੇ ਉਦੇਸ਼ ਸਪਸ਼ਟ ਰਹੇ ਹਨ। ਉੱਥੇ ਹੀ ਅਮਰੀਕਾ ਦੀ ਸਥਿਤੀ ਕਈ ਵੱਖ-ਵੱਖ ਕਾਰਨਾਂ ਕਰਕੇ ਉਲਝੀ ਹੋਈ ਹੈ। ਇਰਾਨ ਦੀ ਅਯਾਤੁੱਲਾ ਅਲੀ ਖਾਮਨੇਈ ਦੀ ਅਗਵਾਈ ਵਾਲੀ ਸਰਕਾਰ ਆਪਣੇ ਨਾਗਰਿਕਾਂ ਪ੍ਰਤੀ ਬਹੁਤ ਦਮਨਕਾਰੀ ਰਹੀ ਹੈ। ਸੰਨ 1979 ਦੀ ਇਸਲਾਮਿਕ ਕ੍ਰਾਂਤੀ ਮਗਰੋਂ, ਮਹਿਲਾ ਦਿਵਸ ਦੇ ਮੌਕੇ ਤਹਿਰਾਨ 'ਚ ਹਿਜਾਬ ਪਾਉਣ ਵਿਰੁੱਧ ਪ੍ਰਦਰਸ਼ਨ ਹੋਏ ਅਤੇ 1983 ਵਿੱਚ ਹਿਜਾਬ ਪਾਉਣ ਵਾਲਾ ਕਾਨੂੰਨ ਪਾਸ ਹੋ ਗਿਆ। ਮਹਿੰਗਾਈ ਅਤੇ ਰਿਆਲ ਦੀ ਕੀਮਤ ਵਿੱਚ ਗਿਰਾਵਟ ਵਿਰੁੱਧ ਦੇਸ਼ ਵਿਆਪੀ ਪ੍ਰਦਰਸ਼ਨ ਹੋਏ ਸਨ। ਇਜ਼ਰਾਇਲ ਚਾਹੁੰਦਾ ਹੈ ਕਿ ਇਰਾਨ ਦੀ ਰਾਜਨੀਤਕ ਵਿਵਸਥਾ ਖ਼ਤਮ ਹੋਵੇ ਜਾਂ ਘੱਟੋ-ਘੱਟ ਉਸ ਦੀ ਫ਼ੌਜੀ ਤਾਕਤ ਅਤੇ ਉਸ ਦੇ ਸਹਿਯੋਗੀ ਲਿਬਨਾਨ ਦਾ ਅੱਤਵਾਦੀ ਸੰਗਠਨ ਹਿਜ਼ਬੁੱਲਾ, ਹਮਾਸ ਮੁੱਕ ਜਾਣ ਪਰ 7 ਅਕਤੂਬਰ 2023 ਦੇ ਹਮਾਸ (ਫਲਸਤੀਨ) ਦੇ ਇਜ਼ਰਾਇਲ 'ਤੇ ਹਮਲੇ ਤੋਂ ਬਾਅਦ ਨਾ ਤਾਂ ਹਮਾਸ ਖ਼ਤਮ ਹੋਇਆ, ਨਾ ਹੀ ਹਿਜ਼ਬੁੱਲਾ। ਹਿਜ਼ਬੁੱਲਾ ਤਾਂ ਸਗੋਂ ਹੋਰ ਵੀ ਸਰਗਰਮ ਹੋ ਗਿਆ ਹੈ। ਇਜ਼ਰਾਇਲ ਦਾ ਰਵੱਈਆ ਇਰਾਨ ਪ੍ਰਤੀ (ਜੋ ਇੱਕ ਅਰਬ ਦੇਸ਼ ਨਹੀਂ ਹੈ) ਉਸ ਤਰ੍ਹਾਂ ਦਾ ਨਹੀਂ ਜੋ ਫਲਸਤੀਨ ਪ੍ਰਤੀ ਰੱਖਦਾ ਹੈ। ਉਸ ਨੇ ਗਾਜ਼ਾ ਦੀ ਤਬਾਹੀ ਤੇ ਫਲਸਤੀਨੀਆਂ ਦੇ ਵਿਨਾਸ਼ ਨੂੰ ਸਹੀ ਸਮਝਿਆ ਹੈ। ਇਰਾਨ ਦੀ ਸਰਕਾਰ ਨੂੰ ਨਾਕਾਮ ਦੱਸ ਕੇ ਉਸ ਨੂੰ ਖ਼ਤਮ ਕਰਨ ਦੀ ਗੱਲ ਕੀਤੀ ਜਾਂਦੀ ਹੈ। ਇਸ ਲਈ ਗਾਜ਼ਾ ਪ੍ਰਤੀ ਜਿਹੜੀ ਰਣਨੀਤੀ ਅਪਣਾਈ ਗਈ, ਉਹੋ ਜਿਹੀ ਇਰਾਨ ਲਈ ਨਹੀਂ ਸੋਚੀ ਜਾ ਸਕਦੀ। ਇਜ਼ਰਾਇਲ ਦਾ ਮੁੱਖ ਟੀਚਾ ਇਰਾਨ ਦੇ ਸਮਾਜ ਨੂੰ ਨਸ਼ਟ ਕਰਨਾ ਨਹੀਂ ਬਲਕਿ ਸਰਕਾਰ ਨੂੰ ਬਦਲਣਾ ਹੈ। ਅਮਰੀਕਾ ਨੇ ਇਰਾਨ 'ਤੇ ਹਮਲੇ ਦੇ ਕਈ ਕਾਰਨ ਦੱਸੇ ਹਨ ਜਿਨ੍ਹਾਂ ਵਿੱਚ ਰਾਜਨੀਤਕ ਵਿਵਸਥਾ ਬਦਲਣਾ, ਇਰਾਨ ਦੀ ਫ਼ੌਜੀ ਤਾਕਤ ਨੂੰ ਖ਼ਤਮ ਕਰਨਾ ਖ਼ਾਸ ਕਰਕੇ ਉਸ ਦੀ ਮਿਜ਼ਾਇਲ ਬਣਾਉਣ, ਉਨ੍ਹਾਂ ਨੂੰ ਲਾਂਚ ਕਰਨ ਦੀ ਸਮੱਰਥਾ, ਯੂਰੇਨੀਅਮ ਸੋਧ ਕਰਨ ਅਤੇ ਪਰਮਾਣੂ ਹਥਿਆਰ ਹਾਸਲ ਕਰਨ ਤੋਂ ਰੋਕਣਾ। ਅਰਬ ਦੁਨੀਆ 'ਚ ਇਰਾਨ ਦੇ ਸਹਿਯੋਗੀ ਸਮੂਹਾਂ ਨੂੰ ਖ਼ਤਮ ਕਰਨਾ, ਦਮਨ ਝੱਲ ਰਹੇ ਨਾਗਰਿਕਾਂ ਨੂੰ ਆਜ਼ਾਦ ਕਰਨਾ ਅਤੇ ਅਮਰੀਕਾ ਜਾਂ ਉਸ ਦੇ ਖੇਤਰੀ ਹਿੱਤਾਂ 'ਤੇ ਹਮਲੇ ਤੋਂ ਪਹਿਲਾਂ ਇਰਾਨ ਨੂੰ ਡੂੰਘੀ ਸੱਟ ਮਾਰਨਾ ਹੈ।

ਨਿਰਪੱਖ ਟਿੱਪਣੀਕਾਰ ਕਹਿੰਦੇ ਹਨ ਕਿ ਇਹ ਅਸਲ ਵਿੱਚ ਇਜ਼ਰਾਇਲ ਦਾ ਯੁੱਧ ਹੈ ਅਤੇ ਅਮਰੀਕਾ ਉਸ ਦਾ ਭਾਈਵਾਲ ਹੀ ਹੈ ਜਿਸ ਦਾ ਟੀਚਾ ਸਿਰਫ਼ ਇਰਾਨ ਦੀ ਸਰਕਾਰ ਬਦਲਣਾ ਹੈ, ਉਸ ਦੀ ਪਰਮਾਣੂ ਹਥਿਆਰਾਂ ਦੀ ਯੋਜਨਾ ਨੂੰ ਰੋਕਣਾ ਹੈ ਪਰ ਉਸ ਸਰਕਾਰ ਨੂੰ ਬਦਲਣਾ ਸੰਭਵ ਨਹੀਂ ਹੈ ਜਿਸ ਦੀ ਨੀਂਹ ਮਜ਼ਬੂਤ ਹੋਵੇ। ਸੰਨ 1979 ਦੀ ਇਸਲਾਮਿਕ ਕ੍ਰਾਂਤੀ ਤੋਂ ਬਾਅਦ ਇਰਾਨ ਨੇ ਸੰਵਿਧਾਨ ਜ਼ਰੀਏ ਇਕ ਧਾਰਮਿਕ ਸ਼ਾਸਨ ਵਿਵਸਥਾ ਬਣਾਈ ਜਿਸ ਵਿੱਚ ਧਰਮ ਗੁਰੂਆਂ ਕੋਲ ਚੁਣੀ ਹੋਈ ਸਰਕਾਰ ਤੋਂ ਵੀ ਜ਼ਿਆਦਾ ਸ਼ਕਤੀ ਹੈ। ਕ੍ਰਾਂਤੀ ਦੀ ਰੱਖਿਆ ਲਈ ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਕਾਰਪਸ ਦਾ ਗਠਨ ਕੀਤਾ ਗਿਆ। ਮੌਜੂਦਾ ਲੀਡਰਸ਼ਿਪ ਨੂੰ ਹਟਾਉਣ ਅਤੇ ਘੱਟੋ-ਘੱਟ ਬਾਹਰਲੇ ਦਬਾਅ ਨਾਲ ਵਿਵਸਥਾ ਨੂੰ ਡੇਗਣਾ ਸੰਭਵ ਨਹੀਂ ਲੱਗਦਾ। ਮਿਜ਼ਾਈਲਾਂ ਨੂੰ ਰੋਕਣ ਵਾਲੀ ਏਅਰ ਡਿਫੈਂਸ ਪ੍ਰਣਾਲੀ ਬਹੁਤ ਮਹਿੰਗੀ ਹੁੰਦੀ ਹੈ। ਜਿੰਨੀਆਂ ਜ਼ਿਆਦਾ ਮਿਜ਼ਾਈਲਾਂ ਦਾਗੀਆਂ ਜਾਣਗੀਆਂ, ਮਿਜ਼ਾਈਲ ਡਿਫੈਂਸ ਦੀ ਕੀਮਤ ਓਨੀ ਹੀ ਵਧੇਗੀ ਅਤੇ ਇਹ ਹਮੇਸ਼ਾ ਲਈ ਸੰਭਵ ਨਹੀਂ ਹੈ। ਜੇਕਰ ਯੁੱਧ ਲੰਮਾ ਚੱਲਦਾ ਹੈ ਤਾਂ ਇਹ ਖ਼ਰਚੇ ਵੀ ਵਧਦੇ ਜਾਣਗੇ। ਕੁਝ ਮਿਜ਼ਾਈਲਾਂ ਏਅਰ ਡਿਫੈਂਸ ਨੂੰ ਪਾਰ ਕਰ ਕੇ ਆਪਣੇ ਟੀਚੇ ਤੱਕ ਪਹੁੰਚ ਜਾਣਗੀਆਂ ਜਿਵੇਂ ਤੇਲ ਡੀਪੂ, ਪਾਣੀ ਸਾਫ਼ ਕਰਨ ਵਾਲੇ ਪਲਾਂਟ, ਪਾਵਰ ਸਟੇਸ਼ਨ, ਏ.ਆਈ. ਡਾਟਾ ਕੇਂਦਰ ਅਤੇ ਇੱਥੋਂ ਤੱਕ ਕਿ ਹੋਟਲ ਅਤੇ ਸ਼ਾਪਿੰਗ ਮਾਲ ਵੀ।

(ਬਾਕੀ ਸਫ਼ਾ 27 'ਤੇ)

# ਸਵਾ ਮਣੀਏ ਸੁਪਰ ਸੇਲਜ਼ਮੈਨ



ਇਕਬਾਲ ਗੁਪਤ

ਐਪਲ ਕੰਪਨੀ ਦੇ ਬਾਨੀ ਸਟੀਵ ਜੌਬਜ ਨੂੰ ਵੱਖ- ਵੱਖ ਗੁਣਾਂ ਕਰਕੇ ਤਕਨੀਕੀ ਅਤੇ ਕਾਰੋਬਾਰੀ ਦੁਨੀਆਂ ਵਿੱਚ ਯਾਦ ਕੀਤਾ ਜਾਂਦਾ ਹੈ, ਕੋਈ ਉਸਨੂੰ ਦੂਰਦਰਸ਼ੀ ਆਖਦਾ, ਕੋਈ ਖੋਜੀ, ਕੋਈ ਸਫ਼ਲ ਕਾਰੋਬਾਰੀ ਪਰ ਸਟੀਵ ਦੇ ਮਿੱਤਰ ਅਤੇ ਮੁਕਾਬਲੇਬਾਜ਼ ਬਿੱਲ ਗੇਟਸ (ਮਾਈਕਰੋਸੌਫਟ ਕੰਪਨੀ ਦੇ ਬਾਨੀ) ਮੁਤਾਬਕ ਸਟੀਵ ਇੱਕ ਸੁਪਰ ਸੇਲਜ਼ਮੈਨ ਸੀ।

ਸੇਲਜ਼ਮੈਨ ਹੋਵੇ ਜਾਂ ਸੁਪਰ ਸੇਲਜ਼ਮੈਨ, ਮਕਸਦ ਦੋਵਾਂ ਦਾ ਇੱਕ ਹੀ ਹੁੰਦਾ ਹੈ ਕਿ ਗਾਹਕ ਨੂੰ ਕਿਸੇ ਹੋਰ ਨਾਲੋਂ ਤੋੜ ਕੇ ਆਪਣੇ ਨਾਲ ਜੋੜਨਾ, ਤਰੀਕੇ ਵੱਖ ਵੱਖ ਹੁੰਦੇ ਹਨ। ਦੋਵਾਂ ਵਿੱਚ ਫਰਕ ਸਮਝਣ ਲਈ ਇਹ ਆਖਿਆ ਜਾ ਸਕਦਾ ਹੈ ਕਿ ਸੇਲਜ਼ਮੈਨ ਘੋੜਿਆਂ ਨੂੰ ਪਾਣੀ ਪੀਣ ਲਈ ਤਲਾਬ ਤੇ ਲੈ ਕੇ ਆਉਂਦਾ ਹੈ ਜਦਕਿ ਸੁਪਰ ਸੇਲਜ਼ਮੈਨ ਘੋੜਿਆਂ ਅੰਦਰ ਪਾਣੀ ਪੀਣ ਦੀ ਖਾਹਿਸ਼ ਪੈਦਾ ਕਰਦਾ ਹੈ, ਫਿਰ ਘੋੜੇ ਆਪਣੇ ਆਪ ਤਲਾਬ 'ਤੇ ਭੱਜੇ ਆਉਂਦੇ ਹਨ।

ਜਦ ਐਪਲ ਨੇ ਪਰਚੂਨ ਖੇਤਰ ਵਿੱਚ ਜਾਂਦੇ ਹੋਏ ਆਪਣੇ ਸਟੋਰ ਖੋਲ੍ਹਣ ਦਾ ਐਲਾਨ ਕੀਤਾ ਤਾਂ ਮੰਡੀ ਦੇ ਮਾਹਿਰਾਂ ਨੇ ਇਸ ਨੂੰ ਐਪਲ ਦੀ ਵੱਡੀ ਗਲਤੀ ਐਲਾਨ ਦਿੱਤਾ। ਮਾਹਰ ਵੀ ਠੀਕ ਸਨ, ਉਹ ਸੇਲਜ਼ਮੈਨ ਬਿਰਤੀ ਨੂੰ ਜਾਣਦੇ ਸਨ ਅਤੇ ਪਰਚੂਨ ਦੀਆਂ ਮੁਸ਼ਕਿਲਾਂ ਵੀ ਉਹਨਾਂ ਤੋਂ ਛਿਪੀਆਂ ਨਹੀਂ ਸਨ। ਸਮਾਂ ਪਾ ਕੇ ਸਿੱਧ ਹੋਇਆ ਕਿ ਮਾਹਰ ਪਰਚੂਨ ਬਾਰੇ ਗਲਤ ਨਹੀਂ ਸਨ, ਜਦੋਂ ਇੱਕ ਇੱਕ ਕਰਕੇ ਤਕਨੀਕੀ ਵਸਤਾਂ ਵੇਚਣ ਵਾਲੀਆਂ ਛੋਟੀਆਂ ਵੱਡੀਆਂ ਕੰਪਨੀਆਂ ਦੇ ਸਟੋਰ ਬੰਦ ਹੋ ਗਏ ਪਰ ਐਪਲ ਦੇ ਸਟੋਰਾਂ ਦੀ ਗਿਣਤੀ ਅਤੇ ਸੇਲ ਵੱਧਦੀ ਗਈ। ਸੇਲ ਤਾਂ ਇੱਥੋਂ ਤੱਕ ਜਾ ਲੱਗੀ ਕਿ ਉਹਨਾਂ ਨੂੰ ਪ੍ਰਤੀ ਵਰਗ ਫੁੱਟ ਦੇ ਅਨੁਪਾਤ ਅਨੁਸਾਰ ਸੰਸਾਰ ਵਿੱਚ ਸਭ ਤੋਂ ਵੱਧ ਵਿਕਰੀ ਕਰਨ ਵਾਲਿਆਂ ਵਿੱਚ ਗਿਣਿਆ ਜਾਣ ਲੱਗਾ।

ਕਾਰਨ ਇਹੀ ਸੀ ਕਿ ਐਪਲ ਸਟੋਰਾਂ ਵਿੱਚ ਗਾਹਕਾਂ ਨੂੰ ਕੁਝ ਖ਼ਰੀਦਣ ਲਈ ਮਜ਼ਬੂਰ ਨਹੀਂ ਕੀਤਾ ਜਾਂਦਾ, ਨਾ ਹੀ ਬਾਕੀ ਸਟੋਰਾਂ ਵਾਂਗ ਮੁਲਾਜ਼ਮਾਂ ਸਿਰ ਵਿਕਰੀ ਦੇ ਟੀਚੇ ਦੀ ਕੋਈ ਤਲਵਾਰ ਲਟਕਾਈ ਜਾਂਦੀ ਹੈ। ਉਹ ਸਟੋਰ ਇਸ ਤਰ੍ਹਾਂ ਬਣਾਏ ਗਏ ਹਨ ਕਿ ਲੋਕ ਆਉਣ ਤੇ ਉਹਨਾਂ ਦੀਆਂ ਚੀਜ਼ਾਂ ਵਰਤ ਕੇ ਵੇਖਣ ਅਤੇ ਉਹਨਾਂ ਵਿੱਚ ਐਪਲ ਦੀਆਂ ਚੀਜ਼ਾਂ ਖ਼ਰੀਦਣ ਦੀ ਖਾਹਿਸ਼ ਪੈਦਾ ਹੋ ਜਾਵੇ, ਤੇ ਉਹ ਦੇਰ ਸਵੇਰ ਜਿੱਥੋਂ ਮਰਜ਼ੀ ਆਪਣੀ ਇਹ ਖਾਹਿਸ਼ ਪੂਰੀ ਕਰ ਲੈਣ।

ਸਦੀਆਂ ਪਹਿਲਾਂ ਇਸਲਾਮ ਦਾ ਇੱਕ ਸੇਲਜ਼ਮੈਨ ਹੋਇਆ ਹੈ, ਔਰੰਗਜ਼ੇਬ! ਸਿੱਖ ਹਲਕਿਆਂ ਵਿੱਚ ਇਹ ਪ੍ਰਚਲਿਤ ਹੈ ਕਿ ਉਹ ਸਵਾ ਮਣ ਜਨੇਊ ਲੁਹਾਕੇ ਫਿਰ ਰੋਟੀ ਖਾਂਦਾ ਸੀ। ਉਸਦੀ ਸੇਲ ਦਾ ਟੀਚਾ ਸਵਾ ਮਣ ਜਨੇਊ ਸਨ, ਜੋ ਉਸਦੇ ਅਹਿਲਕਾਰ ਸਿੱਧੀ ਜਾਂ ਟੇਢੀ ਉਂਗਲੀ ਨਾਲ ਪੂਰਾ ਕਰਨ ਲਈ ਮਜ਼ਬੂਰ ਸਨ। ਯਕੀਨਨ ਇਹ ਟੀਚਾ ਉਹ ਕੁਝ ਹਫ਼ਤੇ ਜਾਂ ਮਹੀਨੇ ਹੀ ਪੂਰਾ ਕਰ ਸਕਿਆ ਹੋਣਾ, ਫਿਰ ਕਸ਼ਮੀਰੀ ਪੰਡਤ ਅਨੰਦਪੁਰ ਸਾਹਿਬ ਪਹੁੰਚ ਗਏ ਅਤੇ ਅਮਰੀਕਨ ਤਕਨੀਕੀ ਸਟੋਰਾਂ ਵਾਂਗ ਔਰੰਗਜ਼ੇਬ ਦੀ ਸੇਲਜ਼ਮੈਨੀ ਠੱਪ ਹੋ ਗਈ।

ਸਮਾਂ ਪਾ ਕੇ ਹਿੰਦੂਆਂ ਦੁਆਲੇ ਹੋਏ ਮੁਗ਼ਲ ਸੇਲਜ਼ਮੈਨ, ਸਿੱਖਾਂ ਪਿੱਛੇ ਪੈ ਗਏ। ਛੋਟੇ ਸਾਹਿਬਜ਼ਾਦਿਆਂ ਤੋਂ ਸ਼ੁਰੂ ਹੋ ਕੇ ਅਠਾਰਵੀਂ ਸਦੀ ਦੇ ਤਕਰੀਬਨ ਅਖ਼ੀਰ ਤੱਕ ਇਹ ਸੇਲਜ਼ਮੈਨ, ਸਿੱਖਾਂ ਨੂੰ ਜਬਰਨ ਇਸਲਾਮ ਵੇਚਣ ਦੀ ਕੋਸ਼ਿਸ਼ ਕਰਦੇ ਰਹੇ ਪਰ ਇੱਕ ਵੀ ਸਿੱਖ ਨੂੰ ਉਹ ਆਪਣਾ ਸੌਦਾ ਵੇਚਣ ਵਿੱਚ ਕਾਮਯਾਬ ਨਾ ਹੋ ਸਕੇ।

ਫਿਰ ਸਿੱਖਾਂ ਨੂੰ ਸੇਲਜ਼ਮੈਨ ਦੇ ਤੌਰ 'ਤੇ ਅੰਗਰੇਜ਼ ਮਿਲੇ ਜਿਨ੍ਹਾਂ ਵਿੱਚ ਕੁਝ ਗੁਣ ਸੁਪਰ ਸੇਲਜ਼ਮੈਨ ਵਾਲੇ ਵੀ ਸਨ, ਨਤੀਜਾ ਇਹ ਨਿੱਕਲਿਆ ਕਿ ਮੁਗ਼ਲ ਦੌਰ ਦੀ ਜਬਰਨ ਸੇਲਜ਼ਮੈਨੀ ਜਿੱਥੇ ਇੱਕ ਵੀ ਸਿੱਖ ਨੂੰ ਸੌਦਾ ਨਾ ਵੇਚ ਸਕੀ, ਓਥੇ ਅੰਗਰੇਜ਼ਾਂ ਦੀ ਸੁਪਰ ਸੇਲਜ਼ਮੈਨੀ ਨੇ ਸੈਂਕੜੇਂ ਹਜ਼ਾਰਾਂ ਸਿੱਖਾਂ ਅੰਦਰ ਅੰਗਰੇਜ਼ਾਂ ਦੇ ਵਫ਼ਾਦਾਰ ਬਣਨ ਦੀ ਖਾਹਿਸ਼ ਪੈਦਾ ਕਰ ਦਿੱਤੀ, ਜੋ ਅੱਗੋਂ ਅੰਗਰੇਜ਼ਾਂ ਦੇ ਸੇਲਜ਼ਮੈਨ ਬਣਕੇ ਫਿਰੰਗੀ ਸੌਦਾ ਵੇਚਣ ਲੱਗ ਗਏ। ਇਸ ਤਰ੍ਹਾਂ ਅੰਗਰੇਜ਼ਾਂ ਨੇ ਮੁਗਲਾਂ ਵਾਲੀ ਜਬਰੀ ਸੇਲਜ਼ਮੈਨੀ ਦੇ ਨਾਲ ਨਾਲ ਸੁਪਰ ਸੇਲਜ਼ਮੈਨ ਵਾਲੀ ਨੀਤੀ ਵੀ ਅਪਣਾਈ ਰੱਖੀ ਜਿਸ ਕਰਕੇ ਇੱਕ ਪਾਸੇ ਸਿੱਖਾਂ ਨੂੰ ਕੈਦ, ਕਾਲੇ-ਪਾਣੀ, ਦੇਸ-ਨਿਕਾਲੇ, ਗੋਲੀਆਂ, ਫਾਂਸੀਆਂ ਮਿਲਦੀਆਂ ਰਹੀਆਂ, ਦੂਜੇ ਪਾਸੇ ਮੁਰੱਬੇ, ਜ਼ੈਲਦਾਰੀਆਂ, ਖ਼ਿਤਾਬ ਪ੍ਰਾਪਤ ਹੁੰਦੇ ਰਹੇ।

ਸਿੱਖਾਂ ਨੂੰ ਤੀਜਾ ਸੇਲਜ਼ਮੈਨ ਮਿਲਿਆ ਬ੍ਰਾਹਮਣ, ਜੋ ਕਿ ਸਦੀਆਂ ਮਗਰੋਂ ਮੁੜ ਸੱਤਾ ਦੇ ਗੱਲੇ 'ਤੇ ਬੈਠਾ ਸੀ। ਉਸ ਨੇ ਆਉਣ ਸਾਰ ਹੀ ਸੇਲਜ਼ਮੈਨ ਵਾਲੇ ਸਾਰੇ ਹੱਥਕੰਡੇ ਵਰਤਣੇ ਸ਼ੁਰੂ ਕਰ ਦਿੱਤੇ ਪਰ 1984 ਤੋਂ ਪਹਿਲਾਂ ਅਤੇ ਬਾਅਦ ਦੇ ਸੰਘਰਸ਼ ਨੇ ਚਤੁਰ ਬਿਪਰ ਨੂੰ ਅਹਿਸਾਸ ਕਰਵਾ ਦਿੱਤਾ ਕਿ ਸੁਪਰ ਸੇਲਜ਼ਮੈਨ ਬਣਨ ਤੋਂ ਬਗੈਰ ਕਾਮਯਾਬੀ ਨਹੀਂ ਮਿਲਣੀ। ਫਾਂਸੀਆਂ, ਕਤਲੇਆਮ, ਟੈਂਕਾਂ ਆਦਿ ਨਾਲ ਇਸ ਕੌਮ ਨੂੰ ਆਪਣਾ ਸੌਦਾ ਨਹੀਂ ਵੇਚਿਆ ਜਾ ਸਕਦਾ।

ਕਦੇ ਸਵਾ ਮਣ ਜਨੇਊ ਲੁਹਾਉਣ ਵਾਲਾ ਬਿਪਰ ਫਿਰ ਸਵਾ ਮਣੀਆ ਸੁਪਰ ਸੇਲਜ਼ਮੈਨ ਬਣ ਗਿਆ। ਜੋ ਕੁਝ ਉਹ ਪ੍ਰਾਪਤ ਕਰਨਾ ਚਾਹੁੰਦਾ ਸੀ, ਉਹ ਸਭ ਕੁਝ ਕਰਨ ਦੀ ਖਾਹਿਸ਼ ਉਸ ਨੇ ਸਿੱਖ ਕੌਮ ਵਿੱਚ ਪੈਦਾ ਕਰ ਦਿੱਤੀ। ਉਸ ਨੇ ਸਿੱਖਾਂ ਨੂੰ ਫਾਂਸੀਆਂ ਚੜ੍ਹਾਉਣ ਤੋਂ ਤੌਬਾ ਕਰ ਲਈ ਪਰ ਸਿੱਖ ਕਿਸਾਨਾਂ ਵਿੱਚ ਖੁਦਕੁਸ਼ੀਆਂ ਕਰਨ ਦੀ ਇੱਛਾ ਪੈਦਾ ਕਰ ਦਿੱਤੀ ਹਾਲਾਂਕਿ ਘੋੜਿਆਂ ਦੀਆਂ ਕਾਠੀਆਂ ਤੇ ਘਰ ਹੋਣ ਵੇਲੇ, ਆਰਥਿਕ, ਸਮਾਜਿਕ ਤੌਰ 'ਤੇ ਹੁਣ ਨਾਲੋਂ ਕਈ ਗੁਣਾਂ ਬਦਤਰ ਹਾਲਾਤਾਂ ਵਿੱਚ ਵੀ ਕਿਸੇ ਸਿੱਖ ਨੇ ਆਤਮਘਾਤ ਦਾ ਰਾਹ ਨਹੀਂ ਚੁਣਿਆ ਸੀ। ਬਿਪਰ ਨੇ ਕੈਦਾਂ, ਜਲਾਵਤਨੀਆਂ, ਕਾਲੇ-ਪਾਣੀਆਂ ਦੀ ਥਾਂ ਸਿੱਖਾਂ ਅੰਦਰ ਪੰਜਾਬ ਛੱਡਣ ਦੀ ਤੀਬਰ ਇੱਛਾ ਪੈਦਾ ਕਰ ਦਿੱਤੀ। ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਸਿੱਖ ਵੱਸੋਂ ਨੂੰ ਖ਼ਤਮ ਕਰਨ ਦੀ ਥਾਂ ਸੁਪਰ ਸੇਲਜ਼ਮੈਨ ਨੇ ਪਰਿਵਾਰ ਨਿਯੋਜਨ ਦੀਆਂ ਜੜ੍ਹਾਂ ਸਿੱਖ ਸਮਾਜ ਵਿੱਚ ਇੰਨੀਆਂ ਡੂੰਘੀਆਂ ਲਗਾ ਦਿੱਤੀਆਂ ਕਿ ਸਿੱਖ ਪੈਦਾ ਹੋਣੇ ਹੀ ਘਟਾ ਦਿੱਤੇ। 1947 ਵਿੱਚ ਸਿੱਖ ਰਾਜ ਦੀ ਕਾਇਮੀ ਨਾ ਹੋਣ ਦਾ ਮੁੱਖ ਕਾਰਣਾਂ ਵਿੱਚੋਂ ਇੱਕ ਇਹ ਵੀ ਸੀ ਕਿ ਸਿੱਖ ਪੂਰੇ ਪੰਜਾਬ ਵਿੱਚ ਕਿਤੇ ਵੀ ਬਹੁਗਿਣਤੀ ਵਿੱਚ ਨਹੀਂ ਸਨ। ਬ੍ਰਾਹਮਣ ਨੇ ਸਿੱਖਾਂ ਨੂੰ ਹੀ ਮੌਜੂਦਾ ਪੰਜਾਬ ਵਿੱਚ ਆਪਣੀ ਗਿਣਤੀ ਹੋਰ ਘਟਾਉਣ ਲਈ ਪੱਬਾਂ-ਭਾਰ ਕੀਤਾ ਪਿਆ ਹੈ, ਉਸ ਨੂੰ ਖੁਦ ਕੁਝ ਕਰਨ ਦੀ ਲੋੜ ਹੀ ਨਹੀਂ ਰਹੀ।

ਇਸ ਤੋਂ ਇਲਾਵਾ ਸਭ ਤੋਂ ਖ਼ਤਰਨਾਕ ਚਾਲ ਇਹ ਚੱਲੀ ਕਿ ਜੋ ਕਾਮਯਾਬੀ ਮੁਗਲ ਤਕਰੀਬਨ ਦੋ ਸਦੀਆਂ ਤੋਂ ਵੱਧ ਜ਼ੋਰ ਲਗਾਕੇ ਹਾਸਲ ਨਾ ਕਰ ਸਕੇ, ਉਹ ਪ੍ਰਾਪਤੀ ਸਵਾ ਮਣੀਆ ਸੁਪਰ ਸੇਲਜ਼ਮੈਨ ਬ੍ਰਾਹਮਣ ਕਰ ਗਿਆ, ਇਹ ਤਾਂ ਇਵੇਂ ਸੀ ਜਿਵੇਂ ਮੱਛੀ ਨੂੰ ਕੋਈ ਯਕੀਨ ਕਰਵਾ ਦੇਵੇ ਕਿ ਤੂੰ ਪਾਣੀ ਵਿੱਚੋਂ ਬਾਹਰ ਆ ਕੇ ਵੀ ਜ਼ਿੰਦਾ ਹੀ ਰਹੇਂਗੀ, ਗੁਰੂ ਦੀ ਮੋਹਰ ਕੇਸਾਂ ਨੂੰ ਕਤਲ ਕਰਵਾਕੇ ਵੀ ਸਿੱਖਾਂ ਦੀ ਵੱਡੀ ਗਿਣਤੀ ਆਪਣੇ ਆਪ ਨੂੰ ਸਿੱਖ ਹੀ ਸਮਝ ਰਹੀ ਹੈ।


ਅੱਜ ਕੋਈ ਔਰੰਗਜ਼ੇਬ ਨਹੀਂ, ਵਜੀਦ ਖ਼ਾਨ ਨਹੀਂ, ਅਬਦਾਲੀ, ਮੀਰ ਮੰਨੂੰ, ਜ਼ਕਰੀਆ ਆਦਿ ਵੀ ਨਹੀਂ। ਇੱਥੋਂ ਤੱਕ ਇੰਦਰਾ, ਰਾਜੀਵ, ਭਗਤ, ਸੱਜਣ, ਟਾਈਟਲਰ, ਰੇਅ, ਰਿਬੇਰੋ, ਗਿੱਲ ਵੀ ਨਹੀਂ ਹਨ, ਚਰਖੜ੍ਹੀਆਂ, ਦੇਗਾਂ, ਆਰੇ, ਕੰਧਾਂ, ਬਲਦੇ ਟਾਇਰ ਵੀ ਕਿਧਰੇ ਨਹੀਂ ਵਰਤੇ ਜਾਂਦੇ, ਪਰ ਔਰੰਗਜ਼ੇਬ ਦੇ ਨਿੱਤ ਉਤਾਰੇ ਜਨੇਊਆਂ ਦਾ ਭਾਰ ਸਵਾ ਸਵਾ ਮਣ ਦੱਸਣ ਵਾਲੇ ਸਿੱਖਾਂ ਨੇ ਕਦੇ ਇਹ ਅੰਦਾਜ਼ਾ ਲਗਾਉਣ ਲਈ ਸਮਾਂ ਕੱਢਿਆ ਹੈ ਕਿ ਸਿੱਖ ਘਰਾਂ ਵਿੱਚ ਜੰਮਿਆਂ ਵੱਲੋਂ ਨਿੱਤ ਮੂੰਹ-ਦਾੜ੍ਹੀ ਦੇ ਕਿੰਨੇ ਮਣ ਕੇਸ ਮੁੰਨ ਕੇ ਗਲੀਆਂ-ਨਾਲੀਆਂ-ਕੂੜੇਦਾਨਾਂ ਵਿੱਚ ਸੁੱਟ ਦਿੱਤੇ ਜਾਂਦੇ ਹਨ।

ਕਬੀਰ ਬਾਮਨੁ ਗੁਰੂ ਹੈ ਜਗਤ ਕਾ....... ਮੁੱਕਦੀ ਗੱਲ ਸਾਡੀ ਕੌਮ ਨੇ ਇਸ ਸਵਾ ਮਣੀਏ ਸੁਪਰ ਸੇਲਜ਼ਮੈਨ ਨੂੰ ਆਪਣਾ ਗੁਰੂ ਮੰਨ ਲਿਆ ਹੈ ਅਤੇ ਉਸਦੀ ਹਰ ਖਾਹਿਸ਼ ਪੂਰੀ ਕਰਨ ਲਈ ਅਸੀਂ ਪਿਛਲੇ ਕਈ ਦਹਾਕਿਆਂ ਤੋਂ ਪੂਰੀ ਤਰ੍ਹਾਂ ਤਤਪਰ ਹਾਂ।

ਫਰੀਦਾ ਦੂਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ॥

# ਐਨ.ਆਰ.ਆਈ.ਪੰਜਾਬੀ ਬੱਚਿਆਂ ਦਾ ਪੰਜਾਬੀ ਭਾਸ਼ਾ ਪ੍ਰਤੀ ਵਧਿਆ ਮੋਹ

ਪ੍ਰਕਾਸ਼ ਸਿੰਘ ਗਿੱਲ






ਪੰਜਾਬੀ ਸਿਰਫ਼ ਇੱਕ ਭਾਸ਼ਾ ਨਹੀਂ, ਸਗੋਂ ਸਾਡੀ ਪਛਾਣ, ਸੱਭਿਆਚਾਰ ਤੇ ਵਿਰਾਸਤ ਦੀ ਜਿਉਂਦੀ ਜਾਗਦੀ ਨਿਸ਼ਾਨੀ ਹੈ। ਇਸ ਗੱਲ ਦਾ ਅਹਿਸਾਸ ਮੈਨੂੰ ਆਪਣੀ ਕੈਨੇਡਾ ਫੇਰੀ ਦੌਰਾਨ ਹੋਇਆ। ਕੈਨੇਡਾ ਵਿਖੇ ਮੈਂ ਆਪਣੇ ਪੁੱਤਰ ਤੇ ਭਾਣਜੇ ਦੇ ਵਿਆਹ ਵਿੱਚ ਸ਼ਮੂਲੀਅਤ ਕੀਤੀ। ਇਸ ਕਰਕੇ ਮੈਂ ਟੋਰਾਂਟੋ ਤੇ ਵੈਨਕੂਵਰ ਵਿੱਚ ਘੁੰਮਦਿਆਂ ਹੋਇਆਂ ਇਸ ਗੱਲ ਨੂੰ ਮਹਿਸੂਸ ਕੀਤਾ ਕਿ ਮੌਜੂਦਾ ਸਮੇਂ 'ਚ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਜਾਂ ਕੋਈ ਹੋਰ ਭਾਸ਼ਾਵਾਂ ਸਿਖਾਉਣ ਉੱਤੇ ਤਾਂ ਜ਼ੋਰ ਦਿੰਦੇ ਹਨ, ਉੱਥੇ ਹੀ ਖ਼ੁਸ਼ੀ ਦੀ ਗੱਲ ਇਹ ਵੀ ਹੈ ਕਿ ਵਿਦੇਸ਼ ਵਿੱਚ ਬੱਚਿਆਂ ਅੰਦਰ ਪੰਜਾਬੀ ਭਾਸ਼ਾ ਦਾ ਚਲਨ ਵੀ ਲਗਾਤਾਰ ਵਧ ਰਿਹਾ ਹੈ। ਦੂਜੇ ਪਾਸੇ ਜੇਕਰ ਗੱਲ ਕਰੀਏ ਆਪਣੇ ਮੁਲਕ ਭਾਰਤ ਦੀ ਤਾਂ ਇੱਥੋਂ ਦੇ ਬੱਚੇ ਲਗਾਤਾਰ ਪੰਜਾਬੀ ਭਾਸ਼ਾ ਵੱਲੋਂ ਮੂੰਹ ਮੋੜਦੇ ਨਜ਼ਰ ਆ ਰਹੇ ਹਨ। ਵਿਦੇਸ਼ ਵਿੱਚ ਪੰਜਾਬੀ ਭਾਸ਼ਾ ਦੇ ਚਲਨ ਪਿੱਛੇ ਉਹ ਕਿਹੜੇ ਕਾਰਨ ਹਨ, ਗੱਲ ਕਰਦੇ ਹਾਂ ਉਨ੍ਹਾਂ ਬਾਰੇ:-

ਪੰਜਾਬੀ ਭਾਈਚਾਰੇ ਦੀ ਭੂਮਿਕਾ-ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਅਮਰੀਕਾ, ਨਿਊਜ਼ੀਲੈਂਡ ਤੇ ਸਿੰਗਾਪੁਰ ਵਰਗੇ ਦੇਸ਼ਾਂ ਵਿੱਚ ਜਿੱਥੇ ਵੱਡੀ ਗਿਣਤੀ ਵਿੱਚ ਪੰਜਾਬੀ ਵਸਦੇ ਹਨ। ਇਨ੍ਹਾਂ ਦੇਸ਼ਾਂ ਵਿੱਚ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਗੁਰਦੁਆਰਿਆਂ, ਸੱਭਿਆਚਾਰਕ ਸੰਸਥਾਵਾਂ ਅਤੇ ਸਕੂਲਾਂ ਰਾਹੀਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਸਿੱਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਹਫ਼ਤੇ ਵਿੱਚ ਸਕੂਲਾਂ ਅਤੇ ਕਮਿਊਨਿਟੀ ਸੈਂਟਰਾਂ ਅੰਦਰ ਪੰਜਾਬੀ ਭਾਸ਼ਾ ਪੜ੍ਹਾਈ ਜਾ ਰਹੀ ਹੈ, ਬੱਚਿਆਂ ਦੀਆਂ ਗੁਰਮਤਿ ਦੀਆਂ ਕਲਾਸਾਂ ਲਾਈਆਂ ਜਾ ਰਹੀਆਂ ਹਨ। ਇਸ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਨਵੀਂ ਪੀੜ੍ਹੀ ਆਪਣੀ ਮਾਂ-ਬੋਲੀ ਪੰਜਾਬੀ ਨਾਲ ਜੁੜੀ ਰਹਿੰਦੀ ਹੈ।

ਘਰ ਦਾ ਮਾਹੌਲ-ਵਿਦੇਸ਼ ਵਿੱਚ ਵਸਦੇ ਮਾਪੇ ਹੁਣ ਇਹ ਗੱਲ ਚੰਗੀ ਤਰ੍ਹਾਂ ਸਮਝਣ ਲੱਗ ਪਏ ਹਨ ਕਿ ਮਾਂ-ਬੋਲੀ ਪੰਜਾਬੀ ਨਾਲ ਜੋੜ ਕੇ ਬੱਚਿਆਂ ਦੀ ਸੋਚ ਤੇ ਪਛਾਣ ਮਜ਼ਬੂਤ ਕੀਤੀ ਜਾ ਸਕਦੀ ਹੈ। ਘਰ ਵਿੱਚ ਦਾਦਾ-ਦਾਦੀ, ਨਾਨਾ-ਨਾਨੀ ਜਾਂ ਪਤੀ-ਪਤਨੀ ਵੱਲੋਂ ਬੱਚਿਆਂ ਨਾਲ ਪੰਜਾਬੀ ਬੋਲਣ ਦੀ ਪਹਿਲਕਦਮੀ ਕੀਤੀ ਜਾਂਦੀ ਹੈ। ਬੱਚਿਆਂ ਨੂੰ ਪੰਜਾਬੀ ਬੋਲਣ, ਪੰਜਾਬੀ ਕਹਾਣੀਆਂ ਸੁਣਾਉਣ ਅਤੇ ਪੰਜਾਬੀ ਗੀਤ ਸੁਣਨ ਦੀ ਪ੍ਰਥਾ ਉਨ੍ਹਾਂ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਪਿਆਰ ਤੇ ਵਿਸ਼ਵਾਸ ਪੈਦਾ ਕਰਦੀ ਹੈ। ਉਂਝ ਵੀ ਸਿੱਖਿਆ ਮਾਹਿਰ ਮੰਨਦੇ ਹਨ ਕਿ ਜਦੋਂ ਬੱਚੇ ਦੋ ਜਾਂ ਤਿੰਨ ਭਾਸ਼ਾਵਾਂ ਸਿੱਖਦੇ ਹਨ, ਉਹ ਬੌਧਿਕ ਤੌਰ 'ਤੇ ਵੀ ਜ਼ਿਆਦਾ ਮਜ਼ਬੂਤ ਬਣਦੇ ਹਨ।




ਗੁਰਦੁਆਰੇ ਤੇ ਧਾਰਮਿਕ ਸਿੱਖਿਆ-ਵਿਦੇਸ਼ਾਂ ਵਿੱਚ ਸਥਿਤ ਗੁਰਦੁਆਰੇ ਸਿਰਫ਼ ਸ਼ਰਧਾ ਭੇਟ ਕਰਨ ਦਾ ਧਾਰਮਿਕ ਕੇਂਦਰ ਹੀ ਨਹੀਂ, ਸਗੋਂ ਸੱਭਿਆਚਾਰਕ ਤੇ ਭਾਸ਼ਾਈ ਸਿੱਖਿਆ ਦੇ ਮੁਢਲੇ ਕੇਂਦਰ ਵੀ ਹਨ। ਆਮ ਤੌਰ 'ਤੇ ਉੱਥੇ ਬੱਚਿਆਂ ਨੂੰ ਗੁਰਮੁਖੀ ਸਿਖਾਈ ਜਾਂਦੀ ਹੈ ਅਤੇ ਕੀਰਤਨ, ਕਥਾ ਤੇ ਗੁਰ-ਇਤਿਹਾਸ ਰਾਹੀਂ ਪੰਜਾਬੀ ਭਾਸ਼ਾ ਨਾਲ ਜੋੜਿਆ ਜਾਂਦਾ ਹੈ। ਇਸ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਬੱਚੇ ਆਪਣੇ ਵਿਰਸੇ ਤੇ ਇਤਿਹਾਸ ਨੂੰ ਜਾਣਨ ਲਈ ਹੋਰ ਉਤਸ਼ਾਹਿਤ ਹੁੰਦੇ ਹਨ। ਮੈਂ ਆਪਣੇ ਭਾਣਜੇ ਦੇ ਘਰ ਵਿੱਚ ਹੀ ਵੇਖਿਆ ਕਿ ਉਸ ਦੇ ਸਾਂਢੂ ਦਾ ਮੁੰਡਾ ਮੈਨੂੰ ਕਹਿੰਦਾ ਕਿ ਮੈਂ ਤਾਂ ਆਪਣੇ ਕੇਸ ਰੱਖਣੇ ਹਨ ਤੇ ਪੱਗ ਬੰਨ੍ਹਣੀ ਹੈ। ਪੱਗ ਵਿੱਚ ਮੈਂ ਸੋਹਣਾ-ਸੁਨੱਖਾ ਲੱਗਦਾ ਹਾਂ। ਮੈਂ ਉਸ ਦੇ ਪਿਤਾ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੇ ਬੱਚੇ ਦੀ ਭਾਵਨਾ ਦੀ ਕਦਰ ਕਰੇ। ਘਰ ਵਿੱਚ ਨਿੱਕੇ-ਨਿੱਕੇ ਬੱਚੇ ਆਪਸ ਵਿੱਚ ਪੰਜਾਬੀ 'ਚ ਹੀ ਗੱਲਬਾਤ ਕਰਦੇ ਹਨ। ਖ਼ਾਸ ਤੌਰ 'ਤੇ ਜਦੋਂ ਉਹ ਮੇਰੇ ਨਾਲ ਪੰਜਾਬੀ ਬੋਲਦੇ ਹਨ ਤਾਂ ਮੈਨੂੰ ਆਪਣੇ ਭਾਰਤ, ਖ਼ਾਸ ਤੌਰ 'ਤੇ ਦਿੱਲੀ ਦੇ ਘਰਾਂ ਦੇ ਬੱਚੇ ਯਾਦ ਆ ਜਾਂਦੇ ਹਨ, ਜਿੱਥੇ ਬੱਚੇ ਸਿਰਫ਼ ਤੇ ਸਿਰਫ਼ ਹਿੰਦੀ ਭਾਸ਼ਾ ਹੀ ਬੋਲਦੇ ਹਨ।

ਸੋਸ਼ਲ ਮੀਡੀਆ ਤੇ ਤਕਨਾਲੋਜੀ-ਹੁਣ ਅਸੀਂ ਹਰ ਕਿਸੇ ਨੂੰ ਇਹ ਕਹਿੰਦਿਆਂ ਵੀ ਸੁਣਦੇ ਹਾਂ ਕਿ ਅੱਜ ਦਾ ਯੁੱਗ ਸੋਸ਼ਲ ਮੀਡੀਆ ਦਾ ਹੈ। ਮੌਜੂਦਾ ਸਮੇਂ ਵਿੱਚ ਮੋਬਾਈਲ ਐਪਸ, ਯੂ-ਟਿਊਬ ਚੈਨਲ ਅਤੇ ਵੱਖ-ਵੱਖ ਸੋਸ਼ਲ ਮੀਡੀਆ ਮੰਚ ਵੀ ਪੰਜਾਬੀ ਦੇ ਪ੍ਰਚਾਰ-ਪਸਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੇ ਹਨ। ਪੰਜਾਬੀ ਕਾਰਟੂਨ, ਕਵਿਤਾਵਾਂ ਤੇ ਕਹਾਣੀਆਂ ਬੱਚਿਆਂ ਨੂੰ ਆਸਾਨ ਤੇ ਮਨੋਰੰਜਕ ਢੰਗ ਨਾਲ ਭਾਸ਼ਾ ਸਿਖਾਉਂਦੀਆਂ ਹਨ। ਇਸ ਕਰਕੇ ਇੱਥੋਂ ਦੇ ਬੱਚੇ ਟੈਬ, ਲੈਪਟਾਪ ਤੇ ਟੀ.ਵੀ. ਰਾਹੀਂ ਪੰਜਾਬੀ ਭਾਸ਼ਾ ਦੇ ਕਾਰਟੂਨ ਪਹਿਲ ਦੇ ਆਧਾਰ 'ਤੇ ਵੇਖਦੇ ਹਨ।

ਸਕੂਲਾਂ 'ਚ ਪੰਜਾਬੀ ਦੀ ਮਾਨਤਾ-ਕੁਝ ਬਾਹਰਲੇ ਦੇਸ਼ਾਂ ਦੇ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਨੂੰ ਚੋਣਵੇਂ ਵਿਸ਼ੇ ਵਜੋਂ ਵੀ ਪੜ੍ਹਾਇਆ ਜਾ ਰਿਹਾ ਹੈ। ਇਸ ਨਾਲ ਬੱਚਿਆਂ ਨੂੰ ਸਰਕਾਰੀ ਤੌਰ 'ਤੇ ਆਪਣੀ ਭਾਸ਼ਾ ਸਿੱਖਣ ਦਾ ਮੌਕਾ ਮਿਲਦਾ ਹੈ ਅਤੇ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਦਾ ਹੈ।

ਅਖੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਵਿਦੇਸ਼ ਵਿੱਚ ਬੱਚਿਆਂ ਅੰਦਰ ਵਧ ਰਿਹਾ ਪੰਜਾਬੀ ਭਾਸ਼ਾ ਦਾ ਚਲਨ ਬਹੁਤ ਹੀ ਸੁਖਦ ਸੰਕੇਤ ਹੈ। ਇਹ ਸਾਡੀਆਂ ਸੱਭਿਆਚਾਰਕ ਜੜ੍ਹਾਂ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਨਵੀਂ ਪੀੜ੍ਹੀ ਨੂੰ ਆਪਣੀ ਪਛਾਣ ਨਾਲ ਜੋੜਦਾ ਹੈ। ਜੇ ਮਾਪੇ, ਸਮਾਜਿਕ ਸੰਸਥਾਵਾਂ ਅਤੇ ਸਕੂਲ ਇਕੱਠੇ ਹੋ ਕੇ ਯਤਨ ਕਰਦੇ ਰਹੇ ਤਾਂ ਪੰਜਾਬੀ ਭਾਸ਼ਾ ਵਿਦੇਸ਼ਾਂ ਵਿੱਚ ਹੋਰ ਵੀ ਪ੍ਰਫੁੱਲਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਦੀ ਰਹੇਗੀ।

-ਲੈਕਚਰਾਰ (ਪੰਜਾਬੀ),
ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ,
ਸ਼ਾਹਦਰਾ (ਦਿੱਲੀ)।

# ਕੀ ਹਿੰਦੂਆਂ ਦੀ ਸਰਵਉੱਚ ਸ਼ਕਤੀ ਦਾ ਪ੍ਰਤੀਕ ਹੁਣ ਬੁਲਡੋਜ਼ਰ ਹੈ ?

**ਅਪੂਰਵਾਨੰਦ**
(ਲੇਖਕ ਦਿੱਲੀ ਯੂਨੀਵਰਸਿਟੀ ਵਿੱਚ ਪੜ੍ਹਾਉਂਦੇ ਹਨ।)

ਇੱਕ ਪੰਜ ਸਾਲ ਦੀ ਬੱਚੀ ਵੱਲੋਂ ਯੂ.ਪੀ. ਦੇ ਮੁੱਖ ਮੰਤਰੀ ਅਦਿਤਿਆਨਾਥ ਨੂੰ ਖਿਡੌਣਾ ਬੁਲਡੋਜ਼ਰ ਭੇਂਟ ਕਰਨ ਦੀ ਵਾਇਰਲ ਵੀਡੀਓ ਪ੍ਰੇਸ਼ਾਨ ਕਰਨ ਵਾਲੀ ਹੈ। ਇਹ ਪ੍ਰਸਿੱਧ ਸਮਾਚਾਰ ਏਜੰਸੀ ਪ੍ਰੈੱਸ ਟਰੱਸਟ ਆਫ਼ ਇੰਡੀਆ ਵੱਲੋਂ ਜਾਰੀ ਵੀਡੀਓ ਸੀ। ਸੋ, ਖ਼ਬਰ ਭਰੋਸੇਯੋਗ ਹੀ ਹੋਵੇਗੀ, ਕਿਸੇ ਦੀ ਇੱਛਾ ਪੂਰਤੀ ਲਈ ਕਾਲਪਨਿਕ ਜਾਂ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਰਚਨਾ ਨਹੀਂ ਹੋਵੇਗੀ, ਇਹ ਮੰਨ ਕੇ ਉਸਨੂੰ ਦੇਖਣ ਲੱਗਾ। ਇੱਕ ਨਿੱਕੀ ਜਿਹੀ ਬੱਚੀ ਦਾ ਇੰਟਰਵਿਊ ਚੱਲ ਰਿਹਾ ਸੀ। ਉਸਦੇ ਪਿੱਛੇ ਉਸਦੀ ਮਾਂ ਸਰਗਰਮ ਸੀ। ਕੁਝ ਪਰਿਵਾਰ ਦੇ ਵੱਡੇ ਲੋਕ ਵੀ ਸਰਗਰਮ ਸਨ। ਖ਼ਬਰ ਗੋਰਖਪੁਰ ਦੀ ਸੀ। ਬੱਚੀ ਦੀ ਮੁਲਾਕਾਤ ਸਵੇਰ ਦੀ ਸੈਰ ’ਤੇ ਨਿਕਲੇ ਰਾਜ ਦੇ ਮੁੱਖ ਮੰਤਰੀ ਆਦਿੱਤਿਆਨਾਥ ਨਾਲ ਹੋਈ ਸੀ। ਉਸੇ ਦਾ ਵਰਣਨ ਖ਼ਬਰ ਵਿੱਚ ਸੀ।

5 ਸਾਲ ਦੀ ਬੱਚੀ ਦੇ ਹੱਥ ਵਿੱਚ ਇੱਕ ਖਿਡੌਣਾ ਬੁਲਡੋਜ਼ਰ ਸੀ। ਵੀਡੀਓ ਵਿੱਚ ਉਹ ਇਹ ਖਿਡੌਣਾ ਮੁੱਖ ਮੰਤਰੀ ਨੂੰ ਭੇਂਟ ਕਰਦੀ ਦਿਖਾਈ ਦਿੰਦੀ ਹੈ। ਇਸ ਭੇਂਟ ਤੋਂ ਖੁਸ਼ ਹੋਏ ਮੁੱਖ ਮੰਤਰੀ ਉਸਨੂੰ ਉਸਦਾ ਤੋਹਫ਼ਾ ਵਾਪਸ ਮੋੜਦੇ ਹਨ। ਪਹਿਲਾਂ ਮੁਸਕੁਰਾਉਂਦੇ ਹੋਏ ਉਸਦੇ ਹੱਥੋਂ ਇਸ ਭੇਂਟ ਨੂੰ ਸਵੀਕਾਰ ਕਰਦੇ ਹਨ, ਫ਼ਿਰ ਉਸਨੂੰ ਬੁਲਡੋਜ਼ਰ ਵਾਪਸ ਕਰਦੇ ਹੋਏ ਤਰੀਕੇ ਨਾਲ ਪੋਜ਼ ਦੇ ਕੇ ਫ਼ੋਟੋ ਖਿਚਵਾਉਂਦੇ ਹਨ। ਬੱਚੀ ਪੱਤਰਕਾਰ ਨੂੰ ਦੱਸਦੀ ਹੈ ਕਿ ਮੁੱਖ ਮੰਤਰੀ ਨੇ ਉਸਨੂੰ ਖੂਬ ਪੜ੍ਹਨ ਅਤੇ ਬੁਲਡੋਜ਼ਰ ਨਾਲ ਖੇਡਣ ਲਈ ਕਿਹਾ ਹੈ ਬੁਲਡੋਜ਼ਰ ਨਾਲ ਖੇਡਣ ਦਾ ਕੀ ਮਤਲਬ ਹੈ ? ਬੁਲਡੋਜ਼ਰ ਨਾਲ ਉਹ ਮੁੱਖ ਮੰਤਰੀ ਕਿਵੇਂ ਖੇਡਦੇ ਹਨ ? ਭਾਰਤੀ ਜਨਤਾ ਪਾਰਟੀ ਦੇ ਸਾਰੇ ਮੁੱਖ ਮੰਤਰੀ ਬੁਲਡੋਜ਼ਰ ਨਾਲ ਕਿਵੇਂ ਖੇਡਦੇ ਹਨ ? ਬੁਲਡੋਜ਼ਰ ਦਾ ਅਸਲੀ ਮਜ਼ਾ ਉਦੋਂ ਹੈ ਜਦੋਂ ਸਾਹਮਣੇ ਡੇਗਣ, ਤੋੜਨ-ਭੰਨਣ ਲਈ ਕੁਝ ਹੋਵੇ। ਕੁਝ ਜਿਸਨੂੰ ਬੁਲਡੋਜ਼ਰ ਢਾਅ ਸਕੇ। ਅੱਜ ਦੇ ਭਾਰਤ ਵਿੱਚ ਅਸੀਂ ਜਾਣਦੇ ਹਾਂ ਕਿ ਬੁਲਡੋਜ਼ਰ ਕੌਣ ਚਲਾਉਂਦਾ ਹੈ ਅਤੇ ਉਹ ਕਿਸ ਦਾ ਘਰ ਤੋੜਦਾ ਹੈ ? ਭਾਰਤ ਵਿੱਚ ਬੁਲਡੋਜ਼ਰ ਦਾ ਜਿਵੇਂ ਧਰਮ ਤੈਅ ਹੋ ਗਿਆ ਹੈ। ਉਹ ਉਸ ਹਿੰਦੂ ਸ਼ਕਤੀ ਦਾ ਪ੍ਰਤੀਕ ਹੈ ਜੋ ਮੁਸਲਮਾਨ ਨੂੰ ਤਬਾਹ ਕਰਦੀ ਹੈ।



ਗੋਰਖਪੁਰ ਦੀ ਉਸ ਸਵੇਰ ਇਹ ਸਭ ਕੁਝ ਅਚਾਨਕ ਨਹੀਂ ਹੋਇਆ ਹੋਵੇਗਾ। ਬੱਚੀ ਅਤੇ ਉਸਦੇ ਪਰਿਵਾਰਕ ਮੈਂਬਰ ਸਜੇ-ਧਜੇ ਦਿਖਾਈ ਦੇ ਰਹੇ ਹਨ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਇਹ ਅਚਾਨਕ ਹੋਈ ਮੁਲਾਕਾਤ ਨਹੀਂ ਰਹੀ ਹੋਵੇਗੀ। ਇੰਨੀ ਸਵੇਰੇ ਕੋਈ ਇੰਨਾ ਬਣ-ਠਣ ਕੇ ਸੜਕ ’ਤੇ ਨਹੀਂ ਨਿਕਲਦਾ। ਮੁੱਖ ਮੰਤਰੀ ਬੱਚੀ ਦੇ ਮਾਮਾ ਜਾਂ ਨਾਨਾ ਨਹੀਂ, ਸੋ ਉਹ ਉਨ੍ਹਾਂ ਨੂੰ ਪਛਾਣਦੀ ਹੋਵੇ, ਅਜਿਹਾ ਵੀ ਨਹੀਂ ਰਿਹਾ ਹੋਵੇਗਾ। ਕੀ ਉਹ ਬੱਚੀ ਆਪਣੇ ਮੁੱਖ ਮੰਤਰੀ ਨੂੰ ਇੰਨਾ ਪਿਆਰ ਕਰਦੀ ਹੈ ਕਿ ਸਵੇਰੇ-ਸਵੇਰੇ ਉਨ੍ਹਾਂ ਨੂੰ ਮਿਲਣ ਅਤੇ ਉਨ੍ਹਾਂ ਨੂੰ ਤੋਹਫ਼ਾ ਦੇਣ ਦੀ ਜ਼ਿੱਦ ਕਰਕੇ ਮਾਂ ਨੂੰ ਉਨ੍ਹਾਂ ਕੋਲ ਲੈ ਕੇ ਆਈ ਹੋਵੇਗੀ ? ਅਤੇ ਕੀ ਉਸੇ ਬੱਚੀ ਨੇ ਸੋਚਿਆ ਹੋਵੇਗਾ ਕਿ ਮੁੱਖ ਮੰਤਰੀ ਨੂੰ ਤੋਹਫ਼ਾ ਦਿੱਤਾ ਜਾਵੇ ਅਤੇ ਉਹ ਵੀ ਬੁਲਡੋਜ਼ਰ ? ਕੀ 5 ਸਾਲ ਦੀ ਬੱਚੀ ਜਾਣਦੀ ਵੀ ਹੈ ਕਿ ਮੁੱਖ ਮੰਤਰੀ ਕੀ ਬਲਾ ਹੈ ? ਕੀ ਵੱਡੇ ਵੀ ਖਿਡੌਣਿਆਂ ਨਾਲ ਖੇਡਦੇ ਹਨ ?

ਕੀ ਇਹ ਸੋਚਣਾ ਗਲਤ ਹੋਵੇਗਾ ਕਿ ਇਹ ਸਭ ਕੁਝ ਅਸਲ ਵਿੱਚ ਉਸਦੇ ਮਾਂ-ਬਾਪ ਦੇ ਦਿਮਾਗ ਦੀ ਉਪਜ ਰਹੀ ਹੋਵੇਗੀ ਜਾਂ ਖੁਦ ਮੁੱਖ ਮੰਤਰੀ ਦੇ ਪ੍ਰਚਾਰ ਵਿਭਾਗ ਨੇ ਬੱਚੀ ਨਾਲ ਇਹ ਮੁਲਾਕਾਤ ਅਤੇ ਉਸ ਦੁਆਰਾ ਮੁੱਖ ਮੰਤਰੀ ਨੂੰ ਬੁਲਡੋਜ਼ਰ ਦਾ ਤੋਹਫ਼ਾ ਦੇਣ ਦਾ ਪੂਰਾ ਘਟਨਾਕ੍ਰਮ ਆਯੋਜਿਤ ਕੀਤਾ ਹੋਵੇਗਾ ?

ਬੱਚੀ ਦੇ ਹੱਥੋਂ ਮੁੱਖ ਮੰਤਰੀ ਨੂੰ ਬੁਲਡੋਜ਼ਰ ਦਿਵਾਉਣ ਦਾ ਕੀ ਮਤਲਬ ਹੈ ? ਕੀ ਉਹ ਬੁਲਡੋਜ਼ਰ-ਰਾਜ ਦਾ ਸਮਰਥਨ ਕਰ ਰਹੀ ਹੈ ? ਜਾਂ ਉਹ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਦਾ ਵਿਰੋਧ ਕਰ ਰਹੀ ਹੈ ਜਿਸ ਵਿੱਚ ਉਸਨੇ ਬੁਲਡੋਜ਼ਰ-ਨਿਆਂ ’ਤੇ ਬ੍ਰੇਕ ਲਗਾਈ ਹੈ ?ਜੋ ਵੀ ਹੋਵੇ, ਬੱਚੀ ਦੇ ਹੱਥ ਵਿੱਚ ਬੁਲਡੋਜ਼ਰ ਦੇਖ ਕੇ ਬਹੁਤਿਆਂ ਨੂੰ ਝਟਕਾ ਲੱਗਾ। ਇੱਕ ਤੁੱਛ ਰਾਜਨੀਤਿਕ ਉਦੇਸ਼ ਲਈ ਬੱਚੀ ਦੀ ਵਰਤੋਂ ਲੋਕਾਂ ਨੂੰ ਬੁਰੀ ਲੱਗੀ। ਜਿਨ੍ਹਾਂ ਨੂੰ ਇਹ ਬੁਰਾ ਲੱਗਾ ਉਨ੍ਹਾਂ ਵਿੱਚ ਬਹੁਤੇ ਹਿੰਦੂ ਸਨ।

ਬੁਲਡੋਜ਼ਰ ਸ਼ਕਤੀ ਦਾ ਪ੍ਰਤੀਕ ਹੈ। ਹਿੰਦੂਤਵਵਾਦੀ ਰਾਜ ਵਿੱਚ ਗੈਰ-ਸੰਵਿਧਾਨਕ, ਗੈਰ-ਕਾਨੂੰਨੀ ਉੱਛਲਦੀ ਸ਼ਕਤੀ ਦਾ ਪ੍ਰਤੀਕ ! ਖਾਸ ਕਰਕੇ ਮੁਸਲਮਾਨਾਂ ਨੂੰ ਸਜ਼ਾ ਦੇਣ ਲਈ ਇਸਤੇਮਾਲ ਕੀਤੀ ਜਾਣ ਵਾਲੀ ਬੇਰਹਿਮ ਸ਼ਕਤੀ ਦਾ ਪ੍ਰਤੀਕ। ਪਿਛਲੇ 11-12 ਸਾਲਾਂ ਵਿੱਚ ਹੀ ਬੁਲਡੋਜ਼ਰ ਹਿੰਦੂਆਂ ਦੇ ਇੱਕ ਵੱਡੇ ਹਿੱਸੇ ਵਿੱਚ ਅਜਿਹੀ ਸ਼ਕਤੀ ਦੇ ਪ੍ਰਤੀਕ ਵਜੋਂ ਉੱਭਰਿਆ ਹੈ ਜੋ ਮੁਸਲਮਾਨਾਂ ਨੂੰ ਤਬਾਹ ਕਰਦੀ ਹੈ। ਸ਼ਕਤੀ ਦੇ ਇਸ ਪ੍ਰਤੀਕ ਨੂੰ ਪਿਆਰ ਦੇ ਤੋਹਫ਼ੇ ਵਜੋਂ ਇੱਕ ਬੱਚੀ ਦੇ ਹੱਥ ਵਿੱਚ ਦੇਖ ਕੇ ਆਪਣੇ ਦੇਸ਼ ਦੇ ਹਿੰਦੂਆਂ ਦੀ ਕਲਪਨਾਸ਼ੀਲਤਾ ਦੀ ਕੈਸੀ ਤਸਵੀਰ ਉੱਭਰਦੀ ਹੈ ?ਮਾਂ-ਬਾਪ ਆਪਣੇ ਬੱਚਿਆਂ ਨੂੰ ਸ਼ਕਤੀ ਦੀ ਕਿਸ ਕਲਪਨਾ ਦੀ ਸਿੱਖਿਆ ਜਾਂ ਦੀਖਿਆ ਦੇ ਰਹੇ ਹਨ ? ਇਹ ਜੋ ਹੁਣ ਬੱਚੀ ਤੋਂ ਕਰਵਾਇਆ ਜਾ ਰਿਹਾ ਹੈ, ਉਸ ਕਾਰਨ ਸ਼ਕਤੀ ਦੀ ਇਹੀ ਕਲਪਨਾ ਉਨ੍ਹਾਂ ਲਈ ਸੁਭਾਵਿਕ ਹੋ ਜਾਵੇ, ਕੀ ਇਹ ਅਸੰਭਵ ਹੈ ? ਬੱਚੇ ਮੰਨਣ ਲੱਗਣ ਕਿ ਬੁਲਡੋਜ਼ਰ ਨਾਲ ਮੁਸਲਮਾਨਾਂ ਦੇ ਘਰ ਤੋੜਨਾ, ਜ਼ਮੀਨਦੋਜ਼ ਕਰ ਦੇਣਾ ਬਿਲਕੁਲ ਸੁਭਾਵਿਕ ਹੈ ? ਉਹ ਖੁਦ ਹੀ ਇਸਦੀ ਮੰਗ ਕਰਨ ਲੱਗਣ ?ਬੱਚਿਆਂ ਦੇ ਦਿਮਾਗ ਵਿੱਚ ਸ਼ਕਤੀ ਦੀ ਇਹ ਨਵੀਂ ਕਲਪਨਾ ਘਰ ਕਰ ਸਕਦੀ ਹੈ। ਪੁਣੇ ਦੀ ਸੰਸਥਾ ‘ਲੋਕਾਇਤ’ ਦੀ ਇੱਕ ਮਿੱਤਰ ਨੇ ਬੱਚਿਆਂ ਨਾਲ ਆਪਣਾ ਇੱਕ ਅਨੁਭਵ ਦੱਸਿਆ। ਉਹ ਉਨ੍ਹਾਂ ਬੱਚਿਆਂ ਨਾਲ ਕੰਮ ਕਰਦੀ ਰਹੀ ਹੈ। ਇੱਕ ਦਿਨ ਪਿਕਨਿਕ ਤੋਂ ਬਾਅਦ ਉਨ੍ਹਾਂ ਨਾਲ ਪਰਤ ਰਹੀ ਸੀ। ਆਟੋ ਰਿਕਸ਼ਾ ਜਦੋਂ ਇੱਕ ਮਸਜਿਦ ਦੇ ਸਾਹਮਣੇ ਤੋਂ ਗੁਜ਼ਰਿਆ ਤਾਂ ਬੱਚਿਆਂ ਨੇ ਇਕੱਠੇ ਨਾਅਰਾ ਲਗਾਇਆ ‘ਜੈ ਸ਼੍ਰੀ ਰਾਮ !’ ਉਹ ਹੈਰਾਨ ਰਹਿ ਗਈ।

ਜੈ ਸ਼੍ਰੀ ਰਾਮ ਆਪਣੀ ਤਾਕਤ ਦਾ ਐਲਾਨ ਹੈ। ਉਹ ਰਾਮ ਪ੍ਰਤੀ ਸ਼ਰਧਾ ਦੀ ਬੇਨਤੀ ਨਹੀਂ। ਇਹ ਨਾਅਰਾ ਖਾਸ ਕਰਕੇ ਮੁਸਲਮਾਨਾਂ ਨੂੰ ਡਰਾਉਣ ਲਈ ਅਤੇ ਹਿੰਦੂਤਵਵਾਦੀ ਸ਼ਕਤੀ ਦੇ ਪ੍ਰਭੂਤਵ ਦੀ ਘੋਸ਼ਣਾ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਸ ਨਾਅਰੇ ਦੀ ਕਾਢ ਰਾਮ ਜਨਮ ਭੂਮੀ ਅੰਦੋਲਨ ਦੇ ਦਹਾਕੇ ਵਿੱਚ ਹੋਈ ਸੀ। ਬਾਬਰੀ ਮਸਜਿਦ ਦੇ ਢਾਹੇ ਜਾਣ ਦੀ ਯਾਦ ਇਸ ਨਾਅਰੇ ਵਿੱਚ ਵਸੀ ਹੋਈ ਹੈ। ਇਹ ਨਾਅਰਾ ਇੱਕ ਤਾਕਤ ਦਾ ਪ੍ਰਤੀਕ ਹੈ, ਪਰ ਉਹ ਤਾਕਤ ਦੂਜਿਆਂ ਨੂੰ ਤਕਲੀਫ਼ ਦੇਣ ਨਾਲ ਪੈਦਾ ਹੋਏ ਉਤਸ਼ਾਹ ਨਾਲ ਜੁੜੀ ਹੋਈ ਹੈ। ਜੈ ਸ਼੍ਰੀ ਰਾਮ ਇਹ ਨਾਅਰਾ ਹਿੰਦੂ ਜਿੰਨਾ ਖੁਦ ਲਗਾਉਂਦੇ ਹਨ, ਉਸ ਤੋਂ ਜ਼ਿਆਦਾ ਇਹ ਜ਼ਬਰਦਸਤੀ ਮੁਸਲਮਾਨਾਂ ਤੋਂ ਲਗਵਾਇਆ ਜਾਂਦਾ ਹੈ। ਇਹ ਮੁਸਲਮਾਨਾਂ ਦੇ ਅੱਗੇ, ਉਨ੍ਹਾਂ ਦੇ ਉੱਪਰ ਹਿੰਦੂਆਂ ਦੀ ਪ੍ਰਭੂਤਾ ਸਥਾਪਤ ਕਰਨ ਦੀ ਘੋਸ਼ਣਾ ਹੈ ।ਹਾਲ ਹੀ ਵਿੱਚ ਦੇਹਰਾਦੂਨ ਵਿੱਚ ਇੱਕ ਅਧਿਆਪਕ ਨਾਲ ਮੁਲਾਕਾਤ ਹੋਈ। ਉਹ ਪੰਛੀ-ਮਾਹਿਰ ਹਨ।

(ਬਾਕੀ ਸਫ਼ਾ 27 ’ਤੇ)

# ਖ਼ਤਰਨਾਕ ਮੋੜ ’ਤੇ ਪਹੁੰਚੀ ਇਰਾਨ-ਅਮਰੀਕਾ ਜੰਗ

**ਡਾ. ਸੁਰਿੰਦਰ ਮੰਡ**
(ਪ੍ਰੋਫ਼ੈਸਰ)

ਅਮਰੀਕੀ ਰਾਸ਼ਟਰਪਤੀ ਟਰੰਪ ਨੇ ਇਰਾਨ ਉੱਤੇ ਹਮਲੇ ਦੇ ਇੱਕ ਮਹੀਨੇ ਉਪਰੰਤ ਆਪਣੇ ਕੌਮ ਦੇ ਨਾਮ ਸੰਦੇਸ਼ ਵਿੱਚ ਐਲਾਨ ਕੀਤਾ ਕਿ ਇਰਾਨ ਨਾਲ ਜੰਗ ਜਿੱਤੀ ਪਈ ਹੈ ਤੇ ਬਸ ਦੋ ਤਿੰਨ ਹਫਤਿਆਂ ਤੱਕ ਹੋਰ ਚੱਲੇਗੀ।

ਉਸਨੇ ਇਰਾਨੀ ਨੇਵੀ, ਰਾਡਾਰ, ਹਵਾਈ ਤਾਕਤ, ਪ੍ਰਮਾਣੂ ਕੇਂਦਰ ਅਤੇ ਮਿਜ਼ਾਈਲ ਲਾਂਚ ਸਿਸਟਮ ਤਬਾਹ ਕਰ ਦੇਣ ਦਾ ਦਾਅਵਾ ਕੀਤਾ। ਫੜ੍ਹ ਵੀ ਮਾਰੀ ਕਿ ਇਰਾਨ 6 ਅਪ੍ਰੈਲ ਤੱਕ ਸਮਝੌਤੇ ਲਈ ਝੁਕੇ, ਨਹੀਂ ਤਾਂ ਬੰਬਾਰੀ ਨਾਲ ਪੱਥਰ ਯੁੱਗ ਵਿੱਚ ਪੁਚਾ ਦਿਆਂਗਾ ਪਰ ਟਰੰਪ ਨੇ ਆਪਣੇ ਸੰਬੋਧਨ ਵਿੱਚ ਇਰਾਨ ਅੰਦਰ ਕਿਸੇ ਤਰ੍ਹਾਂ ਦੇ ਗਰਾਊਂਡ ਉਪਰੇਸ਼ਨ ਕਰਨ ਦਾ ਨਾਮ ਨਹੀਂ ਸੀ ਲਿਆ ਅਤੇ ਹਾਰਮੂਜ਼ ਸਮੁੰਦਰੀ ਲਾਂਘਾ ਖੁਲ੍ਹਵਾਉਣ ਬਾਰੇ ਵੀ ਆਖਿਆ ਕਿ ਅਮਰੀਕਾ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ। ਜਿਨ੍ਹਾਂ ਨੇ ਓਧਰੋਂ ਲੰਘਣਾ ਜਾਂ ਤੇਲ ਲੰਘਾਉਣਾ ਉਹ ਕਰਨ ਜੋ ਕਰਨਾ। ਇਸ ਨਾਲ ਖਾੜੀ ਦੇ ਅਰਬ ਦੇਸ਼ਾਂ ਨੂੰ ਸਭ ਤੋਂ ਵੱਡਾ ਝਟਕਾ ਲੱਗਾ ਹੋਵੇਗਾ ਕਿਉਂਕਿ ਉਹਨਾਂ ਨੇ ਤਾਂ ਸਭ ਖੁਰਾਕੀ ਤੇ ਲੋੜ ਦਾ ਸਾਰਾ ਕੁਝ ਵੀ ਮੰਗਾਉਣਾ ਹੁੰਦਾ। ਉਹਨਾਂ ਨੂੰ ਤਾਂ ਆਪਣੀ ਧਰਤੀ ਉੱਤੇ ਅਮਰੀਕੀ ਫ਼ੌਜੀ ਅੱਡੇ ਬਣਵਾਉਣ ਕਾਰਨ ਹੀ ਜੰਗ ਦਾ ਸੇਕ ਲੱਗ ਰਿਹਾ, ਵਰਨਾ ਇਰਾਨ ਨਾਲ ਕੋਈ ਝਗੜਾ ਹੀ ਨਹੀਂ ਸੀ। ਟਰੰਪ ਨੇ ਇਹ ਵੀ ਕਿਹਾ ਕਿ ਇਰਾਨ ਸਰਕਾਰ ਬਦਲਨੀ ਸਾਡਾ ਮਕਸਦ ਹੀ ਨਹੀਂ ਸੀ। ਸੁਣਕੇ ਲੱਗਾ ਜਿਵੇਂ ਪਹਿਲਾਂ ਵੀ ਤੇ ਹੁਣ ਵੀ ਇਰਾਨ ਨੂੰ ਸਿਰਫ ਤਬਾਹ ਕਰਨਾ ਹੀ ਜੰਗ ਦਾ ਅਸਲੀ ਮਕਸਦ ਹੋਵੇ।

ਟਰੰਪ ਦੇ ਸੰਬੋਧਨ ਉਪਰੰਤ ਦੋਵਾਂ ਪਾਸਿਓਂ ਹਮਲੇ ਹੋਰ ਪ੍ਰਚੰਡ ਹੋ ਗਏ ਹਨ। ਜਾਨੀ ਮਾਲੀ ਨੁਕਸਾਨ ਵਧਿਆ ਹੈ। 18 ਅਮਰੀਕੀ ਕੰਪਨੀਆਂ ਉੱਤੇ ਖਾੜੀ ਦੇਸ਼ਾਂ ਵਿੱਚ ਹਮਲੇ ਕਾਰਨ ਇਮਾਰਤਾਂ ਖਾਲੀ ਹੋ ਗਈਆਂ ਹਨ। ਇਜ਼ਰਾਇਲ ਅਮਰੀਕਾ 200 ਜਹਾਜ਼ਾਂ ਨਾਲ ਲਗਾਤਾਰ ਵਿਨਾਸ਼ਕਾਰੀ ਹਮਲੇ ਕਰ ਰਹੇ ਹਨ, ਜਦਕਿ ਇਰਾਨ, ਲਿਬਨਾਨੀ ਹਿਜ਼ਬੁੱਲਾ ਅਤੇ ਯਮਨ ਦੇ ਹੂਤੀ ਮੋੜਵਾਂ ਮਾਰੂ ਜਵਾਬ ਦੇ ਕੇ ਹੈਰਾਨ ਕਰ ਰਹੇ ਹਨ। ਇੱਕ ਦਿਨ ਵਿੱਚ ਹੀ ਅਮਰੀਕਾ ਦੇ ਚਾਰ ਲੜਾਕੂ ਜਹਾਜ਼ ਅਤੇ ਤਿੰਨ ਹੈਲੀਕਾਪਟਰ ਇਰਾਨ ਨੇ ਮਾਰ ਗਿਰਾਏ ਹਨ। ਇਰਾਨ ਦੁਆਲੇ ਅਮਰੀਕੀ ਫ਼ੌਜੀ ਜਮਾਵੜਾ, ਹਮਲੇ ਅਤੇ ਤਬਾਹੀ ਵੀ ਜਾਰੀ ਹੈ।



ਇਸਲਾਮਾਬਾਦ ਸਮਝੌਤਾ ਵਾਰਤਾ ਦੀ ਚਰਚਾ ਫਿਲਹਾਲ ਠੱਪ ਹੈ। ਇਸਰਾਈਲ ਤਾਂ ਪਹਿਲਾਂ ਤੋਂ ਹੀ ਇਰਾਨ ਨਾਲ ਕਿਸੇ ਵੀ ਸਮਝੌਤੇ ਦਾ ਸਖ਼ਤ ਵਿਰੋਧੀ ਹੈ, ਤੇ ਅਮਰੀਕੀ ਸ਼ਮੂਲੀਅਤ ਵਾਲੀ ਇਸ ਜੰਗ ਨੂੰ ਇਰਾਨ ਦੀ ਤਬਾਹੀ ਦੇ ਇੱਕ ਸੁਨਹਿਰੀ ਮੌਕੇ ਵਜੋਂ ਵੇਖ ਰਿਹਾ। ਇਰਾਨ ਅਗਾਂਹ ਲਈ ਸੁਰੱਖਿਆ ਗਰੰਟੀ ਅਤੇ ਆਪਣੇ ਬਾਬਤ ਹਰ ਪੱਖੋਂ ਨਿਆਈਂ ਵਤੀਰੇ ਤੋਂ ਬਿਨਾ ਸਮਝੌਤਾ ਨਹੀਂ ਕਰਨਾ ਚਹੁੰਦਾ। ਮੇਰਾ ਖਿਆਲ ਕਿ ਇਰਾਨ ਦਾ ਅਮਰੀਕਾ ਨਾਲ ਤਾਂ ਕਦੀ ਨਾ ਕਦੀ ਸਮਝੌਤਾ ਹੋ ਸਕਦਾ, ਪਰ ਨੇਤਨਯਾਹੂ ਦੇ ਹੁੰਦਿਆਂ ਇਜ਼ਰਾਇਲ ਨਾਲ ਸੰਭਵ ਨਹੀਂ।

ਇੰਝ ਦੋਵੇਂ ਧਿਰਾਂ ਆਪਸੀ ਸਹਿਮਤੀ ਬਣਨ ਪੱਖੋਂ ਉਸ ਤੋਂ ਵੀ ਦੂਰ ਚਲੇ ਗਈਆਂ ਹਨ, ਜਿੱਥੇ ਜੰਗ ਲੱਗਣ ਤੋਂ ਪਹਿਲਾਂ ਸਨ। ਬੇਵਿਸ਼ਵਾਸੀ ਸਿਖਰ ਉੱਤੇ ਹੈ। ਜੰਗ ਹਰ ਤਰ੍ਹਾਂ ਦੀਆਂ ਹੱਦਾਂ ਲੰਘ ਜਾਣ ਵਾਲੇ ਪਾਸੇ ਤੁਰਦੀ ਦਿੱਸਦੀ ਹੈ।

ਅਮਰੀਕਾ ਦੀ ‘ਬਿਊਰੋ ਆਫ ਕਾਊਂਟਰ ਟੈਰਿਰਿਜ਼ਮ’ ਦੇ ਮੁਖੀ ਕੈਂਟ ਨੇ ਵੀ ਇਹ ਆਖ ਕੇ ਅਸਤੀਫਾ ਦੇ ਚੁੱਕਾ ਕਿ ਇਰਾਨ ਕੋਲੋਂ ਅਮਰੀਕਾ ਨੂੰ ਕੋਈ ਖ਼ਤਰਾ ਨਹੀਂ ਸੀ, ਇਰਾਨ ਉੱਤੇ ਹਮਲਾ ਟਰੰਪ ਤੇ ਨੇਤਨਯਾਹੂ ਦੀ ਜ਼ਿਆਦਤੀ ਹੈ,

ਇਹ ਅਮਰੀਕਾ ਦੇ ਹਿੱਤ ਵਿੱਚ ਨਹੀਂ। ਦੁਨੀਆਂ ਦੇ 100 ਪ੍ਰਮੁੱਖ ਕਾਨੂੰਨੀ ਮਾਹਰਾਂ ਨੇ ਸਾਂਝਾ ਬਿਆਨ ਦਿੱਤਾ ਹੈ ਕਿ ਅਮਰੀਕਾ ਇਜ਼ਰਾਇਲ ਵੱਲੋਂ ਇਹ ਹਮਲਾ ਯੂ.ਐਨ ਚਾਰਟਰ ਦੀ ਘੋਰ ਉਲੰਘਣਾ ਹੈ।

ਮੈਂ ਇੱਕ ਲੇਖ ‘ਏਸ਼ੀਆ ਵਿੱਚ ਦਨਦਨਾਉਂਦਾ ਅਮਰੀਕੀ ਸਾਮਰਾਜ’ ਵਿੱਚ ਹੀ ਲਿਖਿਆ ਸੀ ਕਿ ਇਹ ਖਿੱਤਾ ਤੇਲ ਭੰਡਾਰਾਂ ਨਾਲ ਮਾਲਾਮਾਲ ਹੈ.... ਇਸ ਖਿੱਤੇ ਵਿੱਚ ਹਰ ਤਰ੍ਹਾਂ ਦੀ ਫ਼ੌਜੀ ਚੁਣੌਤੀ ਨੂੰ ਉੱਗਣ ਨਾ ਦੇਣਾ ਅਮਰੀਕਾ ਦੀ ਯੁੱਧ ਨੀਤੀ ਹੈ। ਕੋਈ ਵੱਡੀ ਗੱਲ ਨਹੀਂ ਜੇ ਇਰਾਕ ਉੱਤੇ ਹਮਲੇ ਤੋਂ ਬਾਅਦ ਇਰਾਨ, ਉੱਤਰੀ ਕੋਰੀਆ, ਜਾਂ ਲੀਬੀਆ ਉੱਤੇ ਵੀ ਹਮਲਾ ਕਰ ਦਿੱਤਾ ਜਾਵੇ।

ਸੋਵੀਅਤ ਯੂਨੀਅਨ ਦੇ 15 ਦੇਸ਼ਾਂ ਵਿੱਚ ਵੰਡੇ ਜਾਣ ਉਪਰੰਤ 1992 ਵਿੱਚ ਅਮਰੀਕਾ ਦੇ ਰਾਸ਼ਟਰਪਤੀ ਜਾਰਜ ਬੁਸ਼ ਨੇ ਆਪਣੀ ਪਾਰਲੀਮੈਂਟ ਵਿੱਚ ਐਲਾਨ ਕੀਤਾ ਸੀ ਕਿ, ਜਦੋਂ ਮੈਂ ਅਮਰੀਕਾ ਦਾ ਪ੍ਰਧਾਨ ਬਣਿਆਂ ਸੀ ਤਾਂ ਦੁਨੀਆਂ ਵਿੱਚ ਦੋ ਮਹਾਂਸ਼ਕਤੀਆਂ ਸਨ। ਮੈਂ ਫ਼ਖ਼ਰ ਨਾਲ ਐਲਾਨ ਕਰ ਰਿਹਾ ਹਾਂ ਕਿ ਦੂਜੀ ਮਹਾਂਸ਼ਕਤੀ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਹੁਣ ਅਮਰੀਕਾ ਹੀ ਇਕੋ ਇੱਕ ਮਹਾਂਸ਼ਕਤੀ ਹੈ।

‘ਇਕੋ ਇੱਕ ਮਹਾਂਸ਼ਕਤੀ’ ਹੋਣ ਵਾਲਾ ਨਸ਼ਾ ਟਰੰਪ ਦੇ ਆਉਣ ਤੋਂ ਬਾਅਦ ਤਾਂ ਏਨਾ ਸਿਰ ਨੂੰ ਚੜ੍ਹ ਗਿਆ ਕਿ ਆਪਣੇ ਫ਼ੌਜੀ ਗਠਜੋੜ ‘ਨਾਟੋ’ ਦੇ ਮੈਂਬਰ ਦੇਸ਼ਾਂ (ਗਰੀਨਲੈਂਡ, ਕੈਨੇਡਾ) ਉੱਤੇ ਕਬਜ਼ਾ ਕਰ ਲੈਣ ਦੇ ਬਿਆਨ, ਦੁਨੀਆਂ ਉੱਤੇ ਇਕਪਾਸੜ ਟੈਰਿਫ ਵਧਾਉਣ ਦੇ ਚਲਨ ਨੇ ‘ਨਾਟੋ’ ਗਠਜੋੜ ਨੂੰ ਅੰਦਰੋਂ ਕਮਜ਼ੋਰ ਕਰ ਦਿੱਤਾ ਹੈ। ਏਸੇ ਲਈ ਟਰੰਪ ਦੀਆਂ ਵਾਰ ਵਾਰ ਅਪੀਲਾਂ ਦੇ ਬਾਵਜੂਦ ਕੋਈ ਵੀ ‘ਨਾਟੋ’ ਦੇਸ਼ ਅਮਰੀਕਾ ਨਾਲ ਇਰਾਨ ਵਿਰੁੱਧ ਲੜਨ ਲਈ ਨਹੀਂ ਆਇਆ। ਸਗੋਂ ਫਰਾਂਸ, ਸਪੇਨ, ਇਟਲੀ, ਜਰਮਨ, ਇੰਗਲੈਂਡ, ਸਵਿਟਜ਼ਰਲੈਂਡ, ਜਪਾਨ, ਆਸਟ੍ਰੇਲੀਆ ,ਆਸਟ੍ਰੀਆ ਨੇ ਆਖਿਆ ਕਿ ਇਹ ਸਾਡੀ ਜੰਗ ਨਹੀਂ। ਇਟਲੀ ਨੇ ਤਾਂ ਅਮਰੀਕੀ ਜਹਾਜ਼ ਆਪਣੀ ਧਰਤੀ ’ਤੇ ਨਹੀਂ ਉਤਰਨ ਦਿੱਤੇ।

ਅਮਰੀਕਾ ਨੇ ਵੀ ਅੱਗੋਂ ਆਖ ਦਿੱਤਾ ਕਿ ਯੂਕ੍ਰੇਨ ਵੀ ਫਿਰ ਸਾਡੀ ਜੰਗ ਨਹੀਂ। ਸ਼ਾਇਦ ਹੁਣ ‘ਨਾਟੋ’ ਦਾ ਵਜੂਦ ਪਹਿਲਾਂ ਵਾਲਾ ਨਹੀਂ ਰਹਿ ਸਕੇਗਾ। ਸਿਆਸੀ ਪੱਖੋਂ ਇਹ ਜੰਗ ਅਮਰੀਕਾ ਨੂੰ ਸਭ ਤੋਂ ਵੱਧ ਮਹਿੰਗੀ ਪਵੇਗੀ।

ਆਮ ਲੋਕ ਸੋਚਦੇ ਕਿ ਜੇ ਪ੍ਰਮਾਣੂ ਬੰਬਾਂ ਨਾਲ ਲੈਸ ਮੁਲਕਾਂ ਨੇ ਇਹ ਧੌਂਸ ਵਖਾ ਕੇ ਦੂਜੇ ਮੁਲਕਾਂ ਦਾ ਇਰਾਨ ਵਾਲਾ ਹਾਲ ਕਰਨਾ ਹੈ, ਤਾਂ ਫਿਰ ‘ਮਰਦਾ ਕੀ ਨਹੀਂ ਕਰਦਾ’ ਦੇ ਅਖਾਣ ਮੁਤਾਬਕ ਉਹਨਾਂ ਕੋਲ ਵੀ ਅੱਗੋਂ ਉੱਤਰੀ ਕੋਰੀਆ ਵਾਂਗ ਐਟਮ ਬੰਬ ਬਣਾ ਕੇ ਆਪਣਾ ਬਚਾਅ ਕਰ ਲੈਣ ਤੋਂ ਸਿਵਾ ਹੋਰ ਚਾਰਾ ਵੀ ਕੀ ਹੈ ਟਰੰਪ ਤਾਂ ਕਹਿ ਚੁੱਕਾ ਕਿ ਜ਼ਰਾ ਕੁ ਇੰਤਜ਼ਾਰ ਕਰੋ, ਇਰਾਨੀ ਤੇਲ ਵੀ ਸਾਡਾ ਹੋਵੇਗਾ।

ਇਜ਼ਰਾਇਲ ਇਸ ਜੰਗ ਦੀ ਆੜ ਵਿੱਚ ‘ਗਰੇਟਰ ਇਜ਼ਰਾਇਲ’ ਅਜੰਡੇ ਤਹਿਤ ਲਿਬਨਾਨ ਦੇ ਦੱਖਣੀ ਇਲਾਕੇ ਉੱਤੇ ‘ਲਿਤਾਨੀ’ ਦਰਿਆ ਜੋ ਇਜ਼ਰਾਇਲੀ ਹੱਦ ਤੋਂ 30 ਕਿਲੋਮੀਟਰ ਦੂਰ ਹੈ, ਤਕ ਕਬਜ਼ਾ ਕਰਨ ਲਈ ਵੀ ਹਮਲੇ ਕਰ ਰਿਹਾ ਹੈ। ਇਜ਼ਰਾਇਲ ਦੀ ਸਰਕਾਰ ਨੇ ਨਵਾਂ ਕਨੂੰਨ ਪਾਸ ਕੀਤਾ ਹੈ ਕਿ ਹਿਰਾਸਤ ਵਿਚਲੇ ਸਜ਼ਾਯਾਫ਼ਤਾ ਲੋਕਾਂ (ਯਹੂਦੀਆਂ ਨੂੰ ਨਹੀਂ) ਨੂੰ 90 ਦਿਨਾਂ ਦੇ ਅੰਦਰ ਅੰਦਰ ਫ਼ਾਂਸੀ ਦੇ ਦਿੱਤੀ ਜਾ ਸਕੇਗੀ। ਇਸ ਨਸਲੀ ਜਬਰ ਉੱਤੇ ਯੂਰਪੀ ਦੇਸ਼ ਵੀ ਭੜਕ ਗਏ ਹਨ। ਸਭ ਮੁਸਲਿਮ ਦੇਸ਼ ਡਹਿੰਬਰੇ ਤੇ ਚੁੱਪ ਹਨ। ਇਜ਼ਰਾਇਲ ਆਸ ਪਾਸ ‘ਪੁਆੜੇ ਦੀ ਜੜ੍ਹ’ ਮੁਲਕ ਵਾਂਗ ਹਰਕਤਾਂ ਕਰ ਰਿਹਾ।

ਜਦਕਿ ਇਰਾਨ ਵਾਸਤੇ ਇਹ ਥੋਪੀ ਗਈ ਜੰਗ ਲੜਨਾ ਆਪਣੀ ਹੋਂਦ ਅਤੇ ਅਣਖ ਨੂੰ ਬਚਾਉਣ ਦਾ ਕੌਮੀ ਯੁੱਧ ਬਣ ਗਿਆ ਹੈ। ਇਰਾਨ ਦੇ ਹੌਸਲੇ ਬੁਲੰਦ ਹਨ। ਇਜ਼ਰਾਇਲੀ ਜਨਤਾ ਇੱਕ ਤਰ੍ਹਾਂ ਬੰਕਰਾਂ ਵਿੱਚ ਹੈ। ਇੱਕ ਕਰੋੜ ਅਮਰੀਕੀ ਜਨਤਾ ਜੰਗ ਵਿਰੋਧੀ ਮੁਜਾਹਰਿਆਂ ਵਿੱਚ ਸ਼ਾਮਲ ਹੋਈ ਹੈ। ਤਾਜ਼ੀ ਖ਼ਬਰ ਕਿ ਟਰੰਪ ਨੇ ਅਮਰੀਕੀ ਸੈਨਾਵਾਂ ਦੇ ਮੁਖੀ ਰੈਂਡੀ ਜਾਰਜ਼ ਅਤੇ ਸੋਲਿਸਟਰ ਜਨਰਲ ਪਾਮ ਬੈਂਡੀ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਹੈ। ਅਹੁਦਿਓਂ ਹਟਾਏ ਫ਼ੌਜ ਮੁਖੀ ਨੇ ਟਰੰਪ ਉੱਤੇ ਨਿਸ਼ਾਨਾ ਸਾਧਦਿਆਂ ਪੱਤਰ ਲਿਖਿਆ ਹੈ ਕਿ ਅਮਰੀਕੀ ਸੈਨਾਵਾਂ ਦਾ ਸੁਪਰੀਮ ਕਮਾਂਡਰ ਚਰਿੱਤਰਵਾਨ ਹੋਣਾ ਚਾਹੀਦਾ ਹੈ।

(ਬਾਕੀ ਸਫ਼ਾ 27 ’ਤੇ)




# ਗਲੋਬਲ ਵਾਰਮਿੰਗ ਕਾਰਨ ਬਦਲ ਰਿਹੈ 'ਰੁੱਤਾਂ ਦਾ ਚੱਕਰ'

## ਤੈਨੂੰ ਕਿੱਥੇ ਲੁਕੋ ਕੇ ਰੱਖ ਲਵਾਂ ਕਣਕੇ ਨੀ, ਰੁੱਤ ਬੇਈਮਾਨ ਹੋ ਗਈ




ਜਗਮੋਹਨ ਸਿੰਘ 'ਲੱਕੀ'
9463819174

**ਹੁਣ ਸਵਾਲ ਇਹ ਪੈਦਾ ਹੁੰਦੇ ਹਨ ਕਿ ਰੁੱਤਾਂ ਦੇ ਇਸ ਬਦਲਦੇ ਚੱਕਰ ਦਾ ਕਾਰਨ ਕੀ ਹੈ ? ਅਤੇ ਇਸ ਲਈ ਕੌਣ ਜ਼ਿੰਮੇਵਾਰ ਹੈ ? ਇੱਕ ਦਮ ਹੀ ਘੱਟਦੇ ਵਧਦੇ ਤਾਪਮਾਨ ਦੇ ਲੰਬੇ ਸਮੇਂ ਦੇ ਨਤੀਜੇ ਕੀ ਹੋਣਗੇ ? ਤਾਪਮਾਨ ਨੂੰ ਕੰਟਰੋਲ ਕਰਨ ਲਈ ਕਿਹੜੇ ਕਦਮ ਚੁੱਕਣੇ ਚਾਹੀਦੇ ਹਨ ?**

ਨਾਨਕਸ਼ਾਹੀ ਕੈਲੰਡਰ ਅਨੁਸਾਰ ਇਸ ਸਮੇਂ 'ਚੇਤ' ਦਾ ਮਹੀਨਾ ਚੱਲ ਰਿਹਾ ਹੈ ਪਰ ਹਰ ਦਿਨ ਬਦਲਦੇ ਮੌਸਮ, ਕਦੇ ਤੇਜ਼ ਧੁੱਪ, ਹੁੰਮਸ, ਕਦੇ ਪੈਂਦੀ ਬਰਸਾਤ, ਵਰ੍ਹਦੇ ਗੜੇ, ਅਸਮਾਨ 'ਚ ਚੜ੍ਹਦੀਆਂ ਕਾਲੀਆਂ ਘਟਾਵਾਂ, ਤੇਜ਼ ਹਨੇਰੀਆਂ ਅਤੇ ਵਾਵਰੋਲਿਆਂ ਕਾਰਨ ਚੇਤ ਮਹੀਨੇ ਨੇ ਕਿਸਾਨੀ ਦੀ ਜਾਨ ਮੁੱਠੀ ਵਿੱਚ ਕੀਤੀ ਹੋਈ ਹੈ। ਕਾਰਨ ਇਹ ਹੈ ਕਿ ਹਾੜ੍ਹੀ ਦੀ ਫ਼ਸਲ ਕਣਕ, ਛੋਲੇ, ਮਸਰ ਸਰ੍ਹੋਂ ਤੇ ਹੋਰ ਕਈ ਫ਼ਸਲਾਂ ਮੰਡੀ ਵਿੱਚ ਆਉਣ ਦੇ ਲਈ ਪੱਕ ਕੇ ਬਿਲਕੁਲ ਤਿਆਰ ਹਨ। ਮੌਸਮ ਦਾ ਬਦਲਦਾ ਮਿਜ਼ਾਜ ਕਿਸਾਨੀ ਦੇ ਮੱਥੇ ਦੇ ਉੱਤੇ ਤਰੇਲੀਆ ਲਿਆ ਦਿੰਦਾ ਹੈ। ਕਹਿਣ ਨੂੰ ਤਾਂ ਕੁਝ ਲੋਕ ਜੋ ਖੇਤੀ ਨਾਲ ਸਬੰਧ ਨਹੀਂ ਰੱਖਦੇ, ਕਹਿ ਦਿੰਦੇ ਨੇ ਕਿ ਸਾਉਣ ਮਹੀਨੇ ਵਰਗਾ ਮੌਸਮ ਹੋ ਗਿਆ ਹੈ ਪਰ ਮੌਸਮ ਦਾ ਪਲ ਪਲ ਬਦਲਣਾ ਕਿਸਾਨੀ ਤੋਂ ਲੈ ਕੇ ਹਰ ਛੋਟੇ ਦੁਕਾਨਦਾਰ ਤੱਕ ਲਈ ਚਿੰਤਾ ਦਾ ਵਿਸ਼ਾ ਹੈ। ਵਿਗਿਆਨੀਆਂ ਦਾ ਪੱਖ ਹੈ ਕਿ ਮੌਸਮ ਵਿੱਚ ਆ ਰਿਹਾ ਬਦਲਾਓ ਗਲੋਬਲ ਵਾਰਮਿੰਗ ਦਾ ਸੂਚਕ ਹੈ। ਧਰਤੀ 'ਤੇ ਫੈਲ ਰਹੇ ਪ੍ਰਦੂਸ਼ਨ ਕਾਰਨ ਬੜੇ ਭਿਆਨਕ ਨਤੀਜੇ ਨਿਕਲ ਰਹੇ ਹਨ।

ਇਸ ਵਾਰ ਚੇਤ ਮਹੀਨੇ ਦੌਰਾਨ ਮੌਸਮ ਗਰਮ ਹੋਣ ਦੀ ਥਾਂ ਅਕਸਰ ਸਾਵਣ ਦੇ ਮਹੀਨੇ ਵਾਂਗ ਛਮ ਛਮ ਬਰਸਾਤ ਪੈਣ ਲੱਗਦੀ ਹੈ। ਬੱਦਲਾਂ ਦੀ ਗੜਗੜਾਹਟ ਦੇ ਨਾਲ ਠੰਡੀਆਂ- ਠੰਡੀਆਂ ਤੇ ਸਿੱਲ੍ਹੀਆਂ- ਸਿੱਲ੍ਹੀਆਂ ਹਵਾਵਾਂ ਜਦੋਂ ਰੁਮਕਦੀਆਂ ਹਨ ਤਾਂ ਮੋਰ ਖੁਸ਼ੀ 'ਚ ਪੈਲਾਂ ਪਾਉਣ ਲੱਗਦੇ ਹਨ, ਕੋਇਲ ਮਧੁਰ ਆਵਾਜ਼ ਵਿੱਚ ਗੀਤ ਗਾਉਂਦੀ ਹੈ ਅਤੇ ਚਿੜੀਆਂ ਗੁਟਾਰਾਂ ਦੀ ਚੀਂ ਚੀਂ ਸਭ ਦਾ ਮਨ ਮੋਹ ਲੈਂਦੀ ਹੈ। ਸ਼ਹਿਰੀ ਇਲਾਕਿਆਂ 'ਚ ਨੌਜਵਾਨ ਕੁੜੀਆਂ ਬਰਸਾਤ 'ਚ ਭਿੱਜਦਿਆਂ ਰੀਲਾਂ ਬਣਾ ਕੇ ਸੋਸ਼ਲ ਮੀਡੀਆ 'ਤੇ ਪਾਉਂਦੀਆ ਹਨ ਅਤੇ ਖੁਸ਼ੀ 'ਚ ਝੂਮਦੀਆਂ ਹਨ। ਬਰਸਾਤੀ ਮੌਸਮ ਦਾ ਆਨੰਦ ਮਾਣਦਿਆਂ ਸ਼ਹਿਰਾਂ ਦੇ ਆਮ ਘਰਾਂ ਵਿੱਚ ਪਕੌੜੇ ਅਤੇ ਹੋਰ ਪਕਵਾਨ ਬਣਾਏ ਜਾਂਦੇ ਹਨ ਜਦੋਂਕਿ ਬਰਸਾਤ ਸਮੇਂ ਪੇਂਡੂ ਇਲਾਕਿਆਂ ਦੇ ਲੋਕਾਂ ਦੇ ਚਿਹਰਿਆਂ 'ਤੇ ਉਦਾਸੀ ਛਾ ਜਾਂਦੀ ਹੈ। ਧਰਤੀ 'ਤੇ ਫੈਲ ਰਹੇ ਪ੍ਰਦੂਸ਼ਨ ਕਾਰਨ ਅਤੇ ਆ ਰਹੇ ਵਾਤਾਵਰਣਿਕ ਵਿਗਾੜ ਕਾਰਨ ਰੁੱਤਾਂ ਦਾ ਚੱਕਰ ਬਦਲ ਰਿਹਾ ਹੈ, ਜਿਸ ਕਾਰਨ ਬੇਮੌਸਮੀ ਬਰਸਾਤ ਹੋਣ ਲੱਗਦੀ ਹੈ, ਜਿਸ ਕਾਰਨ ਫ਼ਸਲਾਂ ਦਾ ਭਾਰੀ ਨੁਕਸਾਨ ਹੁੰਦਾ ਹੈ।





ਲੰਘੇ ਦਿਨੀਂ ਚੇਤ ਮਹੀਨੇ ਦੌਰਾਨ ਪਏ ਮੀਂਹ ਅਤੇ ਗੜਿਆਂ ਕਾਰਨ ਖੇਤਾਂ ਵਿੱਚ ਪੈਲਾਂ ਪਾਉਂਦੀਆਂ ਕਣਕ ਦੀਆਂ ਫ਼ਸਲਾਂ ਧਰਤੀ 'ਤੇ ਵਿੱਛ ਗਈਆਂ ਹਨ। ਇਹਨਾਂ ਫ਼ਸਲਾਂ ਦੇ ਮੁਰਝਾਉਣ ਨਾਲ ਕਿਸਾਨਾਂ ਦੇ ਚਿਹਰੇ ਵੀ ਮੁਰਝਾਅ ਗਏ ਹਨ। ਜਿਹੜੇ ਕਿਸਾਨ ਕੁਝ ਦਿਨ ਪਹਿਲਾਂ ਖੇਤਾਂ ਵਿੱਚ ਹਰ ਪਾਸੇ ਕਣਕ ਦੀ ਲਹਿਲਹਾਉਂਦੀ ਫ਼ਸਲ ਵੇਖ ਕੇ ਖੁਸ਼ੀ 'ਚ ਖੀਵੇ ਹੋ ਰਹੇ ਸਨ, ਹੁਣ ਬਰਸਾਤ ਪੈ ਜਾਣ ਕਾਰਨ ਉਹਨਾਂ ਕਿਸਾਨਾਂ ਦੇ ਚਿਹਰਿਆਂ 'ਤੇ ਚਿਤਾਵਾਂ ਦੀਆਂ ਡੂੰਘੀਆਂ ਲਕੀਰਾਂ ਉਭਰ ਆਈਆਂ ਹਨ। ਪਹਿਲਾਂ ਕਿਸਾਨਾਂ ਨੂੰ ਕਣਕ ਦੇ ਚੰਗੇ ਝਾੜ ਅਤੇ ਬੰਪਰ ਪੈਦਾਵਾਰ ਦੀ ਉਮੀਦ ਸੀ ਪਰ ਬਰਸਾਤ ਅਤੇ ਗੜੇਮਾਰੀ ਕਾਰਨ ਦਿਨ ਦਿਹਾੜੇ ਕਿਸਾਨਾਂ ਦੇ ਸੁਪਨੇ ਚਕਨਾਚੂਰ ਹੋ ਗਏ ਹਨ। ਚੇਤ (ਮਾਰਚ-ਅਪ੍ਰੈਲ ) ਮਹੀਨੇ ਨੂੰ ਆਮ ਤੌਰ 'ਤੇ ਗਰਮੀ ਦਾ ਮਹੀਨਾ ਮੰਨਿਆ ਜਾਂਦਾ ਹੈ। ਇਸ ਮਹੀਨੇ ਸਰਦੀ ਚਲੀ ਜਾਂਦੀ ਹੈ ਅਤੇ ਗਰਮੀ ਦੀ ਰੁੱਤ ਦੀ ਆਮਦ ਹੋ ਜਾਂਦੀ ਹੈ ਪਰ ਇਸ ਵਾਰ ਤਾਂ ਚੇਤ ਮਹੀਨੇ ਵਿੱਚ ਵੀ ਸਰਦੀ ਦਾ ਅਹਿਸਾਸ ਹੋ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਆਲਮੀ ਤਪਸ਼ ਕਾਰਨ ਆਈਆਂ ਮੌਸਮੀ ਤਬਦੀਲੀਆਂ ਕਾਰਨ ਰੁੱਤਾਂ ਦਾ ਚੱਕਰ ਵੀ ਬਦਲ ਰਿਹਾ ਹੈ।



ਵਿਗਿਆਨੀ ਕਹਿੰਦੇ ਹਨ ਕਿ ਗਲੋਬਲ ਵਾਰਮਿੰਗ ਲਈ ਜ਼ਿੰਮੇਵਾਰ ਇਨਸਾਨ ਖੁਦ ਹਨ। ਅਸੀਂ ਸਾਰੀ ਧਰਤੀ ਉੱਤੇ ਗਰਮੀ ਦੇ ਟਾਪੂ ਬਣਾਏ ਹਨ। ਇਹ ਤਾਪ ਟਾਪੂ ਉਹ ਸ਼ਹਿਰ ਹਨ ਜਿੱਥੇ ਸਭ ਤੋਂ ਵੱਧ ਉਦਯੋਗਿਕ ਕਾਰਖ਼ਾਨੇ ਹਨ। ਜਿਵੇਂ ਹੀ ਸੂਰਜ ਚੜ੍ਹਦਾ ਹੈ, ਤਾਪਮਾਨ ਅਚਾਨਕ ਕੁਝ ਸਮੇਂ ਲਈ ਵੱਧ ਜਾਂਦਾ ਹੈ ਅਤੇ ਫਿਰ ਸੂਰਜ ਦੇ ਚੜ੍ਹਦੇ ਹੀ ਵਧਦਾ ਹੈ। ਇੰਨਾ ਹੀ ਨਹੀਂ ਇਨ੍ਹਾਂ ਟਾਪੂਆਂ ਤੋਂ ਸਭ ਤੋਂ ਵੱਧ ਕਾਰਬਨ ਨਿਕਾਸੀ ਹੋ ਰਹੀ ਹੈ। ਇਸ ਤੋਂ ਇਲਾਵਾ ਸੜਕਾਂ 'ਤੇ ਖੜ੍ਹੇ ਵਾਹਨ, ਉਸਾਰੀ ਦਾ ਕੰਮ, ਦਰਖਤਾਂ ਦੀ ਅੰਨ੍ਹੇਵਾਹ ਕਟਾਈ ਆਦਿ ਵੀ ਮੁੱਖ ਕਾਰਨ ਹਨ। ਇਹ ਸਾਰੇ ਕਾਰਨ ਗਲੋਬਲ ਵਾਰਮਿੰਗ ਲਈ ਜ਼ਿੰਮੇਵਾਰ ਹਨ।

ਵਿਗਿਆਨੀ ਕਹਿੰਦੇ ਹਨ ਕਿ ਗਲੋਬਲ ਵਾਰਮਿੰਗ ਨੂੰ ਗਲੋਬਲ ਤਾਪਮਾਨ ਵਿੱਚ ਵਾਧਾ ਕਿਹਾ ਜਾਂਦਾ ਹੈ। ਗਲੋਬਲ ਵਾਰਮਿੰਗ ਕਾਰਨ ਮੌਸਮ ਵਿੱਚ ਅਨਿਸ਼ਚਿਤ ਤਬਦੀਲੀਆਂ ਆ ਰਹੀਆਂ ਹਨ ਅਤੇ ਮਨੁੱਖਾਂ, ਹੋਰ ਜੀਵ ਜੰਤੂਆਂ ਅਤੇ ਵਾਤਾਵਰਣ ਉੱਤੇ ਸਿੱਧਾ ਮਾੜਾ ਪ੍ਰਭਾਵ ਪੈ ਰਿਹਾ ਹੈ। ਗ੍ਰੀਨਹਾਉਸ ਪ੍ਰਭਾਵ ਗਲੋਬਲ ਵਾਰਮਿੰਗ ਦੁਆਰਾ ਸੰਤੁਲਿਤ ਹੈ। ਇਸ ਵਿੱਚ ਕਾਰਬਨ ਡਾਈਆਕਸਾਈਡ, ਮੀਥੇਨ ਅਤੇ ਜਲ ਵਾਸ਼ਪ ਦੀ ਮਾਤਰਾ ਲੋੜ ਤੋਂ ਵੱਧ ਹੋਣ ਲੱਗਦੀ ਹੈ ਤਾਂ ਧਰਤੀ ਦਾ ਤਾਪਮਾਨ ਵੱਧ ਜਾਂਦਾ ਹੈ। ਗਲੋਬਲ ਵਾਰਮਿੰਗ ਕਾਰਨ ਸਿਹਤ ਸਮੱਸਿਆਵਾਂ ਸਭ ਤੋਂ ਵੱਧ ਵੱਧ ਰਹੀਆਂ ਹਨ। ਪੰਛੀਆਂ, ਜਾਨਵਰਾਂ ਅਤੇ ਪੌਦਿਆਂ ਦੀਆਂ ਕਈ ਕਿਸਮਾਂ ਅਲੋਪ ਹੋ ਗਈਆਂ ਹਨ। ਹੜ੍ਹ ਅਤੇ ਸੁਨਾਮੀ ਵਰਗੀਆਂ ਕੁਦਰਤੀ ਆਫ਼ਤਾਂ ਆਉਂਦੀਆਂ ਹਨ। ਵਿਗਿਆਨੀਆਂ ਅਨੁਸਾਰ ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਪਿਘਲ ਰਹੇ ਹਨ ਅਤੇ ਸਮੁੰਦਰ ਦਾ ਪੱਧਰ ਵੱਧ ਰਿਹਾ ਹੈ। ਮੌਸਮ ਵਿਭਾਗ ਅਨੁਸਾਰ 1880 ਤੋਂ 2012 ਤੱਕ ਦੇ ਸਮੇਂ ਦੌਰਾਨ ਧਰਤੀ ਦੀ ਸਤਹ ਦੇ ਔਸਤ ਤਾਪਮਾਨ ਵਿੱਚ 0.85 ਡਿਗਰੀ ਸੈਲਸੀਅਸ ਦਾ ਵਾਧਾ ਦਰਜ ਕੀਤਾ ਗਿਆ ਸੀ। ਗਲੋਬਲ ਵਾਰਮਿੰਗ ਕਾਰਨ ਕੁਦਰਤ ਬਦਲ ਰਹੀ ਹੈ। ਕਿਤੇ ਜ਼ੋਰਦਾਰ ਮੀਂਹ ਪੈ ਰਿਹਾ ਹੈ, ਕਿਤੇ ਸੋਕਾ, ਕਿਤੇ ਗਰਮੀ ਅਤੇ ਕਿਤੇ ਠੰਡ ਹੈ। ਇੱਕ ਅਧਿਐਨ ਮੁਤਾਬਕ ਇੱਕ ਸਦੀ ਪਹਿਲਾਂ ਤੱਕ ਅੰਟਾਰਕਟਿਕਾ ਦਾ ਤਾਪਮਾਨ ਮਨਫ਼ੀ 50 ਡਿਗਰੀ ਹੁੰਦਾ ਸੀ। ਹੁਣ ਇਹ ਮਾਈਨਸ 11 ਡਿਗਰੀ ਹੈ। ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਜੇਕਰ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਇੱਕ ਦਿਨ ਦਰਿਆ ਸੁੱਕ ਜਾਣਗੇ ਅਤੇ ਸਮੁੰਦਰ ਦੇ ਨਾਲ ਲੱਗਦੇ ਸ਼ਹਿਰ ਡੁੱਬ ਜਾਣਗੇ।ਵਿਗਿਆਨੀ ਕਹਿੰਦੇ ਹਨ ਕਿ ਜਲਵਾਯੂ ਪਰਿਵਰਤਨ ਅਤੇ ਤਾਪਮਾਨ ਨੂੰ ਠੀਕ ਰੱਖਣ ਲਈ ਸਭ ਤੋਂ ਪਹਿਲਾਂ ਸਾਨੂੰ ਕਾਰਬਨ ਦੇ ਨਿਕਾਸ ਨੂੰ ਰੋਕਣਾ ਹੋਵੇਗਾ। ਇਸ ਦੇ ਨਾਲ ਹੀ ਧਰਤੀ ਨੂੰ ਵੱਧ ਤੋਂ ਵੱਧ ਹਰਿਆ ਭਰਿਆ ਬਣਾਉਣ ਦੀ ਲੋੜ ਹੈ। ਕੁਦਰਤੀ ਸੋਮਿਆਂ ਦੀ ਵੱਧ ਤੋਂ ਵੱਧ ਦੁਰਵਰਤੋਂ ਕਰਨ ਦੀ ਬਜਾਏ ਇਨ੍ਹਾਂ ਦੀ ਸੰਭਾਲ ਵੱਲ ਧਿਆਨ ਦੇਣ ਦੀ ਲੋੜ ਹੈ। ਵਾਹੀਯੋਗ ਜ਼ਮੀਨ ਨੂੰ ਖਾਲੀ ਅਤੇ ਸੁੱਕਾ ਨਹੀਂ ਰੱਖਣਾ ਚਾਹੀਦਾ। ਫ਼ੁਟ- ਪਾਥਾਂ 'ਤੇ ਸੀਮਿੰਟ ਦੀਆਂ ਇੱਟਾਂ ਦੀ ਬਜਾਏ ਇੰਟਰਲਾਕਿੰਗ ਟਾਈਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਮੀਂਹ ਦਾ ਪਾਣੀ ਜ਼ਮੀਨ ਵਿੱਚ ਜਾ ਸਕੇ। ਕੰਕਰੀਟ ਦੀ ਵਰਤੋਂ ਘੱਟ ਕਰਨੀ ਪਵੇਗੀ, ਕਿਉਂਕਿ ਇਮਾਰਤਾਂ ਬਣਾਉਣ ਵਿੱਚ ਵਰਤੀ ਜਾਂਦੀ ਸੀਮਿੰਟ, ਕੰਕਰੀਟ ਆਦਿ ਸਮੱਗਰੀ ਵੀ ਲੰਬੇ ਸਮੇਂ ਤੱਕ ਗਰਮੀ ਨੂੰ ਸੋਖ ਲੈਂਦੀ ਹੈ ਅਤੇ ਰਾਤ ਨੂੰ ਇਸ ਦਾ ਨਿਕਾਸ ਕਰਦੀ ਹੈ।

ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਪਣੀ ਜ਼ਿੰਦਗੀ ਕੁਦਰਤ ਦੇ ਅਸੂਲਾਂ ਅਨੁਸਾਰ ਬਤੀਤ ਕਰੇ। ਜੇ ਮਨੁੱਖ ਕੁਦਰਤ ਦੇ ਕਾਨੂੰਨਾਂ ਦੀ ਪਾਲਣਾ ਕਰੇਗਾ ਤਾਂ ਰੁੱਤਾਂ ਦਾ ਚੱਕਰ ਵੀ ਸਹੀ ਹੋ ਜਾਵੇਗਾ। ਹਰ ਰੁੱਤ ਆਪਣੇ ਸਹੀ ਸਮੇਂ 'ਤੇ ਆਵੇਗੀ ਅਤੇ ਰਵਾਨਗੀ ਪਾਵੇਗੀ। ਇਸ ਨਾਲ ਗਲੋਬਲ ਵਾਰਮਿੰਗ ਦਾ ਖਤਰਾ ਵੀ ਟਲ ਜਾਵੇਗਾ।

## ਜਲਵਾਯੂ ਪਰਿਵਰਤਨ ਅਤੇ ਗਲੋਬਲ ਵਾਰਮਿੰਗ ਦੇ ਕਾਰਨ



ਜਲਵਾਯੂ ਪਰਿਵਰਤਨ ਅਤੇ ਗਲੋਬਲ ਵਾਰਮਿੰਗ ਭਾਰਤ ਦੇ ਨਾਲ-ਨਾਲ ਦੁਨੀਆਂ ਭਰ ਦੇ ਦੇਸ਼ਾਂ ਦੇ ਮਾਨਸੂਨ ਨੂੰ ਪ੍ਰਭਾਵਿਤ ਕਰ ਰਹੀ ਹੈ। ਭਾਵੇਂ ਭਾਰਤੀ ਮੌਸਮ ਵਿਗਿਆਨ ਨੇ ਕਾਫ਼ੀ ਤਰੱਕੀ ਕੀਤੀ ਹੈ ਅਤੇ ਇਸ ਦੇ ਅੰਕੜੇ ਅਤੇ ਅਨੁਮਾਨ ਵੀ ਸਹੀ ਹੋ ਰਹੇ ਹਨ, ਪਰ ਫਿਰ ਵੀ ਮੌਸਮ ਦੀ ਭਵਿੱਖਬਾਣੀ ਕਰਨ ਵਿੱਚ ਵੱਧ ਰਹੀ ਮੁਸ਼ਕਿਲ ਚਿੰਤਾ ਦਾ ਵਿਸ਼ਾ ਹੈ। ਮੌਸਮ ਵਿਭਾਗ ਮਾਨਸੂਨ ਅਤੇ ਮੀਂਹ ਦੀ ਭਵਿੱਖਬਾਣੀ ਲਈ ਕਈ ਤਰ੍ਹਾਂ ਦੇ ਅੰਕੜਿਆਂ 'ਤੇ ਨਿਰਭਰ ਕਰਦਾ ਹੈ। ਇਸ ਦੇ ਲਈ ਉਹ ਮੌਸਮ ਦੀ ਜਾਣਕਾਰੀ ਦੇਣ ਵਾਲੇ ਇਨਸੈਟ ਸੈਟੇਲਾਈਟ ਦੇ ਡੇਟਾ ਦੀ ਵਿਸ਼ੇਸ਼ ਵਰਤੋਂ ਕਰਦਾ ਹੈ। ਇਨ੍ਹਾਂ ਉਪਗ੍ਰਹਿਆਂ ਨੂੰ ਧਰਤੀ ਦੇ ਜੀਓਸਿੰਕ੍ਰੋਨਸ ਆਰਬਿਟ ਵਿੱਚ ਰੱਖਿਆ ਗਿਆ ਹੈ।

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




## FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST


## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

# ਰੂਹਾਨੀ ਰਹਿਬਰ ਗੁਰੂ ਗ੍ਰੰਥ ਸਾਹਿਬ ਕਾਨੂੰਨੀ ਦਾਇਰੇ ਵਿੱਚ ਕਿਉਂ ਹੋਵੇ ?



ਪ੍ਰੋਫ਼ੈਸਰ ਬਲਵਿੰਦਰ ਪਾਲ ਸਿੰਘ
9815700916



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ — ਉਹ ਅਟੱਲ ਸ਼ਬਦ-ਗੁਰੂ, ਜੋ ਨਾ ਸਿਰਫ਼ ਇੱਕ ਰੂਹਾਨੀ ਗ੍ਰੰਥ ਹੈ ਬਲਕਿ ਇੱਕ ਜਾਗਦੀ ਜੋਤ ਹੈ, ਇੱਕ ਅਨਾਦਿ ਸਾਗਰ ਹੈ ਜੋ ਬ੍ਰਹਿਮੰਡੀ ਚੇਤਨਾ ਵਿੱਚ ਵਹਿੰਦਾ ਹੈ। ਪਰ ਅੱਜ ਪੰਜਾਬ ਦੀ ਸਿਆਸੀ ਅਤੇ ਸਮਾਜਿਕ ਫ਼ਿਜ਼ਾ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਉੱਤੇ ਇੱਕ ਤਿੱਖੀ ਬਹਿਸ ਛਿੜੀ ਹੋਈ ਹੈ ।

ਮਾਨਸਾ ਵਿੱਚ ਲੱਗਿਆ ਇਹ ਧਰਮ ਯੁੱਧ ਮੋਰਚਾ ਗੁਰੂ ਦੀ ਅਜ਼ਮਤ ਨੂੰ ਅਖੋਂ ਪਰੋਖੇ ਰੱਖ ਕੇ ਇੱਕ ਅਜਿਹੇ ਉਤਾਵਲੇਪਨ ਵਿੱਚ ਫ਼ਸਿਆ ਹੋਇਆ ਹੈ ਜੋ ਰੱਬੀ ਗਿਆਨ ਗੁਰੂ ਗ੍ਰੰਥ ਸਾਹਿਬ ਨੂੰ ਕਾਨੂੰਨੀ ਉਲਝਣਾਂ ਨਾਲ ਬੰਨ੍ਹਣਾ ਚਾਹੁੰਦਾ ਹੈ। ਇਹ ਮਸਲਾ ਜਜ਼ਬਾਤੀ ਨਹੀਂ, ਇਹ ਗੂੜ੍ਹ ਦਾਰਸ਼ਨਿਕ ਅਤੇ ਸਿਧਾਂਤਕ ਹੈ।

ਸਵਾਲ ਇਹ ਪੈਦਾ ਹੁੰਦਾ ਹੈ — ਕੀ ਅਜੂਨੀ, ਅਵਿਨਾਸ਼ੀ ਸ਼ਬਦ-ਗੁਰੂ ਸਤਿਗੁਰੂ ਗ੍ਰੰਥ ਸਾਹਿਬ ਨੂੰ ਦੁਨਿਆਵੀ ਅਦਾਲਤਾਂ, ਪੁਲਿਸ ਧਾਰਾਵਾਂ ਜਾਂ ਸਰਕਾਰੀ ਫ਼ੈਸਲਿਆਂ ਰਾਹੀਂ ਸੁਰੱਖਿਅਤ ਕੀਤਾ ਜਾ ਸਕਦਾ ਹੈ ? ਜਾਂ ਫ਼ਿਰ ਇਸ ਅਣਜਾਣ ਕੋਸ਼ਿਸ਼ ਵਿੱਚ ਅਸੀਂ ਆਪਣੇ ਉਸ ਬੀਜ ਦਾ ਨਾਸ਼ ਤਾਂ ਨਹੀਂ ਕਰ ਰਹੇ ਹਾਂ ਜਿਸ ਸ਼ਬਦ ਗੁਰੂ ਉੱਤੇ ਸਿੱਖ ਪੰਥ ਦੀ ਸਮੁੱਚੀ ਬੁਨਿਆਦ ਖੜ੍ਹੀ ਹੈ?

ਸਿੱਖ ਪੰਥ ਦੀ ਸਿਰਜਣਾ ਲਈ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਇੱਕ ਅਜਿਹਾ ਚੁਣੌਤੀ ਭਰਪੂਰ ਸਫ਼ਰ ਤੈਅ ਕੀਤਾ ਸੀ ਜਿਸਨੇ ਸਿੱਖ ਧਰਮ ਦਾ ਸਰਬਪੱਖੀ ਵਿਕਾਸ ਕੀਤਾ ਤੇ ਸ਼ਬਦ ਗੁਰੂ ਉਪਰ ਆਧਾਰਿਤ ਸਿੱਖ ਇਨਕਲਾਬ ਖੜਾ ਕੀਤਾ।

ਦਸਵੇਂ ਪਾਤਸ਼ਾਹ ਨੇ ਜਦੋਂ ਸਰੀਰਕ ਚੋਲਾ ਤਿਆਗਣ ਅਤੇ ਗੁਰੂ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਪਤ ਕਰਨ ਦਾ ਫ਼ੈਸਲਾ ਸੁਣਾਇਆ ਤਾਂ ਵੈਰਾਗ ਵਿੱਚ ਆਈ ਤੇ ਬਿਹਬਲ ਹੋਈ ਸੰਗਤ ਨੇ ਕਰੁਣਾਮਈ ਆਵਾਜ਼ ਵਿੱਚ ਪੁੱਛਿਆ ਕਿ ਅਸੀਂ ਤੁਹਾਡੇ ਦਰਸ਼ਨ ਕਿਵੇਂ ਕਰਾਂਗੇ,

ਹਜ਼ੂਰੀ ਕਵੀ ਭਾਈ ਨੰਦ ਲਾਲ ਸਿੰਘ ਜੀ ਅਨੁਸਾਰ, ਗੁਰੂ ਪਾਤਸ਼ਾਹ ਨੇ ਫ਼ੁਰਮਾਇਆ

ਦੂਸਰ ਰੂਪ ਗ੍ਰੰਥ ਜੀ ਜਾਨਹੁ। ਆਪਨ ਅੰਗ ਮੇਰੇ ਕਰਿ
ਮਾਨਹੁ ਮੇਰਾ ਰੂਪ ਗ੍ਰੰਥ ਜੀ ਜਾਨ।
ਇਸ ਮੇਂ ਭੇਦ ਨ ਰੰਚਕ ਮਾਨ

ਜਦੋਂ ਸਿੱਖਾਂ ਨੇ ਪੁੱਛਿਆ ਜੇ ਤੁਹਾਡੇ ਦਰਸ਼ਨਾਂ ਦੀ ਚਾਹ ਹੋਵੇ, ਤਾਂ ਗੁਰੂ ਪਾਤਸ਼ਾਹ ਨੇ ਫ਼ੁਰਮਾਇਆ,

'ਜੋ ਸਿਖ ਗੁਰੁ ਦਰਸ਼ਨ ਕੀ ਚਾਹਿ।
ਦਰਸ਼ਨ ਕਰੇ ਗ੍ਰੰਥ ਜੀ ਆਹਿ।'

ਸਿੱਖਾਂ ਨੇ ਪੁੱਛਿਆ ਸਤਿਗੁਰੂ ਜੀ ਜੇ ਤੁਹਾਡੇ ਨਾਲ ਗੱਲਾਂ ਕਰਨੀਆਂ ਹੋਣ, ਤਾਂ ਗੁਰ ਫ਼ੁਰਮਾਇਆ !

'ਜੋ ਮਮ ਸਾਥ ਚਹੇ ਕਰਿ ਬਾਤ।
ਗ੍ਰੰਥ ਜੀ ਪੜਹਿ ਬਿਚਾਰਹਿ ਸਾਥ।'

ਜੋ ਸਿੱਖ ਅਗਵਾਈ ਜਾਂ ਆਦੇਸ਼ ਪ੍ਰਾਪਤ ਕਰਨਾ ਚਾਹੁੰਦੇ ਹਨ ਉਨ੍ਹਾਂ ਬਾਰੇ ਫ਼ੁਰਮਾਇਆ

'ਜੋ ਮੁਝ ਬਚਨ ਸੁਨਨ ਕੀ ਚਾਇ।
ਗ੍ਰੰਥ ਵਿਚਾਰ ਸੁਨਹੁ ਚਿਤ ਲਾਇ'

ਅਰਥਾਤ ਜੋ ਗੁਰੂ ਤੋਂ ਮਾਰਗ ਦਰਸ਼ਨ ਪ੍ਰਾਪਤ ਕਰਨਾ ਚਾਹੇ ਉਹ ਗੁਰਬਾਣੀ ਦੀ ਵਿਚਾਰ ਕਰ ਅਗਵਾਈ ਪ੍ਰਾਪਤ ਕਰੇ। ਤੇ ਦਸਮ ਪਾਤਿਸ਼ਾਹ ਨੇ ਅੰਮ੍ਰਿਤ ਛਕਾਉਣ ਉਪਰੰਤ

ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ

ਖਾਲਸੇ ਤੇ ਬਖਸ਼ਿਸ਼ ਕਰ ਖਾਲਸੇ ਨੂੰ ਗੁਰੂ ਰੂਪ ਪ੍ਰਦਾਨ ਕਰ ਦਿੱਤਾ। ਗੁਰ ਸੰਗਤ ਨੂੰ ਖਾਲਸੇ ਦੇ ਰੂਪ ਵਿਚ ਪ੍ਰਗਟ ਕਰ ਆਪਣਾ ਜਾਮਾ ਬਖਸ਼ ਇਉਂ ਫ਼ਰਮਾਇਆ:

ਵਾਹਿ ਸਮੇ ਗੁਰ ਬੈਨ ਸੁਨਾਯੋ।
ਖਾਲਸ ਅਪਨੋ ਰੂਪ ਬਤਾਯੋ।
ਖਾਲਸ ਹੀ ਸੋ ਹੈ ਮਮ ਕਾਮਾ।
ਬਖਸ਼ ਕਿਯੋ ਖਾਲਸ ਕੇ ਜਾਮਾ।
'ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉ ਕਰਹੁ ਨਿਵਾਸ।
ਹਉ ਖਾਲਸੇ ਕਾ ਖਾਲਸਾ ਮੋਰਾ
ਓਤਿ ਪੋਤਿ ਸਾਗਰ ਬੂੰਦੇਰਾ'।

ਭਾਈ ਦਇਆ ਸਿੰਘ ਜੀ ਪ੍ਰਥਮ ਪਿਆਰੇ ਅਨੁਸਾਰ ਗੁਰੂ ਦਸਮੇਸ਼ ਜੀ ਨੇ ਅੱਗੇ ਇਉਂ ਫ਼ੁਰਮਾਇਆ

ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ,
ਪ੍ਰਗਟਿਓ ਪੰਥ ਮਹਾਨ।
ਗ੍ਰੰਥ ਪੰਥ ਗੁਰੂ ਮਾਨੀਏ, ਤਾਰੇ ਸਕਲ ਕੁਲਾਨ

ਸੋ ਸਿੱਖ ਪੰਥ ਦੀ ਬੁਨਿਆਦ 'ਗੁਰੂ ਮਾਨਿਓ ਗ੍ਰੰਥ' ਉੱਤੇ ਟਿਕੀ ਹੋਈ ਹੈ। ਇਹ ਉਹ ਬਾਣੀ ਹੈ ਜੋ ਹਿਰਦੇ ਵਿੱਚ ਬ੍ਰਹਿਮੰਡੀ ਪ੍ਰਕਾਸ਼ ਫ਼ੈਲਾਉਂਦੀ ਹੈ। ਸ਼ਬਦ ਗੁਰੂ ਦਾ ਉਦੇਸ਼ ਬਾਹਰੀ ਰੀਤੀ-ਰਿਵਾਜ ਤੇ ਕਰਮਕਾਂਡ ਨਹੀਂ, ਬਲਕਿ ਰੂਹਾਨੀ ਤਬਦੀਲੀ ਹੈ ਮਨਮੁਖ ਤੋਂ ਗੁਰਮੁਖ ਬਣਨ ਵਲ ਸਫ਼ਰ ਹੈ। ਉਹ ਇੱਕ ਅਜਿਹਾ ਚਾਨਣ ਹੈ ਜੋ ਮਨੁੱਖ ਨੂੰ ਡਰ ਤੋਂ ਰਹਿਤ ਕਰਦਾ ਹੈ ਅਤੇ ਨਿਡਰ ਬਣਾਉਂਦਾ ਹੈ। ਇਹ ਉਹ ਫ਼ਲਸਫ਼ਾ ਹੈ ਜੋ 'ਹੱਕ' ਅਤੇ 'ਸੱਚ' ਉੱਤੇ ਖੜ੍ਹਾ ਹੈ। ਗੁਰੂ ਗ੍ਰੰਥ ਸਾਹਿਬ ਵਿਚਲਾ 'ਸਤਿ' ਸ਼ਬਦ ਸਿਰਫ਼ ਅਕਾਲ ਪੁਰਖ ਨਹੀਂ, ਬਲਕਿ ਇੱਕ ਅਜਿਹਾ ਮਨੁੱਖ ਬਣਨ ਦਾ ਸੰਕਲਪ ਹੈ ਜੋ ਅੰਦਰੋਂ-ਬਾਹਰੋਂ ਸੱਚਾ ਹੋਵੇ। 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ' ਵਾਲਾ ਸਿਧਾਂਤ ਹੈ ਜੋ ਮਨੁੱਖ ਨੂੰ ਦੇਵਤਾ ਬਣਾਉਂਦਾ ਹੈ।

ਦਸਵੀਂ ਪਾਤਸ਼ਾਹੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਦੇਹਧਾਰੀ ਗੁਰੂਆਂ ਦੀ ਪਰੰਪਰਾ ਨੂੰ ਸਮਾਪਤ ਕਰਕੇ ਇਸ ਬਾਣੀ ਨੂੰ ਸਦੀਵੀ ਗੁਰਿਆਈ ਸੌਂਪੀ ਸੀ। ਇਸ ਗ੍ਰੰਥ ਨੂੰ ਕਾਗਜ਼ ਅਤੇ ਸਿਆਹੀ ਵਿੱਚ ਬੰਦ ਨਹੀਂ ਕੀਤਾ ਜਾਣਾ ਚਾਹੀਦਾ, ਬਲਕਿ ਇਸ ਨੂੰ ਹਰ ਸਿਖ ਹਿਰਦੇ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਜੀਵੰਤ ਸ਼ਬਦ ਵਜੋਂ ਵਸਾਉਣ ਦੀ ਲੋੜ ਹੈ। ਬਾਣੀ ਅਗੰਮੀ ਹੈ, ਉਸ ਨੂੰ ਨਾ ਕੋਈ ਸਾੜ ਸਕਦਾ ਹੈ, ਨਾ ਮਿਟਾ ਸਕਦਾ ਹੈ ਅਤੇ ਨਾ ਹੀ ਕਿਸੇ ਅਦਾਲਤੀ ਫ਼ੈਸਲੇ ਨਾਲ ਇਸ ਨੂੰ ਬੰਨਣ ਦੀ ਲੋੜ ਹੈ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰੂ ਪੰਥ ਦੀ ਰੂਹ ਵਿੱਚ ਹੈ। ਇਸ ਖਿਆਲ ਨੂੰ ਭਾਈ ਪ੍ਰਹਿਲਾਦ ਸਿੰਘ ਜੀ ਨੇ ਬਾਖੂਬੀ ਏਸ ਤਰ੍ਹਾਂ ਬਿਆਨ ਕੀਤਾ ਸੀ:

ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ। ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।

ਗੁਰੂ ਪੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ। ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮਹਿ ਲੇ।

ਮਤਲਬ ਗੁਰੂ ਪੰਥ ਗੁਰੂ ਦੀ ਪ੍ਰਗਟ ਦੇਹ ਹੈ ਤੇ ਗੁਰੂ ਗ੍ਰੰਥ ਸਾਹਿਬ ਗੁਰੂ ਦੀ ਆਤਮਾ ਹੈ।

ਜਦੋਂ ਅਸੀਂ ਇਸ ਨੂੰ ਕਾਨੂੰਨੀ ਪਰਿਭਾਸ਼ਾਵਾਂ ਵਿੱਚ ਬੰਨ੍ਹਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਉਸ ਸਲੋਕ ਨੂੰ ਰੱਦ ਕਰ ਰਹੇ ਹਾਂ ਜਿਸ ਵਿੱਚ ਗੁਰੂ ਨੇ ਆਖਿਆ ਸੀ — 'ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ'। ਇਸ ਬਾਣੀ ਨੂੰ ਰੱਬੀ ਰੂਪ ਵਜੋਂ ਮੰਨਣ ਵਾਲਾ ਸਿੱਖ ਕਿਉਂ ਫ਼ਿਰ ਇਸ ਨੂੰ ਕਨੂੰਨ ਦੇ ਬੰਧਨਾਂ ਵਿੱਚ ਬੰਨ੍ਹਣ ਲਈ ਉਤਾਵਲਾ ਹੋਵੇ ?

ਕੀ ਇੱਕ ਦੁਨਿਆਵੀ ਜੱਜ ਗੁਰੂ ਦੀ ਪਵਿੱਤਰਤਾ ਦਾ ਮਾਪਦੰਡ ਤੈਅ ਕਰ ਸਕਦਾ ਹੈ ? ਇਹ ਤਾਂ ਖੁਦ ਗੁਰੂ ਦੀ ਸਰਵਉੱਚਤਾ ਨੂੰ ਚੁਣੌਤੀ ਹੈ।

ਅੱਜਕੱਲ੍ਹ ਇੱਕ ਰੁਝਾਨ ਵਧ ਰਿਹਾ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਹਰ ਰੂਪ ਨੂੰ ਇੱਕ ਸੰਸਥਾਗਤ ਨਿਗਰਾਨੀ ਹੇਠ ਲਿਆਉਣਾ ਚਾਹੁੰਦਾ ਹੈ — ਚਾਹੇ ਉਹ ਸਰੂਪਾਂ ਦੀ ਵਿਦੇਸ਼ ਯਾਤਰਾ ਹੋਵੇ ਜਾਂ ਘਰਾਂ ਵਿੱਚ ਪ੍ਰਕਾਸ਼ ਦਾ ਨਿਯਮ। ਇਹ ਰੁਝਾਨ ਗੁਰੂ ਗ੍ਰੰਥ ਸਾਹਿਬ ਦੇ ਦਾਰਸ਼ਨਿਕ ਵਿਕਾਸ ਅੱਗੇ ਕੂੜ ਦੀ ਕੰਧ ਖੜੀ ਕਰ ਰਿਹਾ ਹੈ।

ਇਤਿਹਾਸ ਗਵਾਹ ਹੈ ਕਿ ਸਿਖਾਂ ਨੇ ਯੁੱਧਾਂ ਅਤੇ ਬਿਖੜੀਆਂ ਰਾਤਾਂ ਵਿੱਚ ਵੀ ਗੁਰੂ ਸਾਹਿਬ ਦੇ ਸਰੂਪ ਨੂੰ ਆਪਣੇ ਸੀਨੇ ਨਾਲ ਲਾ ਕੇ ਰੱਖਿਆ ਹੈ — ਹਰ ਕੋਈ ਸਿੱਖ ਆਪਣੀ ਸ਼ਰਧਾ ਅਨੁਸਾਰ ਉਸ ਛੱਤਰ-ਛਾਇਆ ਹੇਠ ਜੀਵਨ ਬਤੀਤ ਕਰਦਾ ਆਇਆ ਹੈ। ਪਰ ਅੱਜ ਅਸੀਂ ਉਸ ਰੂਹਾਨੀ ਰਿਸ਼ਤੇ ਨੂੰ ਰੀਤੀ-ਰਿਵਾਜਾਂ, ਕਰਮਕਾਂਡਾਂ, ਆਪਣੀਆਂ ਮਿਥੀਆਂ ਮਰਿਆਦਾਵਾਂ ਵਿੱਚ ਜਕੜ ਕੇ ਆਪਣੇ ਰੂਹਾਨੀ ਵਿਕਾਸ ਵਿਚ ਇੱਕ ਬੇਲੋੜੀ ਕੰਧ ਖੜ੍ਹੀ ਕਰ ਰਹੇ ਹਾਂ। ਗੁਰੂ ਤਾਂ ਰਹਿਬਰ ਹੈ ਜੋ ਸਿੱਖ ਦੇ ਨਾਲ ਉਸਦੇ ਹਰ ਸਫ਼ਰ ਵਿੱਚ ਸਾਥ ਦਿੰਦਾ ਹੈ — ਉਸ ਨੂੰ ਨਿਯਮਾਂ ਦੀਆਂ ਬੰਦਿਸ਼ਾਂ ਵਿੱਚ ਕੈਦ ਕਰਨਾ ਤਾਂ ਉਸ ਅਨੰਤ ਪ੍ਰਕਾਸ਼ ਨੂੰ ਰੋਕਣ ਵਰਗਾ ਹੈ।

ਅਸਲ ਬੇਅਦਬੀ ਦੀ ਪਰਿਭਾਸ਼ਾ ਇੱਥੇ ਹੀ ਖੁਲ੍ਹ ਕੇ ਸਾਹਮਣੇ ਆਉਂਦੀ ਹੈ। ਕਾਨੂੰਨੀ ਨਜ਼ਰੀਏ ਤੋਂ ਕਿਸੇ ਭੌਤਿਕ ਵਸਤੂ ਨੂੰ ਨੁਕਸਾਨ ਪਹੁੰਚਾਉਣਾ ਅਪਰਾਧ ਹੋ ਸਕਦਾ ਹੈ, ਪਰ ਸਿੱਖੀ ਦੀ ਨਜ਼ਰ ਵਿੱਚ ਅਸਲ ਬੇਅਦਬੀ ਗੁਰੂ ਦੇ ਮਾਰਗ ਤੋਂ ਭਟਕਣਾ ਹੈ — ਉਹ ਸੱਚ, ਹੱਕ ਅਤੇ ਹਲਾਲ ਤੋਂ ਮੁਨਕਰ ਹੋਣਾ ਹੈ। 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਵਾਲੀ ਬਾਣੀ ਦੇ ਉਲਟ ਜਾ ਕੇ ਜਾਤੀਵਾਦੀ ਸਿਸਟਮ ਅਪਣਾਉਣਾ, ਬ੍ਰਾਹਮਣਵਾਦੀ ਰਸਮਾਂ ਵਿੱਚ ਫ਼ਸਣਾ ਅਤੇ ਭ੍ਰਿਸ਼ਟਾਚਾਰ ਨੂੰ ਆਪਣਾ ਲੈਣਾ — ਇਹੀ ਅਸਲ ਬੇਅਦਬੀ ਹੈ। ਜਦੋਂ ਅਸੀਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਬਾਹਰੀ ਰੀਤੀ-ਰਿਵਾਜਾਂ ਅਤੇ ਦਿਖਾਵੇ ਤੱਕ ਸੀਮਤ ਕਰ ਦਿੰਦੇ ਹਾਂ ਤਾਂ ਅਸੀਂ ਉਸ ਮਕਸਦ ਤੋਂ ਭਟਕ ਜਾਂਦੇ ਹਾਂ ਜਿਸ ਲਈ ਗੁਰੂ ਨੇ ਸ਼ਬਦ ਨੂੰ ਗੁਰੂ ਥਾਪਿਆ ਸੀ। ਮਕੈਨੀਕਲ ਸਤਿਕਾਰ ਕਦੇ ਵੀ ਅੰਦਰੂਨੀ ਸ਼ਰਧਾ ਦੀ ਥਾਂ ਨਹੀਂ ਲੈ ਸਕਦਾ ਨਾ ਹੀ ਸਿੱਖੀ ਦਾ ਵਿਕਾਸ ਕਰ ਸਕਦਾ ਹੈ। —

ਵਿਸ਼ੇਸ਼ ਧਰਮ ਲਈ ਵੱਖਰੇ ਅਤੇ ਵਧੇਰੇ ਸਖ਼ਤ ਕਾਨੂੰਨਾਂ ਦੀ ਮੰਗ ਇੱਕ ਅਜਿਹਾ ਰਾਹ ਖੋਲ੍ਹ ਸਕਦੀ ਹੈ ਜਿੱਥੇ ਸਟੇਟ ਤੇ ਕਨੂੰਨ ਸਿੱਖ ਧਰਮ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਸ਼ੁਰੂ ਕਰ ਦੇਵੇ। ਇਹ ਤਾਂ ਇੱਕ ਅਜਿਹੀ ਖਾਈ ਹੈ ਜਿਸ ਵਿੱਚ ਸਿੱਖ ਪੰਥ ਦੀ ਅਜ਼ਾਦੀ, ਵਾਜੂਦ ਡਿੱਗ ਸਕਦਾ ਹੈ। ਜੇਕਰ ਅਦਾਲਤਾਂ ਇਹ ਤੈਅ ਕਰਨ ਲੱਗ ਪਈਆਂ ਕਿ ਗੁਰੂ ਸਾਹਿਬ ਦਾ ਸਤਿਕਾਰ ਕਿਵੇਂ ਹੋਣਾ ਚਾਹੀਦਾ ਹੈ ਤਾਂ ਇਹ ਖੁਦ ਗੁਰੂ ਦੀ ਸਰਵਉੱਚਤਾ ਉੱਤੇ ਪ੍ਰਸ਼ਨ ਚਿੰਨ੍ਹ ਹੋਵੇਗਾ।ਇਸ ਤੋਂ ਵਡੀ ਬੇਅਦਬੀ ਕੀ ਹੋਵੇਗੀ ?

ਸੱਚ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਕਿਸੇ ਕਾਨੂੰਨੀ ਸੁਰੱਖਿਆ ਜਾਂ ਸਰਕਾਰੀ ਛੱਤਰ ਦੀ ਮੁਹਤਾਜ ਨਹੀਂ। ਇਹ ਉਹ ਅਨੰਤ ਪ੍ਰਕਾਸ਼ ਹੈ ਜੋ ਸਦੀਆਂ ਤੋਂ ਹਨੇਰੇ ਵਿੱਚ ਭਟਕਦੀ ਮਨੁੱਖਤਾ ਨੂੰ ਰਾਹ ਦਿਖਾਉਂਦਾ ਆਇਆ ਹੈ। ਸਿੱਖ ਪੰਥ ਨੂੰ ਚਾਹੀਦਾ ਹੈ ਕਿ ਉਹ ਗੁਰੂ ਸਾਹਿਬ ਦੇ ਸਰੂਪ ਨੂੰ ਕਾਨੂੰਨੀ ਜਾਇਦਾਦ ਵਜੋਂ ਪੇਸ਼ ਕਰਨ ਦੀ ਬਜਾਏ ਉਨ੍ਹਾਂ ਦੇ ਗਿਆਨ ਨੂੰ ਘਰ-ਘਰ, ਹਿਰਦੇ-ਹਿਰਦੇ ਤੱਕ ਪਹੁੰਚਾਉਣ ਵੱਲ ਧਿਆਨ ਦੇਵੇ। ਗੁਰੂ ਦੀ ਸੁਰੱਖਿਆ ਕਾਨੂੰਨ ਦੀਆਂ ਕਿਤਾਬਾਂ ਵਿੱਚ ਨਹੀਂ, ਬਲਕਿ ਸਿੱਖ ਦੇ ਹਿਰਦੇ ਅਤੇ ਅਮਲੀ ਜੀਵਨ ਵਿੱਚ ਹੋਣੀ ਚਾਹੀਦੀ ਹੈ। ਜਿਸ ਦਿਨ ਸਿੱਖ ਗੁਰੂ ਦੀ ਸਿੱਖਿਆ ਉੱਤੇ ਚੱਲਣਾ ਸ਼ੁਰੂ ਕਰ ਦੇਵੇਗਾ, ਉਸ ਦਿਨ ਕੋਈ ਵੀ ਦੁਨਿਆਵੀ ਤਾਕਤ ਬੇਅਦਬੀ ਕਰਨ ਦਾ ਹੌਸਲਾ ਨਹੀਂ ਕਰ ਸਕੇਗੀ। ਸ਼ਬਦ ਅਟੱਲ ਹੈ, ਅਵਿਨਾਸ਼ੀ ਹੈ ਅਤੇ ਇਸ ਦੀ ਅਜ਼ਮਤ ਨੂੰ ਕਿਸੇ ਕਾਨੂੰਨੀ ਕੰਧ ਵਿੱਚ ਚਿਣਿਆ ਨਹੀਂ ਜਾ ਸਕਦਾ। ਇਸ ਨੂੰ ਸਿਰਫ਼ ਅੰਦਰੂਨੀ ਰੂਹਾਨੀ ਯਾਤਰਾ ਰਾਹੀਂ ਹੀ ਸਿੱਖ ਸਮਝ ਸਕਦਾ ਹੈ।

# ਦਰਬਾਰ ਸਾਹਿਬ ਵਿਖੇ ਸਭ ਤੋਂ ਪਹਿਲਾਂ ਬਿਜਲੀ ਪ੍ਰਬੰਧ ਕਿਸ ਨੇ ਕਰਾਇਆ ?

ਜਸਵੰਤ ਸਿੰਘ


ਫ਼ਰੀਦਕੋਟ ਰਿਆਸਤ ਨੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਅੰਦਰ ਸਭ ਤੋਂ ਪਹਿਲਾਂ ਬਿਜਲੀ ਦੀ ਰੌਸ਼ਨੀ ਦਾ ਪ੍ਰਬੰਧ ਕੀਤਾ ਸੀ। ਉਸ ਸਮੇਂ ਬਿਜਲੀ ਪ੍ਰਬੰਧ ਲਈ 25,000 ਰੁਪਏ ਖ਼ਰਚ ਆਇਆ ਸੀ। ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਲਈ 75,000 ਰੁਪਏ ਦਾ ਖ਼ਰਚਾ ਫ਼ਰੀਦਕੋਟ ਰਿਆਸਤ ਵੱਲੋਂ ਕੀਤਾ ਗਿਆ। ਦਿਲਚਸਪ ਗੱਲ ਇਹ ਹੈ ਕਿ ਉਸ ਵਕਤ ਬਿਜਲੀ ਪ੍ਰਬੰਧ ਦਾ ਵਿਰੋਧ ਵੀ ਬਹੁਤ ਵੱਡੇ ਪੱਧਰ 'ਤੇ ਹੋਇਆ। ਪਹਿਲਾਂ ਪਹਿਲ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਅੱਠ ਪਹਿਰ ਘਿਓ ਦੀ ਜੋਤ ਜਗਾਈ ਜਾਂਦੀ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਤੇ ਪਰਿਕਰਮਾ ਵਿੱਚ ਸੁੱਚੀ ਮੋਮ ਦੀਆਂ ਬੱਤੀਆਂ ਜਗਾਈਆਂ ਜਾਂਦੀਆਂ ਸਨ। ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵੱਲੋਂ ਬਿਜਲੀ ਪ੍ਰਬੰਧ ਬਾਰੇ ਗੱਲਬਾਤ ਸ਼ੁਰੂ ਕੀਤੀ ਗਈ ਸੀ। 26 ਜਨਵਰੀ 1896 ਨੂੰ ਆਪਣੇ 23ਵੇਂ ਇਜਲਾਸ ਵਿੱਚ ਇੱਕ ਮਤੇ ਰਾਹੀਂ ਸ੍ਰੀ ਦਰਬਾਰ ਸਾਹਿਬ ਵਿਖੇ ਬਿਜਲੀ ਪ੍ਰਬੰਧ ਲਈ ਸਿਫ਼ਾਰਸ਼ ਕੀਤੀ ਗਈ, ਜਿਸ ਸੰਬੰਧੀ ਸ. ਸੁੰਦਰ ਸਿੰਘ ਮਜੀਠੀਆ ਨੇ ਗੱਲਬਾਤ ਰੱਖੀ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਕਰਨਲ ਜਵਾਲਾ ਸਿੰਘ ਤੇ ਖ਼ਾਲਸਾ ਹਾਈ ਸਕੂਲ ਗੁਜਰਾਂਵਾਲਾ ਦੇ ਮਾਸਟਰ ਨਰਾਇਣ ਸਿੰਘ ਨੇ ਇਸ ਮਤੇ ਦੀ ਪ੍ਰੋੜਤਾ ਕੀਤੀ। ਇਸ ਕੰਮ ਲਈ ਸ. ਬਹਾਦਰ ਸਿੰਘ, ਸ. ਅਰਜਨ ਸਿੰਘ ਦੀ ਅਗਵਾਈ ਵਿੱਚ 11 ਮੈਂਬਰੀ ਕਮੇਟੀ ਬਣਾਈ ਗਈ, ਜਿਸ ਨੇ ਸਿੱਖਾਂ ਦੇ ਪ੍ਰਭਾਵਸ਼ਾਲੀ ਆਗੂਆਂ, ਸਰਖੇਮ ਸਿੰਘ ਬੇਦੀ, ਰਾਏ ਬਹਾਦਰ, ਸ. ਸੁਜਾਨ ਸਿੰਘ ਰਾਵਲਪਿੰਡੀ ਤੇ ਬਲਵੰਤ ਸਿੰਘ ਅਟਾਰੀ ਵਰਗਿਆਂ ਦੀ ਹਮਾਇਤ ਪ੍ਰਾਪਤੀ ਕਰ ਲਈ ਗਈ। ਬਿਜਲੀਕਰਨ ਕਮੇਟੀ ਨੇ ਰਾਜਾ ਬਿਕਰਮ ਸਿੰਘ ਫ਼ਰੀਦਕੋਟ ਕੋਲ ਪਹੁੰਚ ਕੀਤੀ। 25 ਅਪ੍ਰੈਲ 1897 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਮੀਟਿੰਗ ਵਿੱਚ ਮਹਾਰਾਜਾ ਬਿਕਰਮ ਸਿੰਘ ਵੱਲੋਂ ਭੇਜੇ ਗਏ ਦਰਬਾਰੀਆਂ ਨੇ ਪੇਸ਼ ਹੋ ਕੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੀ ਬਿਜਲੀ ਪ੍ਰਬੰਧ ਲਈ ਮਹਾਰਾਜਾ 20,000 ਰੁਪਏ ਯੋਗਦਾਨ ਨਾਲ ਬਿਜਲੀ ਦਾ ਪ੍ਰਬੰਧ ਕਰਨਗੇ।



22 ਜੂਨ 1897 ਨੂੰ ਕੰਵਰ ਗਜੇਂਦਰ ਸਿੰਘ ਫ਼ਰੀਦਕੋਟ ਰਿਆਸਤ ਦੀ ਹਾਜ਼ਰੀ ਵਿੱਚ ਰਾਏ ਢੋਲਣ ਦਾਸ ਦਾ ਆਪਣਾ ਜਨਰੇਟਰ ਲਿਆ ਕੇ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਰੌਸ਼ਨੀ ਦਾ ਤਜਰਬਾ ਕੀਤਾ ਗਿਆ। 14 ਅਗਸਤ 1897 ਨੂੰ ਮਹਾਰਾਜਾ ਆਪ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਏ ਅਤੇ ਸ੍ਰੀ ਗੁਰੂ ਰਾਮਦਾਸ ਲੰਗਰ ਦੀ ਇਮਾਰਤ ਤੇ ਬਿਜਲੀ ਜਨਰੇਟਰ ਪ੍ਰਬੰਧ ਲਈ ਇੱਕ ਲੱਖ ਰੁਪਏ ਭੇਟ ਕੀਤੇ। ਮਹਾਰਾਜਾ ਬਿਕਰਮ ਸਿੰਘ ਵੱਲੋਂ ਪ੍ਰਤੀ ਮਹੀਨਾ 50,000 ਰੁਪਏ ਪੰਜਾਬ ਐਂਡ ਸਿੰਧ ਬੈਂਕ ਵਿੱਚ ਜਮ੍ਹਾਂ ਕਰਵਾਏ ਜਾਂਦੇ ਸਨ। ਮਹਾਰਾਜਾ ਵੱਲੋਂ ਅਰਦਾਸ ਕਰਵਾਏ ਗਏ ਰੁਪਇਆਂ ਨਾਲ ਬਿਜਲੀ ਪੈਦਾ ਕਰਨ ਲਈ ਲੱਕੜ, ਕੋਲੇ ਨਾਲ ਚੱਲਣ ਵਾਲੇ ਇੰਜਣ ਤੇ ਤਾਰਾਂ ਦੀ ਫਿਟਿੰਗ ਲਈ ਖੰਭਿਆਂ ਸਮੇਤ ਹੋਰ ਸਾਮਾਨ ਖ਼ਰੀਦਿਆ ਗਿਆ। ਦੂਜੇ ਪਾਸੇ ਸਿੰਘ ਸਭਾ ਲਾਹੌਰ ਸਮੇਤ ਸ੍ਰੀ ਦਰਬਾਰ ਸਾਹਿਬ ਵਿਖੇ ਗ੍ਰੰਥੀ ਭਾਈ ਹਰਨਾਮ ਸਿੰਘ, ਭਾਈ ਭਗਤ ਸਿੰਘ, ਭਾਈ ਪ੍ਰਤਾਪ ਸਿੰਘ ਵਲੋਂ ਇਸ ਦੇ ਵਿਰੋਧ 'ਚ ਪੱਤਰ ਲਿਖਿਆ ਗਿਆ, ਜੋ 'ਬਿਜਲੀ ਵਿਦਰਾਨ' ਸਿਰਲੇਖ ਹੇਠ ਛਪਿਆ। ਸ੍ਰੀ ਹਜ਼ੂਰ ਸਾਹਿਬ ਨੰਦੇੜ ਦੇ ਪ੍ਰਬੰਧਕਾਂ ਵੱਲੋਂ ਵੀ ਇਸ ਦਾ ਵਿਰੋਧ ਕੀਤਾ ਗਿਆ। ਸਿੰਘ ਸਭਾ ਲਹਿਰ ਦੇ ਚਰਚਿਤ ਨਾਂਅ ਬਾਬੂ ਤੇਜਾ ਸਿੰਘ ਭਸੌੜ ਵੱਲੋਂ ਵੀ ਖ਼ਾਲਸਾ ਅਖਬਾਰ ਦੇ 3 ਸਤੰਬਰ 1897 ਦੇ ਅੰਕ ਵਿੱਚ ਇਸ ਦਾ ਵਿਰੋਧ ਕੀਤਾ ਗਿਆ। ਉਨ੍ਹਾਂ ਦਾ ਮੁੱਢਲਾ ਤਰਕ ਸੀ ਕਿ ਦਰਬਾਰ ਸਾਹਿਬ ਪੂਰਬੀ ਇਮਾਰਤ ਹੈ, ਜਦਕਿ ਬਿਜਲੀ ਪੱਛਮ ਦੀ ਦੇਣ ਹੈ, ਇਸ ਲਈ ਇੱਥੇ ਸੱਚ ਦਾ ਪ੍ਰਕਾਸ਼ ਹੋਵੇ, ਰੌਸ਼ਨੀ ਦਾ ਨਹੀਂ।

ਹੋਤੀ ਮਰਦਾਨ ਦੇ ਸੰਤ ਦਿਆਲ ਸਿੰਘ ਖ਼ਾਲਸਾ ਨੇ ਕਿਹਾ ਕਿ ਦਰਬਾਰ ਸਾਹਿਬ ਦੀ ਇਮਾਰਤ ਨੂੰ ਬਿਜਲੀ ਦੀਆਂ ਤਾਰਾਂ ਰਾਹੀਂ ਖੋਦਣਾ ਭਾਰੀ ਬੇਹੁਰਮਤੀ ਹੈ ਪਰ ਇਸ ਵਿਰੋਧ ਦੇ ਬਾਵਜੂਦ ਬਿਜਲੀ ਸ਼ੁਰੂ ਕੀਤੀ ਗਈ ਅਤੇ ਬਿਜਲੀ ਸ਼ੁਰੂ ਕੀਤੇ ਜਾਣ ਤੋਂ ਬਾਅਦ ਜਨਰੇਟਰ ਦਰਬਾਰ ਸਾਹਿਬ ਦੇ ਪੁਰਾਣੇ ਦਫ਼ਤਰ ਦੇ ਨਾਲ ਵਾਲੀ ਗਲੀ ਵਿੱਚ ਲਗਾਇਆ ਗਿਆ। ਤਾਰਾਂ ਦੀ ਫਿਟਿੰਗ ਲਈ ਲਾਏ ਗਏ ਖੰਭੇ ਜਿਨ੍ਹਾਂ ਦੀ ਗਿਣਤੀ ਉਸ ਸਮੇਂ 8 ਸੀ, 'ਚੋਂ 4 ਪਰਿਕਰਮਾ ਚੌੜੀ ਕਰਨ ਸਮੇਂ ਉਤਾਰ ਦਿੱਤੇ ਗਏ, ਜਦਕਿ ਬਾਕੀ ਚਾਰਾਂ 'ਚੋਂ ਚਾਰੇ ਕੋਨਿਆਂ ਵਿੱਚ ਅੱਜ ਵੀ ਮੌਜੂਦ ਹਨ। ਉਪਰੋਕਤ ਖੰਭਿਆਂ 'ਤੇ ਦਿਲਕਸ਼ ਮੀਨਾਕਾਰੀ ਕੀਤੀ ਗਈ ਹੈ। ਹਾਲਾਂਕਿ ਇਹ ਗੱਲ ਵੱਖਰੀ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀ ਬਹੁਤੀ ਸੰਗਤ ਨੂੰ ਇਨ੍ਹਾਂ ਇਤਿਹਾਸਕ ਖੰਭਿਆਂ ਬਾਰੇ ਜਾਣਕਾਰੀ ਨਹੀਂ ਹੈ।

# ਹੋਲਾ ਮਹੱਲਾ : ਖ਼ਾਲਸਾਈ ਜਾਹੋ ਜਲਾਲ ਦਾ ਪ੍ਰਤੀਕ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ 20 ਸਾਲ ਦੇ ਸਮੇਂ ਤੋਂ ਵੱਧ ਆਨੰਦਪੁਰ ਸਾਹਿਬ ਦੀ ਪਾਵਨ ਧਰਤੀ ’ਤੇ ਠਹਿਰੇ। ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਦੇ ਪੁਰਾਤਨ ਇਤਿਹਾਸਕ ਤਿਉਹਾਰਾਂ ਵਿੱਚ ‘ਹੋਲਾ ਮਹਲਾ’ ਦੇ ਤਿਉਹਾਰ ਦਾ ਵੀ ਮਹੱਤਵਪੂਰਨ ਸਥਾਨ ਹੈ। ਜੋ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਜੋ ਕਿ ਸ਼ਾਨਮੱਤੇ ਇਤਿਹਾਸ, ਗੌਰਵਮਈ ਵਿਰਸੇ ਬੀਰ ਰਸ ਨਾਲ ਜੰਗਾਂ ਵਿੱਚ ਕੁਰਬਾਨੀ, ਰਵਾਇਤੀ ਸ਼ਸ਼ਤਰਾਂ ਦਾ ਸਤਿਕਾਰ ਅਤੇ ਪ੍ਰਯੋਗ ਦ੍ਰਿੜ ਕਰਵਾਉਂਦਾ ਹੈ। ਹੋਲਾ ਮਹੱਲਾ ਖ਼ਾਲਸਾਈ ਜਾਹੋ ਜਹਾਲ ਦਾ ਪ੍ਰਤੀਕ ਹੈ। ਸੰਸਾਰਕ ਇਤਿਹਾਸਕ ਤਿਉਹਾਰਾਂ ਵਿੱਚ ਮੌਸਮ ਦੇ ਬਦਲਣ ਨਾਲ ਹੋਲੀ ਤੇ ਬਸੰਤ ਦੇ ਖੇੜੇ ਮਨੁੱਖ ਮਨ ਵਿੱਚ ਅਨੰਦ ਭਰਦੇ ਹਨ। ਮਨੁੱਖੀ ਚੇਤਨਾ ਵਿੱਚ ਮਹਾਨ ਘਲੂਘਾਰਿਆਂ ਦੀ ਵੀਰ ਭੂਮੀ ਨੇ ਜਿੱਥੇ ਪੁਰਾਤਨ ਪਿੜ ਨੂੰ ਕਾਇਮ ਰੱਖਿਆ ਹੈ, ਉੱਥੇ ਖ਼ਾਲਸਾ ਪੰਥ ਨੇ ਆਪਣੀ ਨਿਵੇਕਲੀ ਪਛਾਣ ਨਾਲ ਜੋੜ ਕੇ ਖ਼ਾਲਸਾਈ ਤਿਉਹਾਰ ਬੜੇ ਜਾਹੋ ਜਹਾਲ ਨਾਲ ਮਨਾਏ ਹਨ।

ਹੋਲਾ ਅਰਬੀ ਭਾਸ਼ਾ ਦਾ ਸ਼ਬਦ ‘ਹੂਲ’ ਭਾਵ ਭਲੇ ਕੰਮ ਲਈ ਜੂਝਣਾ, ਸੀਸ ਤਲੀ ’ਤੇ ਧਰ ਕੇ ਲੜਨਾ ਤਲਵਾਰ ਦੀ ਧਾਰ ’ਤੇ ਚੱਲਣਾ। ਮਹੱਲਾ ਫ਼ਾਰਸੀ ਦੇ ਸ਼ਬਦ ‘ਮਹਲਾ’ ਭਾਵ ਉਹ ਅਸਥਾਨ ਜਿੱਥੇ ਫ਼ਤਹਿ ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। ਸਿੱਖ ਗੁਰੂਆਂ ਦਾ ਉਪਦੇਸ਼ ਹੈ ਕਿ ਜ਼ੁਲਮ, ਅਨਿਆਂ ਅਤੇ ਰਾਜਨੀਤਿਕ ਵਧੀਕੀਆਂ ਦੇ ਖ਼ਿਲਾਫ਼ ਮਰ ਮਿੱਟਣ ਲਈ ਤਿਆਰ ਰਹਿਣ। ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ’ਤੇ ਖ਼ਾਲਸਾ ਪੰਥ ਦੀ ਸਾਜਣਾ ਕੀਤੀ। ਸਿੱਖ ਪੰਥ ਵਿੱਚ ਕ੍ਰਾਂਤੀਕਾਰੀ ਤਬਦੀਲੀ ਆਈ। ਗੁਰੂ ਸਾਹਿਬ ਜੀ ਨੇ ਦਬੇ ਕੁੱਚਲੇ, ਗਰੀਬ, ਨਿਕੰਮੇ, ਨਿਤਾਣੇ ਨਿਖਿੱਧ ਨੀਚ ਵਰਗਾਂ ਨੂੰ ਇੱਕਠੇ ਕਰਕੇ ਸਵੈ ਮਾਣ ਦਾ ਜਜਬਾ ਭਰ ਕੇ ਉਹਨਾਂ ਨੂੰ ਸਵੈ ਮਾਣ ਨਾਲ ਪੰਥ ਦੀ ਰੱਖਿਆ ਲਈ ਜੂਝ ਕੇ ਕੁਰਬਾਨ ਹੋ ਜਾਣ ਵਾਲੇ ਸੂਰਬੀਰ ਯੋਧੇ ਨੂੰ ਫ਼ੌਜੀ ਖ਼ਾਲਸਾ ਸਾਜਿਆ। ਉਹਨਾਂ ਦੇ ਦਿਲਾਂ ਵਿੱਚ ਪੂਰਨ ਮਨੁੱਖੀ ਆਜ਼ਾਦੀ ਲਈ ਜੋਸ਼ ਭਰਿਆ। ਉਹਨਾਂ ਵਿਚੋਂ ਮੌਤ ਦੇ ਡਰ ਨੂੰ ਕੱਢ ਕੇ ਬਲਵਾਨ ਅਣਖੀ ਯੋਧੇ ਬਣਾਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੰਪਰਾਗਤ ਰਹੁ ਰੀਤਾਂ ਅਤੇ ਤਿਉਹਾਰਾਂ ਨੂੰ ਵੀ ਇਨਕਲਾਬੀ ਢੰਗ ਨਾਲ ਮਨਾਉਣ ਦੀ ਪ੍ਰੇਣਾ ਦਿੱਤੀ। ਉਹਨਾਂ ਨੇ ਸਿੰਘਾਂ ਨੂੰ ਸ਼ਸ਼ਤਰ ਵਿਦਿਆ ਵਿੱਚ ਨਿੰਪੁਨ ਬਣਾਇਆ। ਉਹਨਾਂ ਨੇ ਹੋਲਾ ਮਹੱਲਾ ਦੇ ਤਿਉਹਾਰ ਨੂੰ ਸੂਰਮਗਤੀ ਨਾਲ ਜੋੜਲ ਦਿੱਤਾ। ਉਹਨਾਂ ਚਾਹਿਆ ਕਿ ਸਮਾਜ ਵਿੱਚ ਨਰੋਆ ਪ੍ਰੀਵਰਤਨ ਆਵੇ ਕਿ ਸਮਾਜ ਨੂੰ ਸਾਰਥਿਕ ਅਤੇ ਉਸਾਰੂ ਸੇਧ ਮਿਲ ਸਕੇ। ਸ਼ਸ਼ਤਰਾਂ ਦਾ ਅਭਿਆਸ ਜਾਰੀ ਰੱਖਿਆ। ਗੁਰੂ ਸਾਹਿਬ ਜੀ ਨੇ ਮੀਰੀ ਪੀਰੀ ਦੇ ਸਿਧਾਂਤ ਨੂੰ ਕਾਇਮ ਰੱਖਣ ਲਈ ਸ਼ਸ਼ਤਰਾਂ ਦੀ ਵਰਤੋਂ ਨੂੰ ਪ੍ਰਪੱਕ ਬਣਾਇਆ। ਜ਼ੁਲਮ ਦੇ ਖ਼ਿਲਾਫ਼ ਸੱਚ ਦੀ ਜਿੱਤ ਦਾ ਸੰਕਲਪ ਦ੍ਰਿੜ ਕਰਵਾਉਣਾ ਸੀ। ਹੋਲਾ ਮਹੱਲਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪੰਜਾਬ ਦੇ ਉੱਤਰੀ ਪੂਰਬੀ ਖੇਤਰ ਦੇ ਰੋਪੜ ਜ਼ਿਲ੍ਹੇ ਵਿੱਚ ਸ਼ਿਵਾਲਕ ਤਲਹਟੀਆ ਖਾਸ ਕਰਕੇ ਆਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਇਤਿਹਾਸਕ ਨਗਰਾਂ ਆਲੇ ਦੁਆਲੇ 22 ਫ਼ਰਵਰੀ 1701 ਈ. ਵਿੱਚ ਆਨੰਦਪੁਰ ਸਾਹਿਬ ਦੇ ਹੋਲਗੜ੍ਹ ਕਿਲੇ ਤੋਂ ਆਰੰਭ ਹੋਇਆ। ਇਸ ਤਿਉਹਾਰ ਨੂੰ ਨਵਾਂ ਰੂਪ ਦੇ ਕੇ ਫ਼ਰਜੀ ਜੰਗੀ ਹੁਨਰ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਬਣਾਇਆ। ਇੱਕ ਨਵੀਂ ਪ੍ਰੰਪਰਾ ਆਰੰਭ ਕੀਤੀ। ਹੋਲੀਆਂ ਦਿਨ ਸਵੇਰ ਦੇ ਦੀਵਾਨ ਉਪਰੰਤ ਕਵੀ ਦਰਬਾਰ ਲੱਗਦੇ, ਰਾਗ ਸਭਾਵਾਂ ਹੁੰਦੀਆਂ, ਚੋਣਵੇਂ ਚੋਟੀ ਦੇ ਕਵੀ ਢਾਡੀ, ਕੀਰਤਨੀਏ, ਰਾਗੀ ਆਪਣਾ ਦੀਵਾਨ ਸਜਾਉਂਦੇ। ਸ਼ਾਮ ਵੇਲੇ ਤਾਕਤ ਬਹਾਦਰੀ ਦੇ ਕਰੱਤਬ, ਫ਼ੌਜੀ ਅਭਿਆਸ, ਖੇਡਾਂ ਦਾ ਪਿੜ ਬੱਝਦਾ। ਅਤਰ ਫ਼ੁਲੇਲ ਦੀਆਂ ਸੁਗੰਧੀਆਂ ਦੀ ਫ਼ੁਹਾਰ ਖੁਸ਼ਬੂਦਾਰ ਬਸੰਤੀ ਤੇ ਗੁਲਾਬੀ ਫ਼ੁੱਲਾਂ ਦੀ ਵਰਖਾ ਕੀਤੀ ਜਾਂਦੀ। ਸਾਰਾ ਦਿਨ ਨਵੀਂ ਉਮੰਗ ਅਤੇ ਨਵੀਂ ਜਿੰਦ ਜਾਨ ਦਾ ਜੋਸ਼ ਠਾਠਾਂ ਮਾਰਦਾ। ਹਰ ਪਾਸੇ ਚੜ੍ਹਦੀ ਕਲਾ ਦਾ ਪਸਾਰਾ ਬਣਿਆ ਰਹਿੰਦਾ।

ਹੋਲੀ ਤੋਂ ਅਗਲੇ ਦਿਨ ਹੋਲਾ ਮਹੱਲਾ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ। ਗੁਰੂ ਸਾਹਿਬ ਆਪਣੀ ਫ਼ੌਜ ਨੂੰ ਦੋ ਦਲਾਂ ਵਿੱਚ ਵੰਡ ਲੈਂਦੇ ਸਨ। ਦੋਹਾਂ ਦੇ ਬਸਤਰ ਵੱਖਰੇ ਵੱਖਰੇ ਹੁੰਦੇ ਸਨ। ਹਿੱਕ ਦਲ ਹਵੇਲੀ ਵਿੱਚ ਡੇਰਾ ਲਾ ਲੈਂਦਾ ਸੀ। ਜਿਸ ਨੂੰ ਫ਼ਰਜੀ ਕਿਲਾ ਕਿਹਾ ਜਾਂਦਾ ਸੀ। ਦੂਸਰਾ ਦਲ ਗੁਰੂ ਸਾਹਿਬ ਜੀ ਦੀ ਅਗਵਾਈ ਹੇਠ ਉਸ ਕਿਲੇ ਨੂੰ ਸਰ ਕਰਨ ਲਈ ਪੂਰੇ ਜੋਸ ਨਾਲ ਚੜਾਈ ਕਰਕੇ ਆਉਂਦਾ ਸੀ। ਬੜੀ ਡੱਟਵੀਂ ਫ਼ਰਜੀ ਲੜਾਈ ਹੁੰਦੀ ਸੀ। ਦੋਹਾਂ ਦਲਾਂ ਨੂੰ ਆਦੇਸ਼ ਹੁੰਦਾ ਸੀ ਕਿ ਕਿਸੇ ’ਤੇ ਜਾਨੀ ਹਮਲਾ ਨਹੀਂ ਕਰਨਾ ਤੇ ਨਾ ਹੀ ਕੋਈ ਫ਼ੱਟੜਾਂ ਹੋਵੇ। ਦੋਹਾਂ ਪਾਸਿਓਂ ਛੋਟੀਆਂ ਛੋਟੀਆਂ ਫ਼ੌਜੀ ਟੁਕੜੀਆਂ ਆਪਣੇ ਜੰਗੀ ਕਰਤੱਬ ਦਿਖਾਉਂਦੀਆਂ। ਅੰਤ ਵਿੱਚ ਕਿਲਾ ਫ਼ਤਹਿ ਹੋ ਜਾਂਦਾ। ਇਸ ਜਿੱਤ ਨੂੰ ਮਨਾਉਣ ਦਾ ਵੀ ਵਿਲੱਖਣ ਢੰਗ ਸੀ। ਬਹੁਤ ਸਾਰਾ ਕੜਾਹ ਪ੍ਰਸ਼ਾਦ ਸਾਫ਼ ਸੁਥਰੀ ਥਾਂ ਤੇ ਸਾਫ਼ ਸੁਥਰੀਆਂ ਚਾਦਰਾਂ ਉਪਰ ਰਖਿਆ ਜਾਂਦਾ ਸੀ। ਸਿੰਘਾਂ ਨੂੰ ਹੁਕਮ ਹੁੰਦਾ ਸੀ ਕਿ ਸਾਰੇ ਹੱਲਾ ਕਰਕੇ ਜਿੰਨਾ ਕਿਸੇ ਦੀ ਪਹੁੰਚ ਵਿੱਚ ਹੋਵੇ, ਛੱਕ ਲਵੇ। ਨਾਲ ਹੀ ਇਹ ਵੀ ਹੁਕਮ ਸੀ ਕਿ ਪ੍ਰਸ਼ਾਦ ਦੀ ਬੇਅਦਬੀ ਨਾ ਹੋਵੇ। ਲੁੱਟ ਖਸੁੱਟ ਜਾਂ ਖੋਹਾ ਖੋਹੀ ਨਾ ਹੋਵੇ ਤਾਂ ਜੋ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹੇ। ਇਸ ਤਰ੍ਹਾਂ ਇਹ ਖ਼ਾਲਸੇ ਦੀ ਮੌਜ਼ ਅਤੇ ਜਾਹੋ ਜਹਾਲ ਦਾ ‘ਹੋਲਾ ਮਹੱਲਾ’ ਸੰਪੰਨ ਹੁੰਦਾ।

ਮਹੱਲਾ ਕੱਢਣ ਦੀ ਰੀਤ ਵਰਤਮਾਨ ਵਿੱਚ ਵੀ ਨਿਭਾਈ ਜਾਂਦੀ ਹੈ। ਇਸ ਤਿਉਹਾਰ ਵਿੱਚ ਜੰਗੀ ਢੋਲ ਮਿਆਰੀ ਧੁੰਨਾਂ ਨਾਲ ਅਤੇ ਨਿਹੰਗ ਸਿੰਘ ਰਵਾਇਤੀ ਬਾਣੇ ਵਿੱਚ ਕੇਸਗੜ੍ਹ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਫ਼ੌਜੀ ਟੁਕੜੀਆਂ ਦੇ ਰੂਪ ਵਿੱਚ ਨਗਾਰਿਆਂ ਦੀ ਗੂੰਜ ਵਿੱਚ ਨਿਸ਼ਾਨ ਸਾਹਿਬ ਚੜਾਏ ਜਾਂਦੇ ਹਨ। ਮਹੱਲਾ ਆਰੰਭ ਹੁੰਦਾ ਹੈ। ਇਹ ਇੱਕ ਭਾਈਚਾਰਕ ਜੋੜ ਮੇਲਾ ਹੈ। ਇਹ ਧਾਰਮਿਕ ਪ੍ਰੰਪਰਾਵਾਂ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇੱਕ ਜਲੂਸ ਦੀ ਸ਼ਕਲ ਵਿੱਚ ਇੱਕ ਗੁਰਧਾਮ ਤੋਂ ਦੂਸਰੇ ਗੁਰਧਾਮ ਜਿਵੇਂ ਕਿਲਾ ਆਨੰਦਗੜ੍ਹ ਲੋਹਗੜ੍ਹ ਸਾਹਿਬ , ਮਾਤਾ ਜੀਤੋ ਜੀ ਗੁਰਧਾਮ ਤੋਂ ਹੁੰਦਾ ਹੋਇਆ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਸਮਾਪਤ ਹੁੰਦਾ ਹੈ।

ਇਸ ਦਿਨ ਵੱਡਾ ਜਲੂਸ ਜਿਸ ਨੂੰ ਮਹੱਲਾ ਕਹਿੰਦੇ ਹਨ। ਚਰਨ ਗੰਗਾ ਦੇ ਮੈਦਾਨ ਵਿੱਚ ਪੁੱਜਦਾ ਹੈ। ਅੱਗੇ ਅੱਗੇ ਜੰਗੀ ਕਲਾ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਮਹੱਲਾ ਨਗਾਰਿਆਂ ਦੀ ਧੁੰਨ ਤੇ ਸੱਜ ਧੱਜ ਕੇ ਨਿਹੰਗ ਆਪਣੀ ਪੁਰਾਤਨ ਫ਼ੌਜੀ ਆਨ,ਸ਼ਾਨ ਨਾਲ ਸ਼ਾਮਲ ਹੁੰਦੇ ਹਨ। ਆਪਣੇ ਸ਼ਸ਼ਤਰਾਂ ਦੇ ਕਰਤੱਬੀ ਜੌਹਰ ਵਿਖਾਉਂਦੇ ਹਨ। ਤੇਗ ਦੇ ਕਮਾਲ ਵਿਖਾਏ ਜਾਂਦੇ ਹਨ। ਤਲਵਾਰਬਾਜੀ, ਤੀਰ ਅੰਦਾਜੀ, ਘੋੜ ਸਵਾਰੀ, ਨੇਜ਼ੇਬਾਜੀ ਵਰਗੇ ਜੰਗੀ ਜੌਹਰਾਂ ਦੀ ਕੁਸ਼ਲਤਾ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਮਹੱਲਾ ਤਲਵਾਰਾਂ ਬਰਛਿਆਂ ਅਤੇ ਨੇਜਿਆਂ ਨਾਲ ਵੀ ਖੇਡਿਆ ਜਾਂਦਾ ਹੈ। ਜੰਗੀ ਅਭਿਆਸਾਂ ਦੇ ਨਾਲ ਨਾਲ ਪ੍ਰੰਪਰਾ ਅਨੁਸਾਰ ਦੀਵਾਨ ਵੀ ਸਜਾਏ ਜਾਂਦੇ ਹਨ। ਕਥਾ ਕੀਰਤਨ ਵਿਚਾਰਾਂ ਹੁੰਦੀਆਂ ਹਨ। ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਹਨ। ਕਾਵਿ ਗੋਸ਼ਟੀਆਂ ਤੇ ਕਵੀ ਕਰਬਾਰ ਸਜਾਏ ਜਾਂਦੇ ਹਨ। ਚੜ੍ਹਦੀਗਲਾ ਦਾ ਉਤਸ਼ਾਹ ਬਣਿਆ ਰਹਿੰਦਾ ਹੈ। ਹੋਲੇ ਮਹੱਲੇ ਦੀ ਰਵਾਇਤ ਨੂੰ ਕਾਇਮ ਰੱਖਦਿਆਂ ਇਹ ਤਿਉਹਾਰ ਤਿੰਨ ਸਦੀਆਂ ਤੋਂ ਵਧੇਰੇ ਸਮੇਂ ਤੋਂ ਨਿਯਮਤ ਤੌਰ ’ਤੇ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਦਾ ਹੈ। ਜੋ ਸਿੱਖ ਵਿਰਸੇ ਬਾਰੇ ਵਧੇਰੇ ਜਾਗ੍ਰਿਤ ਕਰਦਾ ਹੈ।

ਇਹ ਹੁਣ ਭਾਰਤ ਦਾ ਰਾਸ਼ਟਰੀ ਤਿਉਹਾਰ ਹੈ। ਜੋ ਬਹਾਦਰੀ ਅਤੇ ਰੱਖਿਆ ਦੇ ਤਿਆਰੀ ਅਭਿਆਸ ਵਿੱਚ ਗੁਰੂ ਸਾਹਿਬ ਜੀ ਦੇ ਬਹਾਦਰੀ ਦੇ ਸੰਕਲਪ ਨੂੰ ਦ੍ਰਿੜ ਕਰਵਾਉਂਦਾ ਹੈ। ਜੋ ਮੁਗਲ ਸਾਮਰਾਜ ਅਤੇ ਪਹਾੜੀ ਰਾਜਿਆਂ ਦੇ ਹਮਲੇ ਤੋਂ ਸਿੱਖਾਂ ਦੀ ਰੱਖਿਆ ਕਰਦੇ ਸਨ।

‘ਹੋਲਾ ਮਹੱਲਾ’ ਦੀਆਂ ਵਿਸ਼ੇਸ਼ਤਾਈਆਂ ਵਿਖੇ ਕੇ ਭਾਰਤੀ ਲੋਕਾਂ ਦੇ ਮਨਾਂ ਵਿੱਚ ਇਸ ਦਾ ਬੜਾ ਪ੍ਰਭਾਵ ਪਿਆ ਹੈ। ਉਹ ‘ਹੋਲਾ ਮਹੱਲਾ’ ਦੇ ਵਿਸ਼ੇਸ਼ ਉਤਸਵ ਵਿੱਚ ਹੁੰਮ ਹੁਮਾ ਕੇ ਸ਼ਾਮਲ ਹੋਣ ਲੱਗੇ ਹਨ। ਕੀਰਤਪੁਰ ਸਾਹਿਬ , ਨੰਦੇੜ ਵਿੱਚ ਵੀ ਮਹੱਲਾ ਨਿਕਲਦਾ ਹੈ। ਮਹੱਲੇ ਦੇ ਅੱਗੇ ਇੱਕ ਸ਼ਿੰਗਾਰਿਆ ਹੋਇਆ ਨੀਲਾ ਘੋੜਾ ਨਿਕਲਦਾ ਹੈ। ਪਿੱਛੇ ਸੰਗਤ ਚਲ ਪੈਂਦੀ ਹੈ। ਫ਼ਿਰ ਕੁਝ ਸੂਰਮੇ ਹਵਾ ਵਿੱਚ ਗੋਲੀ ਦਾਗਦੇ ਹਨ। ਜਿਵੇਂ ਕਿਸੇ ਦੁਸ਼ਮਣ ’ਤੇ ਹਮਲਾ ਕੀਤਾ ਹੋਵੇ। ਘੋੜਾ ਬੜੀ ਤੇਜ਼ੀ ਨਾਲ ਦੌੜਦਾ ਹੈ। ਪਿੱਛੇ ਸੰਗਤ ਦੌੜ ਪੈਂਦੀ ਹੈ। ਇਸ ਤਰ੍ਹਾਂ ਮਹੱਲਾ ਜ਼ੋਰਾਂ ’ਤੇ ਹੁੰਦਾ ਹੈ।

ਦੇਖਦੇ ਹੀ ਦੇਖਦੇ ਮਹੱਲਾ ਭਰ ਜਾਂਦਾ ਹੈ। ਗੁਰਦੁਆਰਾ ਪਾਉਂਟਾ ਸਾਹਿਬ ਦੇ ਬਾਹਰ ਉਤਸਵ ਹੁੰਦਾ ਹੈ। ਸੰਗਤਾਂ ਭਾਰੀ ਗਿਣਤੀ ਵਿੱਚ ਸ਼ਾਮਲ ਹੁੰਦੀਆਂ ਹਨ। ਇਹ ਨਜ਼ਾਰਾ ਦੇਖਿਆ ਹੀ ਬਣਦਾ ਹੈ। ਜੋ ਯਾਦਗਾਰੀ ਹੋ ਨਿਬੜਦਾ ਹੈ। ਜਿਥੇ ਸੂਰਮੇ ਆਪਣੇ ਜੰਗੀ ਕਰਤੱਬ ਦਿਖਾਉਂਦੇ ਹਨ, ਉਥੇ ਵਿਸ਼ੇਸ਼ ਤੌਰ ’ਤੇ ਕਵੀ ਦਰਬਾਰ ਸਜਾਏ ਜਾਂਦੇ ਹਨ, ਕਵੀ ਆਪਣੰਆਂ ਕਵਿਤਾਵਾਂ ਦਾ ਰੰਗ ਭਰਦੇ ਹਨ।

ਗੁਰਬਾਣੀ ਵਿੱਚ ਹੋਲੀ ਦਾ ਰੰਗ ਚਿਤ੍ਰਿਆ ਹੈ, ਜੋ ਪਰਮਾਤਮਾ ਦੀ ਸਿਫ਼ਤਿ ਸਾਲਾਹ ਦਾ ਰੰਗ ਚੜ੍ਹਦਾ ਹੈ।

ਅੰਤਿਕਾ : ਹੇ ਭਾਈ ! ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਬਰਕਤ ਨਾਲ ਮੇਰੇ ਅੰਦਰ ਮਾਨੋ ਫ਼ੱਗਣ ਦੀ ਹੋਲੀ ਬਣੀ ਪਈ ਹੈ। ਪ੍ਰਭੂ ਦੇ ਸੰਤ ਜਨ ਸਾਧ ਸੰਗਤ ਵਿੱਚ ਮਿਲ ਕੇ ਇਹ ਹੋਲੀ ਖੇਡਣ ਲੱਗ ਪਏ ਹਨ। ਹੇ ਭਾਈ ਇਹ ਹੋਲੀ ਕੀਹ ਹੈ ? ਸੰਤ ਜਨਾ ਦੀ ਸੇਵਾ ਨੂੰ ਮੈਂ ਹੋਲੀ ਬਣਾਇਆ ਹੈ। ਸੰਤ ਜਨਾਂ ਦੀ ਸੰਗਤ ਦੀ ਬਰਕਤ ਨਾਲ ਮੇਰੇ ਅੰਦਰ ਪਰਮਾਤਮਾ ਦੇ ਪਿਆਰ ਦਾ ਗੂੜਾ ਆਤਮਿਕ ਰੰਗ ਚੜ ਗਿਆ ਹੈ। ਅੰਗ 1180



# ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ . . .

ਮਨਪ੍ਰੀਤ ਸਿੰਘ ਰੂਬੀ





ਚਰਖਾ ਪੰਜਾਬੀ ਸੱਭਿਆਚਾਰ ਅਤੇ ਪੁਰਾਤਨ ਜੀਵਨ ਦਾ ਇੱਕ ਅਹਿਮ ਹਿੱਸਾ ਰਿਹਾ ਹੈ। ਪੁਰਾਣੇ ਸਮਿਆਂ ਵਿੱਚ ਪੰਜਾਬ ਦੇ ਹਰ ਘਰ ਵਿੱਚ ਚਰਖਾ ਮਿਲਦਾ ਸੀ। ਇਹ ਇੱਕ ਸਾਧਾਰਨ ਜਿਹੀ ਲੱਕੜ ਦੀ ਮਸ਼ੀਨ ਹੈ ਜਿਸ ਨੂੰ ਹੱਥ ਨਾਲ ਚਲਾ ਕੇ ਕਪਾਹ ਦੀ ਰੂੰ ਨੂੰ ਕੱਤਿਆ ਜਾਂਦਾ ਅਤੇ ਇਸ ਨਾਲ ਸੂਤ (ਧਾਗਾ) ਤਿਆਰ ਕੀਤਾ ਜਾਂਦਾ ਸੀ। ਚਰਖੇ ਨਾਲ ਤਿਆਰ ਕੀਤਾ ਧਾਗਾ ਕੱਪੜੇ ਤਿਆਰ ਕਰਨ ਲਈ ਵਰਤਿਆ ਜਾਂਦਾ ਸੀ। ਅਸਲ ਵਿੱਚ ਚਰਖਾ ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਟੈਕਸਟਾਈਲ ਉਦਯੋਗ ਦੀ ਬੁਨਿਆਦ ਸੀ। ਉਸ ਧਾਗੇ ਨਾਲ ਹੀ ਫਿਰ ਅੱਗੋਂ ਕੱਪੜੇ ਤਿਆਰ ਕੀਤੇ ਜਾਂਦੇ ਸਨ। ਇਸ ਤਰ੍ਹਾਂ ਚਰਖਾ ਘਰੇਲੂ ਉਦਯੋਗ ਦਾ ਮਹੱਤਵਪੂਰਨ ਸਾਧਨ ਸੀ ਅਤੇ ਇਹ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨਾਲ ਗੂੜ੍ਹੇ ਤੌਰ 'ਤੇ ਜੁੜਿਆ ਰਿਹਾ ਹੈ। ਸਮੇਂ ਦੇ ਨਾਲ ਨਾਲ ਚਰਖੇ ਦੀ ਬਣਤਰ ਤੇ ਰੂਪ ਬਦਲਦੇ ਰਹੇ ਹਨ।

ਪੰਜਾਬ ਦੇ ਪਿੰਡਾਂ ਵਿੱਚ ਆਮ ਕਰਕੇ ਦੁਪਹਿਰ ਵੇਲੇ ਜਾਂ ਖਾਲੀ ਸਮੇਂ ਦੌਰਾਨ ਮੁਟਿਆਰਾਂ ਇਕੱਠੀਆਂ ਬੈਠ ਕੇ ਚਰਖਾ ਕੱਤਦੀਆਂ ਸਨ। ਚਰਖੇ ਦੀ ਹੌਲੀ-ਹੌਲੀ ਘੁੰਮਦੀ ਧੁਨ ਨਾਲ ਉਹ ਮਿੱਠੇ ਲੋਕ-ਗੀਤ ਗਾਉਂਦੀਆਂ। ਇਸ ਨਾਲ ਮਾਹੌਲ ਖ਼ੁਸ਼ਗਵਾਰ ਹੋ ਜਾਂਦਾ ਸੀ ਅਤੇ ਕੰਮ ਵੀ ਆਸਾਨ ਲੱਗਦਾ ਸੀ। ਉਸ ਵੇਲੇ ਚਰਖਾ ਸਿਰਫ਼ ਇੱਕ ਮਸ਼ੀਨ ਨਹੀਂ ਸੀ, ਸਗੋਂ ਪੰਜਾਬੀ ਲੋਕ-ਸਾਹਿਤ, ਲੋਕ-ਗੀਤਾਂ ਅਤੇ ਰਵਾਇਤਾਂ ਦਾ ਵੀ ਅਟੁੱਟ ਹਿੱਸਾ ਰਿਹਾ ਹੈ। ਸਮੇਂ, ਖੇਤਰ ਅਤੇ ਜ਼ਰੂਰਤ ਅਨੁਸਾਰ ਚਰਖੇ ਦੇ ਰੂਪ ਵੀ ਬਦਲਦੇ ਰਹੇ ਹਨ। ਮੰਨਿਆ ਜਾਂਦਾ ਹੈ ਕਿ ਚਰਖੇ ਦਾ ਪ੍ਰਯੋਗ ਗਿਆਰ੍ਹਵੀਂ ਸਦੀ ਵਿੱਚ ਸ਼ੁਰੂ ਹੋਇਆ ਅਤੇ ਤੇਰ੍ਹਵੀਂ ਸਦੀ ਤੱਕ ਇਹ ਕਾਫ਼ੀ ਵਿਕਸਤ ਹੋ ਚੁੱਕਾ ਸੀ। ਕਈ ਦਹਾਕਿਆਂ ਪਹਿਲਾਂ ਤੱਕ ਚਰਖਾ ਹਰ ਘਰ ਦਾ ਸ਼ਿੰਗਾਰ ਹੁੰਦਾ ਸੀ। ਇੱਕ ਘਰ ਵਿੱਚ ਇੱਕ ਨਹੀਂ ਸਗੋਂ ਇੱਕ ਤੋਂ ਵੱਧ ਚਰਖੇ ਮਿਲ ਜਾਂਦੇ ਸਨ। ਜੇ ਕਹਿ ਲਿਆ ਜਾਵੇ ਕਿ ਘਰ ਵਿੱਚ ਜਿੰਨੀਆਂ ਸੁਆਣੀਆਂ ਹੁੰਦੀਆਂ ਸਨ, ਓਨੇ ਹੀ ਚਰਖੇ ਉਸ ਘਰ ਵਿੱਚ ਹੁੰਦੇ ਸਨ ਤਾਂ ਜੋ ਹਰ ਸੁਆਣੀ ਚਰਖਾ ਕੱਤ ਕੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰ ਸਕੇ। ਇਹੋ ਨਹੀਂ ਲੜਕੀ ਨੂੰ ਵਿਆਹ ਵੇਲੇ ਦਾਜ ਵਿੱਚ ਚਰਖਾ ਵੀ ਦਿੱਤਾ ਜਾਂਦਾ ਸੀ ਤਾਂ ਜੋ ਉਹ ਆਪਣੇ ਪਰਿਵਾਰ ਦੇ ਜੀਵਨ ਨਿਰਵਾਹ ਵਿੱਚ ਆਪਣਾ ਯੋਗਦਾਨ ਪਾ ਸਕੇ।

ਪੰਜਾਬੀ ਲੋਕ-ਗੀਤਾਂ ਵਿੱਚ ਚਰਖੇ ਦਾ ਬਹੁਤ ਸੋਹਣਾ ਵਰਣਨ ਮਿਲਦਾ ਹੈ। ਚਰਖੇ ਦੇ ਤੱਕਲੇ ਦੀ ਤੰਦ ਜੋੜਦਿਆਂ ਹੀ ਪੰਜਾਬੀ ਮੁਟਿਆਰ ਦੇ ਮੂੰਹੋਂ ਆਪ ਮੁਹਾਰੇ ਹੀ ਅਨੇਕਾਂ ਬੋਲ ਗੀਤ ਦੇ ਰੂਪ ਵਿੱਚ ਨਿਕਲ ਕੇ ਬਾਹਰ ਆਉਂਦੇਹਨ। ਪੁਰਾਣੇ ਸਮਿਆਂ ਵਿੱਚ ਗਰਮੀ ਦੀ ਦੁਪਹਿਰ ਨੂੰ ਮੁਟਿਆਰਾਂ ਦੀ ਜੁੜਦੀ ਢਾਣੀ ਜਿਸ ਨੂੰ ਪੰਜਾਬੀ ਸੱਭਿਆਚਾਰ ਵਿੱਚ ਤ੍ਰਿੰਝਣ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਵਿੱਚ ਚਰਖੇ ਦੀ ਸਰਦਾਰੀ ਹੁੰਦੀ ਸੀ। ਚਰਖਾ ਕੱਤਦੀਆਂ ਮੁਟਿਆਰਾਂ ਗੀਤਾਂ ਵਿੱਚ ਹੀ ਆਪਣੇ ਮਾਹੀ ਨੂੰ ਯਾਦ ਕਰਦੀਆਂ ਅਤੇ ਆਪਣੇ ਦਿਲ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰ ਦਿੰਦੀਆਂ। ਅਸਲ ਵਿੱਚ ਕੁੜੀਆਂ ਛੋਟੀ ਉਮਰ ਵਿੱਚ ਹੀ ਚਰਖਾ ਚਲਾਉਣ ਦਾ ਹੁਨਰ ਸਿੱਖ ਲੈਂਦੀਆਂ ਸਨ ਅਤੇ ਸਾਥਣਾਂ ਨਾਲ ਮਿਲ ਕੇ ਚਰਖਾ ਕੱਤਦਿਆਂ ਹੀ ਆਪਣੇ ਕੰਤ ਦੇ ਸੁਪਨੇ ਵੀ ਸਿਰਜ ਲੈਂਦੀਆਂ ਸਨ। ਇਨ੍ਹਾਂ ਸੁਪਨਿਆਂ ਨੂੰ ਹੀ ਉਹ ਆਪਣੇ ਗੀਤ ਦੇ ਬੋਲਾਂ ਨਾਲ ਪ੍ਰਗਟ ਵੀ ਕਰਦੀਆਂ।

ਕੁੜੀਆਂ ਚਰਖਾ ਕੱਤਦਿਆਂ ਜਿੱਥੇ ਪਰਿਵਾਰ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਦੀਆਂ ਤੇ ਆਪਣਾ ਮਨੋਰੰਜਨ ਕਰਦੀਆਂ, ਉੱਥੇ ਚਰਖੇ ਦੀ ਆਵਾਜ਼ ਨਾਲ ਆਪਣੇ ਮਾਹੀ ਨੂੰ ਯਾਦ ਕਰਦੀਆਂ ਹਨ ਜਿਸ ਦੀ ਗਵਾਹੀ ਲੋਕ ਗੀਤ ਦੀਆਂ ਇਹ ਲਾਈਨਾਂ ਭਰਦੀਆਂ ਹਨ;

ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ
ਮਾਹੀਆ ਮੈਨੂੰ ਯਾਦ ਆਂਵਦਾ।
ਮੇਰੇ ਦਿਲ ਵਿੱਚ ਉੱਠਦੀ ਏ ਘੂਕ
ਮਾਹੀਆ ਮੈਨੂੰ ਯਾਦ ਆਂਵਦਾ।

***

ਮੈਂ ਕੱਤਾ ਪ੍ਰੀਤਾਂ ਨਾਲ ਚਰਖਾ ਚੰਨਣ ਦਾ
ਸ਼ਾਵਾ ਚਰਖਾ ਚੰਨਣ ਦਾ।

ਚਰਖੇ ਦੀ ਘੂਕ (ਆਵਾਜ਼) ਬਹੁਤ ਦੂਰ ਤੱਕ ਮਾਰ ਕਰਦੀ ਸੀ ਜਿਸ ਤੋਂ ਜੋਗੀ ਵੀ ਬਚ ਨਹੀਂ ਸਕਦੇ ਸਨ। ਇਸ ਨੂੰ ਲੋਕ ਗੀਤਾਂ ਵਿੱਚ ਇਸ ਤਰ੍ਹਾਂ ਥਾਂ ਮਿਲੀ ਹੈ;

ਜੋਗੀ ਉਤਰ ਪਹਾੜੋਂ ਆਇਆ
ਚਰਖੇ ਦੀ ਘੂਕ ਸੁਣ ਕੇ।

ਇੱਕ ਹੋਰ ਲੋਕ-ਗੀਤ ਵਿੱਚ ਚਰਖੇ ਦੀ ਮਿੱਠੀ ਆਵਾਜ਼ ਅਤੇ ਆਪਣੇ ਪਿਆਰੇ ਦੀ ਯਾਦ ਦਾ ਵਰਣਨ ਮਿਲਦਾ ਹੈ;

ਕੱਤਾਂ ਚਰਖੇ ਦੇ ਘੂੰਗਰੂ ਵੱਜਣ
ਰਾਤੀਂ ਨੀਂਦ ਨਾ ਆਵੇ।
ਦਿਲ ਵਿੱਚ ਵੱਸਿਆ ਸੱਜਣ ਮੇਰਾ
ਯਾਦ ਉਸ ਦੀ ਸਤਾਵੇ।

ਇਹੋ ਨਹੀਂ ਸਗੋਂ ਚਰਖਾ ਬਣਾਉਣ ਵਾਲੇ ਕਾਰੀਗਰ ਦੀ ਵੀ ਗੀਤ ਵਿੱਚ ਸਿਫ਼ਤ ਇਸ ਤਰ੍ਹਾਂ ਕੀਤੀ ਗਈ ਮਿਲਦੀ ਹੈ;

ਕਾਰੀਗਰ ਨੂੰ ਦਿਓ ਵਧਾਈ, ਚਰਖਾ ਜਿਹਨੇ ਬਣਾਇਆ
ਰੰਗਲੇ ਮੁੰਨੇ, ਰੰਗਲੀਆਂ ਗੁੱਡੀਆਂ, ਗੋਲ ਮਝੇਰੂ ਪਾਇਆ
ਮੇਖਾਂ ਲਾਈਆਂ ਵਿੱਚ ਸੁਨਹਿਰੀ, ਹੀਰਿਆਂ ਜੜਤ ਜੜਾਇਆ
ਬੀੜੀਆਂ ਨਾਲ ਖਹੇ ਦਮਕੜਾ, ਤੱਕਲਾ ਫਿਰੇ ਸਵਾਇਆ।
ਕੱਤ ਲੈ ਕੁੜੀਏ ਨੀਂ, ਤੇਰੇ ਵਿਆਹ ਦਾ ਲਾਗੀ ਆਇਆ।

ਗੱਭਰੂ ਵੀ ਚਰਖੇ ਦੇ ਨਾਲ ਨਾਲ ਮੁਟਿਆਰ ਦੀ ਸਿਫ਼ਤ ਇਨ੍ਹਾਂ ਬੋਲਾਂ ਨਾਲ ਕਰਦਾ ਹੈ;

ਕੂਕੇ ਚਰਖਾ ਬਿਸ਼ਨੀਏ ਤੇਰਾ
ਲੋਕਾਂ ਭਾਵੇਂ ਮੋਰ ਬੋਲਦਾ।

ਚਰਖਾ ਕੱਤਣ ਦੀ ਮੁਹਾਰਤ ਰੱਖਣ ਵਾਲੀ ਮੁਟਿਆਰ ਵੀ ਆਪਣੀ ਮੰਗ ਆਪਣੇ ਪਿਆਰੇ ਅੱਗੇ ਕੁਝ ਇਸ ਤਰ੍ਹਾਂ ਰੱਖਦੀ ਹੈ;

ਮਾਂ ਮੇਰੀ ਨੇ ਚਰਖਾ ਦਿੱਤਾ
ਪੀੜ੍ਹੀ ਲੈ ਦੇ ਤੂੰ।
ਮੈਂ ਸਾਰੀ ਰਾਤ ਕੱਤਿਆ ਕਰੂੰ
ਕੱਤਿਆ ਕਰੂੰ ਤੇਰੀ ਰੂੰ।

ਚਰਖਾ ਪੰਜਾਬੀ ਔਰਤਾਂ ਦੀ ਮਿਹਨਤ, ਸਬਰ ਅਤੇ ਕਲਾ ਦਾ ਪ੍ਰਤੀਕ ਵੀ ਹੈ। ਅਸਲ ਵਿੱਚ ਔਰਤਾਂ ਪ੍ਰਾਚੀਨ ਸਮੇਂ ਆਪਣੀ ਮਿਹਨਤ ਨਾਲ ਚਰਖਾ ਕੱਤ ਕੇ ਰੂੰ ਤੋਂ ਧਾਗਾ ਤਿਆਰ ਕਰਦੀਆਂ ਅਤੇ ਘਰ ਦੀਆਂ ਲੋੜਾਂ ਪੂਰੀਆਂ ਕਰਦੀਆਂ ਸਨ। ਇਸ ਤਰ੍ਹਾਂ ਚਰਖਾ ਆਤਮ-ਨਿਰਭਰਤਾ ਅਤੇ ਸਾਦਗੀ ਦਾ ਪ੍ਰਤੀਕ ਵੀ ਰਿਹਾ ਹੈ।

ਪੰਜਾਬ ਦੇ ਇਤਿਹਾਸ ਤੇ ਆਜ਼ਾਦੀ ਦੀ ਲੜਾਈ ਵਿੱਚ ਵੀ ਚਰਖੇ ਦੀ ਖ਼ਾਸ ਥਾਂ ਹੈ। ਆਜ਼ਾਦੀ ਦੀ ਲਹਿਰ ਦੌਰਾਨ ਚਰਖਾ ਖੁਦਮੁਖਤਿਆਰੀ ਅਤੇ ਦੇਸੀ ਵਸਤਾਂ ਦਾ ਪ੍ਰਤੀਕ ਬਣ ਕੇ ਉੱਭਰਿਆ ਸੀ। ਭਾਰਤੀ ਲੋਕਾਂ ਨੂੰ ਆਪਣੇ ਕੱਪੜੇ ਆਪ ਤਿਆਰ ਕਰਨ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਵਿਦੇਸ਼ੀ ਵਸਤਾਂ ਦੀ ਵਰਤੋਂ ਘੱਟ ਹੋ ਸਕੇ। ਇਸ ਤਰ੍ਹਾਂ ਚਰਖੇ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਵੀ ਆਪਣਾ ਯੋਗਦਾਨ ਪਾਇਆ ਹੈ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਚਰਖਾ ਪੰਜਾਬੀ ਸੱਭਿਆਚਾਰ, ਲੋਕ-ਗੀਤਾਂ ਅਤੇ ਪਰੰਪਰਾਵਾਂ ਦਾ ਅਟੁੱਟ ਹਿੱਸਾ ਹੈ। ਇਹ ਸਾਡੀ ਵਿਰਾਸਤ, ਮਿਹਨਤ ਅਤੇ ਸਾਦਗੀ ਦਾ ਪ੍ਰਤੀਕ ਹੈ। ਸਮੇਂ ਦੀ ਚਾਲ ਅਤੇ ਆਧੁਨਿਕਤਾ ਦੀ ਮਾਰ ਚਰਖੇ ਨੂੰ ਝੱਲਣੀ ਪਈ ਹੈ। ਕਿਸੇ ਸਮੇਂ ਹਰ ਘਰ ਦਾ ਸ਼ਿੰਗਾਰ ਮੰਨਿਆ ਜਾਂਦਾ ਚਰਖਾ ਹੁਣ ਗਾਇਬ ਹੋ ਚੁੱਕਾ ਹੈ। ਹੁਣ ਚਰਖਾ ਕੇਵਲ ਅਜਾਇਬ ਘਰਾਂ, ਪ੍ਰਦਰਸ਼ਨੀਆਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਹੈ। ਅੱਜ ਆਧੁਨਿਕਤਾ ਦੇ ਦੌਰ ਵਿੱਚ ਵੀ ਆਪਣੀ ਇਸ ਵਿਰਾਸਤ ਨੂੰ ਸਾਂਭ ਕੇ ਰੱਖਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ। ਇਸ ਤੋਂ ਇਲਾਵਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਇਸ ਦੀ ਮਹੱਤਤਾ ਬਾਰੇ ਜਾਣੂ ਕਰਾਉਣਾ ਸਮੇਂ ਦੀ ਵੱਡੀ ਲੋੜ ਹੈ ਤਾਂ ਜੋ ਇਸ ਨੂੰ ਅਗਲੀਆਂ ਪੀੜ੍ਹੀਆਂ ਤੱਕ ਜਿਉਂਦਾ ਰੱਖਿਆ ਜਾ ਸਕੇ।

# ਡੋਲੀ ਚੁੱਕ ਲਓ ਕਹਾਰੋ ਮੇਰੀ....

ਜਸਵੀਰ ਸ਼ਰਮਾ ਦੱਦਾਹੂਰ



ਪੁਰਾਤਨ ਸਮਿਆਂ ਵਿੱਚ ਰਾਜੇ ਰਜਵਾੜੇ ਨਵਾਬਾਂ ਦੀ ਸਵਾਰੀ ਆਮ ਤੌਰ 'ਤੇ ਹਾਥੀ ਘੋੜੇ ਬੱਗੀ ਤੇ ਰੱਥ ਹੁੰਦੇ ਸੀ। ਆਰਥਿਕ ਤੇ ਰਾਜਨੀਤਿਕ ਦਰਜੇ ਅਨੁਸਾਰ ਇਹ ਸਵਾਰੀ ਦੀ ਵਰਤੋਂ ਕਰਦੇ ਸੀ ਇਨ੍ਹਾਂ ਘਰਾਣਿਆਂ ਨਾਲ ਸਬੰਧਿਤ ਰੱਥਾਂ ਨੂੰ ਆਮ ਤੌਰ 'ਤੇ ਘੋੜੇ ਖਿੱਚਦੇ ਸਨ ਅਤੇ ਰਥਵਾਨ ਜਾਂ ਸਾਰਥੀ ਚਲਾਉਂਦੇ ਸਨ। ਰੱਥਾਂ ਅੱਗੇ ਦੋ ਘੋੜੇ ਤੇ ਕਈਆਂ ਅੱਗੇ ਦੋ ਤੋਂ ਵੱਧ ਘੋੜੇ ਵੀ ਜੁੜੇ ਜਾਂਦੇ ਸਨ ਪਰ ਵੱਧ ਘੋੜੇ ਸੰਭਾਲਣੇ ਤੇ ਚਲਾਉਣੇ ਹਰ ਇੱਕ ਸਾਰਥੀ ਦੇ ਵੱਸ ਦੀ ਗੱਲ ਨਹੀਂ ਹੁੰਦੀ ਸੀ। ਰਾਣੀਆਂ ਬੇਗਮਾਂ ਤੇ ਰਾਜਕੁਮਾਰੀਆਂ ਦੇ ਜਾਣ ਆਉਣ ਲਈ ਬੱਗੀ ਜਾਂ ਪਾਲਕੀ ਦੀ ਵਰਤੋਂ ਹੁੰਦੀ ਸੀ। ਪਾਲਕੀ ਨੂੰ ਆਮ ਤੌਰ 'ਤੇ ਸੇਵਕ ਹੀ ਚੁੱਕਦੇ ਸਨ। ਅਮੀਰ ਲੋਕਾਂ ਦੀ ਸਵਾਰੀ ਘੋੜੇ ਰੱਥ ਗੱਡੇ ਤੇ ਗਡਬੈਰ ਵਰਤੇ ਜਾਂਦੇ ਸਨ। ਇਨ੍ਹਾਂ ਅੱਗੇ ਆਮ ਤੌਰ 'ਤੇ ਸੀਲ ਤੇ ਸਡੋਲ ਬਲਦ ਜੋੜੇ ਜਾਂਦੇ ਸਨ ਕਈ ਵਾਰ ਜੇ ਰਾਸਤਾ ਰੇਤਲਾ ਜਾਂ ਚੀਕਣਾ ਹੁੰਦਾ ਤਾਂ ਰੱਥ ਜਾਂ ਗੱਡੇ ਅੱਗੇ ਚੌਕੜੇ ਚਾਰ ਬੈਲ ਜੋੜ ਦਿੰਦੇ ਸਨ ਤੇ ਕਿਸੇ ਸਿਆਣੇ ਗਾਡੀ ਨੂੰ ਰੱਥ ਜਾਂ ਗੱਡਾ ਹੱਕਣ ਲਾਉਂਦੇ ਸਨ। ਵਿਆਹ ਸ਼ਾਦੀਆਂ ਵਿੱਚ ਸਮਰੱਥਾ ਅਨੁਸਾਰ ਰੱਥ ਜਾਂ ਗੱਡ ਬੈਲ ਦੀ ਵਰਤੋਂ ਕੀਤੀ ਜਾਂਦੀ ਸੀ।

ਰੱਥ ਵਿੱਚ ਸਾਰਥੀ ਤੋਂ ਪਿੱਛੋਂ ਨੂੰ ਮੂੰਹ ਕਰ ਕੇ ਦੋ ਸੀਟਾਂ ਤੇ ਵਿਚਲੇ ਪਾਸੇ ਅੱਗੇ ਨੂੰ ਮੂੰਹ ਕਰ ਕੇ ਦੋ ਵਾਲੀ ਸੀਟ ਇਸ ਤਰ੍ਹਾਂ ਚਾਰ ਜਣੇ ਆਹਮੋ ਸਾਹਮਣੇ ਬੈਠ ਸਕਦੇ ਸੀ। ਇੱਕ 'ਤੇ ਲਾੜਾ, ਸਰਵਾਲਾ ਤੇ ਦੂਜੀ 'ਤੇ ਦੂਲਹਨ ਅਤੇ ਉਸ ਦੀ ਸੇਵਾਦਾਰ ਗੋਲ਼ੀ ਬੈਠਦੀਆਂ ਸਨ।



ਕਿਸੇ ਵੀ ਦੂਲਹਨ ਨਾਲ ਪਹਿਲੀ ਵਾਰ ਨਗਰ ਦੀ ਸਤਿਕਾਰਯੋਗ ਨੈਨ ਮਾਈ ਸਹੁਰੇ ਜਾਂਦੀ ਸੀ, ਇਸ ਨਾਲ ਲੜਕੀ ਨੂੰ ਮਾਨਸਿਕ ਤੇ ਮਨੋਵਿਗਿਆਨਿਕ ਬਲ ਮਿਲਦਾ ਸੀ। ਸੰਗ ਜਾਂ ਝਿਜਕ ਦੀ ਕੋਈ ਗੱਲ ਜਾਂ ਜ਼ਰੂਰਤ ਉਸ ਨਾਲ ਸਾਂਝੀ ਕਰ ਸਕਦੀ ਸੀ। ਇੱਕ ਤਰ੍ਹਾਂ ਦੀ ਉਹ ਸਹੇਲੀ ਮਾਂ ਦਾ ਰੋਲ ਅਦਾ ਕਰਦੀ ਸੀ। ਕਈ ਵਾਰ ਜੇ ਰੱਥ ਜਾਂ ਗੱਡਾ ਨਾ ਹੋਵੇ ਤਾਂ ਸਫ਼ਰ ਨੇੜੇ ਹੁੰਦਾ ਤਾਂ ਡੋਲੀ ਵਿੱਚ ਵੀ ਦੂਲਹਨ ਦੇ ਨੈਨ ਮਾਈ ਜਾਂਦੀਆਂ ਤੇ ਦੁਲਾ ਅਤੇ ਬਰਾਤ ਸਭ ਹਾਲਤ ਵਿੱਚ ਆਪਣੇ ਸਾਧਨ ਤੇ ਡੋਲੀ ਦੇ ਨਾਲ-ਨਾਲ ਅੱਗੇ ਪਿੱਛੇ ਚੱਲਦੇ ਰਹਿੰਦੇ ਸੀ। ਗੱਡੀ ਜਾਂ ਬੱਗੀ ਦਾ ਛੱਤ ਵਾਲਾ ਭਾਗ ਗੁੰਬਦਨੁਮਾ ਹੋਣ ਕਰਕੇ ਬਾਰਿਸ਼ ਤੋਂ ਬਚਾ ਕਰਦਾ ਸੀ। ਉਸ ਸਮੇਂ ਭਾਵੇਂ ਰੱਥ ਹੋਵੇ ਤੇ ਭਾਵੇਂ ਗੱਡਾ ਜਾਂ ਬੈਲ ਗੱਡੀ, ਪਹੀਏ ਸਭਨਾਂ ਦੇ ਲੱਕੜੀ ਦੇ ਹੀ ਬਣੇ ਹੁੰਦੇ ਸਨ। ਗਰਮੀ ਨਾਲ ਜਾਂ ਸਫ਼ਰ ਵਿੱਚ ਚੱਲਣ ਨਾਲ ਗਰਮ ਹੋਈ ਖੁਸ਼ਕ ਲੱਕੜੀ ਤੇੜਾਂ ਪਾ ਕੇ ਪਾਟਦੀ ਸੀ। ਪਹੀਏ ਦਾ ਟੁੱਟਣ ਦਾ ਡਰ ਰਹਿੰਦਾ ਸੀ ਇਸ ਦੇ ਬਚਾਓ ਦੀ ਸੁੱਖਾਂ ਸੁੱਖਦੀ ਮਾਂ ਬੜੇ ਸ਼ਰਧਾ ਤੇ ਪਿਆਰ ਨਾਲ ਖੁੱਲ੍ਹਾ ਪਾਣੀ ਪਹੀਆਂ 'ਤੇ ਪਾਉਂਦੀ ਸੀ ਤਾਂ ਜੋ ਰਸਤੇ ਵਿੱਚ ਕੋਈ ਮੁਸ਼ਕਿਲ ਨਾ ਆਵੇ। ਇਸ ਤਰ੍ਹਾਂ ਪਹੀਆਂ ਵਿਚਲੇ ਲੋਹੇ ਦੇ ਧੁਰੇ ਨੂੰ ਤੇਲ ਖ਼ਲ ਦਾ ਲੇਪ ਲਗਾ ਕੇ ਚੰਗੀ ਤਰ੍ਹਾਂ ਚੋਪੜਿਆ ਹੁੰਦਾ ਸੀ। ਪਹੀਏ ਦੀ ਨਾਭੀ ਵੀ ਚੰਗੀ ਤਰ੍ਹਾਂ ਅੰਦਰੋਂ ਚੋਪੜ ਦਿੰਦੇ ਸਨ। ਇਸ ਤਰ੍ਹਾਂ ਮਾਂ ਵੱਲੋਂ ਪਾਣੀ ਦੀ ਰਸਮ ਤੋਂ ਦੂਲਹਨ ਦੇ ਭਰਾ ਰੱਥ ਜਾਂ ਬੈਲ ਗੱਡੀ ਨੂੰ ਧੱਕਾ ਲਾਉਂਦੇ ਤਾਂ ਜੋ ਅੱਗੇ ਜੋੜੇ ਘੋੜਿਆਂ ਜਾਂ ਬਲਦਾਂ ਦਾ ਇਕਦਮ ਜ਼ੋਰ ਨਾ ਲੱਗੇ। ਵਾਹਨ ਨੂੰ ਝਟਕਾ ਨਾ ਵਜੇ। ਸਾਧਨਾ ਅਨੁਸਾਰ ਇਹ ਉਸ ਸਮੇਂ ਦੀਆਂ ਲੋੜਾਂ ਸੀ। ਇਸ ਤਰ੍ਹਾਂ ਇਨ੍ਹਾਂ ਦੀ ਪੂਰਤੀ ਲਈ ਉਸ ਸਮੇਂ ਦੀ ਵਿਗਿਆਨਿਕ ਵਿਧੀ ਨੂੰ ਸ਼ੁਭ ਸ਼ਗਨ ਅਤੇ ਧਾਰਮਿਕ ਭਾਵਨਾ ਦੀ ਸ਼ਰਧਾ ਨਾਲ ਰਸਮ ਵਾਂਗ ਨਿਭਾਉਣਾ ਇਹ ਬੜੀ ਸਮਝਦਾਰੀ ਨਾਲ ਲੱਭੇ ਹੱਲ ਸਨ।

ਸਮਾਂ, ਸਮਾਜ, ਵਿਗਿਆਨ ਅਤੇ ਵਿਕਾਸ ਆਪਣੀ ਗਤੀ ਨਾਲ ਚਲਦੇ ਰਹਿੰਦੇ ਹਨ। ਲੱਕੜ ਦੇ ਪਹੀਆਂ ਤੋਂ ਟਿਊਬਲੈਸ ਟਾਇਰ ਤੱਕ ਪਹੁੰਚ ਗਿਆ ਹੈ। ਕਾਰ ਹਵਾਈ ਜਹਾਜ਼, ਹੈਲੀਕਾਪਟਰ ਤੱਕ ਪਹੁੰਚ ਗਿਆ ਹੈ ਨਾਲੋਂ ਨਾਲ ਜਨਤਾ ਦੀ ਸਵਾਰੀ ਸਾਈਕਲ ਵੀ ਹਵਾ ਭਰ ਕੇ ਟਿਊਬ ਟਾਇਰ ਵਾਲੇ ਪਹੀਏ ਬਣ ਗਏ ਹਨ, ਇਹ ਸਭੇ ਲੱਕੜ ਦੇ ਪਹੀਏ ਦਾ ਵਿਕਾਸ ਹੀ ਹੈ। ਵਿਆਹ ਸ਼ਾਦੀਆਂ ਨੇ ਵੀ ਸਮੇਂ ਦੇ ਨਾਲ ਆਪਣੇ ਢੰਗ ਤਰੀਕੇ ਅਤੇ ਸਰੂਪ ਬਦਲ ਲਏ। ਗੀਤ ਗਿੱਧੇ ਭੰਗੜੇ ਤੇ ਸਿੱਠਣੀਆਂ ਤਾਂ ਉਹੀ ਹਨ ਫਿਰ ਵੀ ਇਨ੍ਹਾਂ ਵਿੱਚ ਆਰਕੈਸਟਰਾ ਵਗੈਰਾ ਦੇ ਵਾਧੇ ਵੀ ਹੋ ਗਏ ਹਨ। ਮਸ਼ੀਨਾਂ ਰਾਹੀਂ ਰਿਕਾਰਡ ਕੀਤੇ ਗੀਤ ਸੰਗੀਤ ਵੀ ਆਪਣਾ ਰੰਗ ਵਿਖਾ ਹੀ ਦਿੰਦੇ ਹਨ। ਡੋਲੀ ਦੀ ਵਿਦਾਈ ਕਈ ਵਾਰ ਪੈਲੇਸ ਤੋਂ ਅਤੇ ਕਦੇ ਕਦਾਈਂ ਘਰੋਂ ਕੀਤੀ ਜਾਂਦੀ ਹੈ। ਹੁਣ ਲੜਕੀ ਦੇ ਨਾਲ ਡੋਲੀ ਵਿੱਚ ਗੋਲੀ ਜਾਂ ਨੈਣ ਜਾਣ ਦਾ ਰਿਵਾਜ ਤਾਂ ਲਗਭਗ ਬੰਦ ਹੀ ਹੋ ਗਿਆ ਸਗੋਂ ਇਹ ਕੰਮ ਹੁਣ ਵਿਚੋਲਣ ਨਿਭਾ ਦਿੰਦੀ ਹੈ। ਬਾਕੀ ਰਸਮਾਂ ਤਾਂ ਪ੍ਰਚਲਿਤ ਹਨ।

ਵਿਦਾਈ ਤਾਂ ਉਸੇ ਤਰ੍ਹਾਂ ਹੁੰਦੀ ਹੈ ਪਰ ਰੱਥ ਜਾਂ ਬੈਲ ਗੱਡੀ ਦੀ ਥਾਂ 'ਤੇ ਕਾਰ ਆ ਗਈ ਹੈ। ਮਾਂ ਉਸੇ ਤਰ੍ਹਾਂ ਹੀ ਕਾਰ ਦੇ ਪਹੀਏ 'ਤੇ ਪਾਣੀ ਪਾਉਂਦੀ ਹੈ ਤੇ ਭਰਾ ਕਾਰ ਨੂੰ ਧੱਕਾ ਲਾਉਂਦੇ ਹਨ। ਕਾਰ ਵਿੱਚ ਦੂੱਲਾ ਦੂਲਹਨ ਤੇ ਕੋਈ ਹੋਰ ਸਵਾਰੀ ਤੇ ਕਈ ਵਾਰ ਵਿਚੋਲਣ ਹੁੰਦੇ ਹਨ। ਮੇਲਣਾ ਨਾਲ ਗੀਤ ਗਾਉਂਦੀਆਂ ਰਹਿੰਦੀਆਂ ਹਨ। ਮਾਂ ਤੇ ਬਾਪ ਧੀ ਤੋਰ ਕੇ ਉਦਾਸ ਜਿਹੇ ਅਗਲੇ ਦਿਨ ਦੂਲਹਨ ਦੀ ਵਾਪਸ ਲਈ ਭਰਾ ਤੇ ਹੋਰ ਕਿਸ ਕਿਸ ਨੇ ਜਾਣਾ ਹੈ, ਦੀ ਸਲਾਹ ਕਰਨ ਲੱਗਦੇ ਹਨ।




# ਪਰਿਵਾਰ ਰੂਪੀ ਫੁਲਵਾੜੀ ਨੂੰ ਮਹਿਕਾਉਂਦੀ ਹੈ ਔਰਤ

ਜਸਪ੍ਰੀਤ ਕੌਰ ਸੰਘਾ

ਸਿਰਜਣਹਾਰ ਦੀ ਸਿਰਜੀ ਹੋਈ ਸਭ ਤੋਂ ਪਿਆਰੀ ਅਤੇ ਸ੍ਰੇਸ਼ਟ ਰਚਨਾ ਹੈ ਔਰਤ। ਮੋਹ, ਮਮਤਾ, ਤਿਆਗ ਅਤੇ ਸਹਿਣਸ਼ੀਲਤਾ ਦੀ ਮੂਰਤ ਹੈ ਔਰਤ। ਔਰਤ ਧੀ ਬਣ ਕੇ ਧਰਤੀ 'ਤੇ ਆਉਂਦੀ ਹੈ ਤੇ ਆਪਣੇ ਆਖ਼ਰੀ ਸਾਹਾਂ ਤੱਕ ਅਨੇਕਾਂ ਰਿਸ਼ਤਿਆਂ 'ਚ ਜਿਉਂਦੀ ਹੈ। ਉਹ ਧੀ ਬਣਕੇ ਬਾਬਲ ਦੀ ਪੱਗ ਖ਼ਾਤਰ ਜਿਉਂਦੀ ਹੈ, ਭੈਣ ਬਣ ਵੀਰ ਦੀ ਰੱਖੜੀ ਦੀ ਲਾਜ ਰੱਖਦੀ ਹੈ, ਪਤਨੀ ਅਤੇ ਨੂੰਹ ਬਣ ਸਹੁਰੇ ਘਰ ਦੀ ਮਾਣ-ਮਰਿਆਦਾ ਲਈ ਆਪਣੀਆਂ ਖੁਸ਼ੀਆਂ ਨੂੰ ਮਾਰਦੀ ਹੈ ਅਤੇ ਮਾਂ ਬਣ ਔਲਾਦ ਦੇ ਮੋਹ ਖ਼ਾਤਰ ਆਪਣੀਆਂ ਸੱਧਰਾਂ ਦਾ ਤਿਆਗ ਕਰ ਦਿੰਦੀ ਹੈ। ਹਰ ਰਿਸ਼ਤੇ ਦਾ ਦਿਲੋਂ ਸਤਿਕਾਰ ਕਰਨਾ ਇਹ ਪਛਾਣ ਹੈ ਔਰਤ ਦੀ। ਔਰਤ ਮਰੀਅਮ ਬਣ ਕੇ ਜਿਉਂਦੀ ਹੈ ਅਤੇ ਲੋੜ ਪੈਣ 'ਤੇ ਚੰਡੀ ਦਾ ਰੂਪ ਵੀ ਧਾਰਨ ਕਰ ਲੈਂਦੀ ਹੈ। ਸਾਡੇ ਗੁਰੂਆਂ-ਪੀਰਾਂ ਨੇ ਔਰਤ ਨੂੰ ਜਗ-ਜਨਣੀ ਦਾ ਦਰਜਾ ਦਿੱਤਾ ਹੈ।



ਔਰਤ ਦਾ ਦੇਣ ਸਮਾਜ ਕਦੇ ਨਹੀਂ ਦੇ ਸਕਦਾ। ਜੇਕਰ ਧਰਤੀ 'ਤੇ ਔਰਤ ਹੈ ਤਾਂ ਹੀ ਧਰਤੀ 'ਤੇ ਜੀਵਨ ਸੰਭਵ ਹੈ ਪਰ ਸਾਡਾ ਸਮਾਜ ਉਸੇ ਜੀਵਨਦਾਤੀ ਦਾ ਦੁਸ਼ਮਣ ਬਣ ਬੈਠਾ ਹੈ। ਧਰਤੀ 'ਤੇ ਨਵੇਂ ਜੀਵਨ ਦੀ ਹੋਂਦ ਸਿਰਫ਼ ਔਰਤ ਕਰਕੇ ਹੀ ਸੰਭਵ ਹੈ, ਸਾਡਾ ਸਮਾਜ ਔਰਤ ਤੋਂ ਉਸ ਦਾ ਜਨਮ ਲੈਣ ਦਾ ਅਧਿਕਾਰ ਹੀ ਖੋਹ ਲੈਣਾ ਚਾਹੁੰਦਾ ਹੈ। ਮਰਦ ਅਤੇ ਔਰਤ ਦੇ ਲਿੰਗ ਅਨੁਪਾਤ ਸਬੰਧੀ ਜੋ ਅੰਕੜੇ ਸਾਹਮਣੇ ਆਏ ਹਨ, ਉਸ ਤੋਂ ਸਪੱਸ਼ਟ ਹੈ ਕਿ ਔਰਤ ਦੀ ਹੋਂਦ ਖ਼ਤਰੇ ਵਿਚ ਹੈ ਪਰ ਸੱਚਾਈ ਇਹ ਹੈ ਕਿ ਪੂਰੀ ਮਨੁੱਖੀ ਹੋਂਦ ਹੀ ਖ਼ਤਰੇ ਵਿੱਚ ਹੈ। ਔਰਤ ਹੈ ਤਾਂ ਪਰਿਵਾਰ ਹੈ, ਕਿਉਂਕਿ ਪਰਿਵਾਰ ਨੂੰ ਮੋਹ ਦੇ ਧਾਗੇ ਵਿੱਚ ਪਰੋਣ ਵਾਲੀ ਔਰਤ ਹੀ ਹੁੰਦੀ ਹੈ, ਭਾਵੇਂ ਉਹ ਖੁਦ ਸਾਰੀ ਜ਼ਿੰਦਗੀ ਪਿਆਰ ਅਤੇ ਸਤਿਕਾਰ ਲਈ ਤਰਸਦੀ ਹੈ ਪਰ ਖੁਦ ਉਹ ਪਿਆਰ ਅਤੇ ਖੁਸ਼ੀਆਂ ਹੀ ਵੰਡਦੀ ਹੈ।

ਮਰਦ ਪ੍ਰਧਾਨ ਸਮਾਜ ਵਿੱਚ ਔਰਤ ਕੋਲੋਂ ਸਨਮਾਨ ਦੀ ਇੱਛਾ ਤਾਂ ਹਰ ਕੋਈ ਰੱਖਦਾ ਹੈ ਪਰ ਉਸ ਦਾ ਸਨਮਾਨ ਕਰਨ ਦੀ ਇੱਛਾ ਕਿਸੇ ਵਿਰਲੇ ਅੰਦਰ ਹੀ ਹੁੰਦੀ ਹੈ। ਔਰਤ ਘਰ ਦਾ ਉਹ ਰੋਸ਼ਨ ਚਿਰਾਗ ਹੁੰਦੀ ਹੈ, ਜੋ ਖੁਦ ਜਲ ਕੇ ਦੂਸਰਿਆਂ ਦੀ ਜ਼ਿੰਦਗੀ ਨੂੰ ਰੋਸ਼ਨ ਕਰਦੀ ਹੈ। ਔਰਤ ਹਰ ਰੂਪ ਦੇ ਵਿੱਚ ਮਹਾਨ ਹੈ ਪਰ ਫਿਰ ਵੀ ਸਮਾਜ ਵਿੱਚ ਔਰਤ ਸੁਰੱਖਿਅਤ ਨਹੀ ਹੈ। ਕਿਤੇ ਭਰੂਣ ਹੱਤਿਆ ਦੁਆਰਾ ਔਰਤ ਦੇ ਵਜੂਦ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਕਿਤੇ ਬਾਲ ਵਿਆਹ ਕਰਕੇ ਉਸ ਦਾ ਮਾਸੂਮ ਬਚਪਨ ਖੋਹਿਆ ਜਾ ਰਿਹਾ ਹੈ, ਕਿਤੇ ਦਹੇਜ ਦੀ ਅੱਗ ਵਿੱਚ ਉਹ ਸੜ ਰਹੀ ਹੈ, ਕਿਤੇ ਘਰੇਲੂ ਹਿੰਸਾ ਜਾਂ ਤੇਜ਼ਾਬ ਦੇ ਹਮਲਿਆਂ ਦਾ ਸ਼ਿਕਾਰ ਹੋ ਰੋਜ਼ ਤਿਲ-ਤਿਲ ਮਰਨ ਲਈ ਮਜਬੂਰ ਹੈ। ਚਾਹੇ ਘਰ, ਸਕੂਲ, ਕਾਲਜ ਜਾਂ ਦਫ਼ਤਰ ਕਿਤੇ ਵੀ ਹੋਵੇ, ਔਰਤ ਸਮਾਜ ਵਿੱਚ ਸੁਰੱਖਿਅਤ ਨਹੀਂ। ਉਸ ਦਾ ਸਾਰਾ ਜੀਵਨ ਹੀ ਸੰਘਰਸ਼ ਬਣ ਕੇ ਰਹਿ ਗਿਆ ਹੈ। ਔਰਤ ਨੂੰ ਵਸਤੂ ਸਮਝ ਕੇ ਵਰਤਣ ਵਾਲਾ ਮਰਦ ਪਤਾ ਨਹੀ ਕਿਉਂ ਭੁੱਲ ਜਾਂਦਾ ਹੈ ਕਿ ਉਸ ਨੂੰ ਜਨਮ ਦੇਣ ਵਾਲੀ ਵੀ ਤਾਂ ਇੱਕ ਔਰਤ ਹੀ ਹੈ। ਔਰਤ ਨੂੰ ਵਸਤੂ ਸਮਝਣ ਵਾਲਿਆ, ਤੂੰ ਵੀ ਤਾਂ ਕਿਸੇ ਔਰਤ ਦਾ ਜਾਇਆ ਹੈ। ਕਿਤੇ ਔਰਤ ਬਣ ਕੇ ਤਾਂ ਦੇਖ, ਅਸੀਂ ਕਿੰਨਾ ਦਰਦ ਹੰਢਾਇਆ ਹੈ।ਅਸੀਂ ਭਾਵੇਂ 21ਵੀ ਸਦੀ ਵਿੱਚ ਵਿਚਰ ਰਹੇ ਹਾਂ ਪਰ ਔਰਤ ਪ੍ਰਤੀ ਸੋਚ ਉਹੀ ਸਦੀਆਂ ਪੁਰਾਣੀ ਰੂੜੀਵਾਦੀ ਹੈ। ਸਾਨੂੰ ਸੁੰਦਰ ਨੂੰਹ ਘਰ ਵਿੱਚ ਚਾਹੀਦੀ ਹੈ ਪਰ ਘਰ ਵਿੱਚ ਧੀ ਦੀ ਹੋਂਦ ਸਾਨੂੰ ਬਰਦਾਸ਼ਤ ਨਹੀ ਹੁੰਦੀ। ਔਰਤ ਦੀ ਸਾਰੀ ਜ਼ਿੰਦਗੀ ਮਕਾਨ ਨੂੰ ਘਰ ਬਣਾਉਣ ਵਿੱਚ ਨਿਕਲ ਜਾਂਦੀ ਹੈ ਪਰ ਫਿਰ ਵੀ ਇਹੀ ਕਿਹਾ ਜਾਂਦਾ ਹੈ ਕਿ ਔਰਤ ਦਾ ਆਪਣਾ ਕੋਈ ਘਰ ਨਹੀ ਹੁੰਦਾ। ਇਹ ਸਾਡੀ ਸਵਾਰਥੀ ਸੋਚ ਨਹੀ ਤਾਂ ਹੋਰ ਕੀ ਹੈ ? ਇੱਕ ਔਰਤ ਜੋ ਹਰ ਰਿਸ਼ਤੇ ਲਈ ਆਪਾ ਕੁਰਬਾਨ ਕਰ ਦਿੰਦੀ ਹੈ, ਫਿਰ ਉਹ ਉਸ ਰਿਸ਼ਤੇ ਤੋਂ ਪਿਆਰ ਅਤੇ ਸਤਿਕਾਰ ਦੀ ਆਸ ਕਿਉਂ ਨਹੀ ਰੱਖ ਸਕਦੀ ? ਅੱਜ ਵੀ ਔਰਤ ਘਰ ਦੀ ਚਾਰਦੀਵਾਰੀ 'ਚ ਕੈਦ ਹੈ। ਉਹ ਆਪਣੀ ਹੀ ਜ਼ਿੰਦਗੀ ਆਪਣੇ ਹਿਸਾਬ ਨਾਲ ਨਹੀ ਜੀਅ ਸਕਦੀ।



ਜੇਕਰ ਔਰਤ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰੀਏ ਤਾਂ ਉਹ ਕਿਸੇ ਵੀ ਖੇਤਰ ਵਿੱਚ ਮਰਦ ਤੋਂ ਪਿੱਛੇ ਨਹੀ ਹੈ, ਚਾਹੇ ਉਹ ਪੜ੍ਹਾਈ ਦਾ ਖੇਤਰ ਹੋਵੇ, ਖੇਡਾਂ ਦਾ ਖੇਤਰ ਜਾਂ ਜ਼ਿੰਦਗੀ ਦਾ ਹੋਰ ਕੋਈ ਵੀ ਖੇਤਰ ਹੋਵੇ। ਹਰ ਖੇਤਰ ਵਿੱਚ ਔਰਤ ਮਰਦ ਦੇ ਮੋਢੇ ਨਾਲ ਮੋਢਾ ਲਗਾ ਕੇ ਚਲ ਰਹੀ ਹੈ। ਸਾਡਾ ਸਮਾਜ ਔਰਤ ਨੂੰ ਬੋਝ ਮੰਨਦਾ ਹੈ ਪਰ ਔਰਤ ਬੋਝ ਨਹੀ ਜਨਮਦਾਤੀ ਹੈ। ਗੁਰੂ ਗੋਬਿੰਦ ਸਿੰਘ ਜੀ, ਸ਼ਿਵਾ ਜੀ, ਮਹਾਰਾਣਾ ਪ੍ਰਤਾਪ, ਮਹਾਰਾਜਾ ਰਣਜੀਤ ਸਿੰਘ ਅਤੇ ਭਗਤ ਸਿੰਘ ਜਿਹੇ ਸੂਰਬੀਰਾਂ ਨੂੰ ਜਨਮ ਦੇਣ ਵਾਲੀ ਵੀ ਔਰਤ ਹੀ ਹੈ। ਰਾਣੀ ਲਕਸ਼ਮੀ ਬਾਈ, ਕਲਪਨਾ ਚਾਵਲਾ ਅਤੇ ਮਦਰ ਟਰੇਸਾ ਜਿਹੀਆਂ ਔਰਤਾਂ ਸਾਡੇ ਸਮਾਜ ਲਈ ਮਿਸਾਲ ਹਨ, ਜਿਨ੍ਹਾਂ ਨੂੰ ਅੱਜ ਵੀ ਉਨ੍ਹਾਂ ਦੇ ਗੁਣਾ ਕਾਰਨ ਯਾਦ ਕੀਤਾ ਜਾਂਦਾ ਹੈ। ਅੱਜ ਦੀ ਔਰਤ ਘਰ ਵਿੱਚ ਰਹਿੰਦੀ ਹੋਈ ਘਰ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਉਂਦੀ ਹੈ ਅਤੇ ਬਾਹਰਲੀ ਦੁਨੀਆ ਵਿੱਚ ਵਿਚਰਦੀ ਹੋਈ ਮਰਦ ਦੇ ਬਰਾਬਰ ਵੀ ਚੱਲ ਰਹੀ ਹੈ। ਫਿਰ ਕਿਉਂ ਸਮਝਿਆ ਜਾਂਦਾ ਹੈ ਕਿ ਇਸ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਮਰਦ ਤੋਂ ਪਿੱਛੇ ਹੈ ? ਕਿਉਂ ਔਰਤ ਨੂੰ ਵਿਚਾਰੀ ਅਤੇ ਅਬਲਾ ਕਹਿ ਕੇ ਤਰਸ ਦਾ ਪਾਤਰ ਬਣਾਇਆ ਜਾਂਦਾ ਹੈ ?

ਲੋੜ ਹੈ ਔਰਤ ਪ੍ਰਤੀ ਆਪਣੀ ਸੋਚ ਬਦਲਣ ਦੀ। ਅੱਜ ਸਮਾਜ ਵਿੱਚ ਔਰਤ ਦੀ ਸਥਿਤੀ ਜੇਕਰ ਕਮਜ਼ੋਰ ਹੈ ਤਾਂ ਉਸ ਦੇ ਲਈ ਔਰਤ ਕਾਫ਼ੀ ਹੱਦ ਤੱਕ ਖੁਦ ਵੀ ਜ਼ਿੰਮੇਵਾਰ ਹੈ ਕਿਉਂਕਿ ਜ਼ੁਲਮ ਕਰਨ ਨਾਲੋਂ ਵੱਡਾ ਪਾਪ ਜ਼ੁਲਮ ਨੂੰ ਸਹਿਣਾ ਹੁੰਦਾ ਹੈ । ਲੋੜ ਹੈ ਔਰਤ ਦੁਆਰਾ ਆਪਣੀ ਸ਼ਕਤੀ ਨੂੰ ਪਛਾਣ ਦੀ ਅਤੇ ਆਪਣੇ ਵਜੂਦ ਦੀ ਲੜਾਈ ਆਪ ਲੜਨ ਦੀ। ਅਸਲ ਵਿੱਚ ਸਮਾਜ ਨੇ ਔਰਤ ਦੀ ਸਹਿਣਸ਼ੀਲਤਾ ਨੂੰ ਉਸ ਦੀ ਕਮਜ਼ੋਰੀ ਸਮਝ ਲਿਆ ਹੈ। ਔਰਤ ਸਮਾਜ ਲਈ, ਪਰਿਵਾਰ ਲਈ ਬੋਝ ਨਹੀ ਹੈ। ਔਰਤ ਤਾਂ ਮੋਹ, ਮਮਤਾ ਦੀ ਉਹ ਵਹਿੰਦੀ ਨਦੀ ਹੈ, ਜੋ ਪਰਿਵਾਰ ਰੂਪੀ ਫੁਲਵਾੜੀ ਨੂੰ ਮਹਿਕਾਉਂਦੀ ਹੈ।



# ਆਧੁਨਿਕ ਨਾਰੀ ਦੀ ਸਥਿਤੀ

ਡਾ. ਪ੍ਰਿਤਪਾਲ ਸਿੰਘ ਮਹਿਰੋਕ

ਔਰਤ ਸਮਾਜ ਦਾ ਪੂਰਨ ਅੱਧ ਸਮਝੇ ਜਾਣ ਦੀ ਹੈਸੀਅਤ ਦੀ ਮਾਲਕ ਹੈ। ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਔਰਤ ਦੀ ਸਮਾਜਿਕ ਸਥਿਤੀ 'ਤੇ ਵਿਚਾਰ ਕੀਤੀ ਜਾਂਦੀ ਹੈ ਤੇ ਤਰਕ ਵਿਤਰਕ ਦਾ ਸਿਲਸਿਲਾ ਚੱਲਦਾ ਹੈ। ਭਾਰਤੀ ਸਮਾਜ ਦੀਆਂ ਜੜ੍ਹਾਂ ਉਸ ਸਮਾਜ ਵਿੱਚ ਹਨ, ਜਿੱਥੇ ਪੁਰਸ਼ ਪ੍ਰਧਾਨ ਸਮਾਜ ਵਿਚ ਔਰਤ ਨੂੰ ਕਦੇ ਗ਼ੁਲਾਮਾਂ ਵਰਗੀ ਜ਼ਿੰਦਗੀ ਗੁਜ਼ਾਰਨੀ ਪੈਂਦੀ ਸੀ। ਉਸ ਨੂੰ ਜਨਮ ਸਮੇਂ ਸਰਾਪ, ਵਿਆਹ ਸਮੇਂ ਭਾਰ ਅਤੇ ਵਿਆਹ ਤੋਂ ਬਾਅਦ ਬੇਹੱਦ ਬੋਝਲ ਤੇ ਅਨੇਕ ਪ੍ਰਕਾਰ ਦੇ ਦਬਾਵਾਂ ਹੇਠ ਜੀਵਨ ਜਿਊਣਾ ਪੈਂਦਾ ਸੀ। ਔਰਤ ਸਮੇਂ ਸਮੇਂ ਹਿੰਸਾ, ਸ਼ੋਸ਼ਣ ਤੇ ਅਪਰਾਧ ਦੀ ਸ਼ਿਕਾਰ ਹੁੰਦੀ ਰਹੀ ਹੈ। ਇੱਕੀਵੀਂ ਸਦੀ ਤੱਕ ਪਹੁੰਚ ਕੇ ਔਰਤ ਅਬਲਾ ਨਹੀਂ ਸੀ ਰਹਿਣੀ ਚਾਹੀਦੀ। ਪਰ ਭਾਰਤ ਵਰਗੇ ਬਹੁ-ਭਾਂਤੀ ਦੇਸ਼ ਵਿਚ ਔਰਤ ਅਜੇ ਵੀ ਬਹੁਤੀਆਂ ਹਾਲਤਾਂ ਵਿੱਚ ਅਤਿ ਦਰਜੇ ਦੀ ਗੁਰਬਤ, ਜਹਾਲਤ, ਅਨਪੜ੍ਹਤਾ, ਅਗਿਆਨਤਾ, ਹਨੇਰੇ, ਗ਼ੁਲਾਮੀ ਆਦਿ ਦੀ ਅਵਸਥਾ ਵਿੱਚ ਵਿਚਰਦੀ ਆ ਰਹੀ ਹੈ। ਕੋਈ ਸਮਾਂ ਸੀ ਜਦੋਂ ਧੀ ਦੇ ਜਨਮ ਲੈਣ ਨਾਲ ਪੁਰਸ਼ ਸਮਾਜ ਆਪਣੇ ਮਾਣ-ਸਨਮਾਨ ਨੂੰ ਢਾਹ ਲੱਗਣ ਬਾਰੇ ਸੋਚ ਕੇ ਚਿੰਤਿਤ ਹੋ ਜਾਂਦਾ ਸੀ। ਧੀਆਂ ਨੂੰ ਜਨਮ ਸਾਰ ਮਾਰ-ਮੁਕਾ ਦਿੱਤਾ ਜਾਂਦਾ ਸੀ। ਉਸ ਦੀ ਹੋਂਦ ਨੂੰ ਹੀ ਅਣਡਿੱਠ ਕਰ ਦਿੱਤਾ ਜਾਂਦਾ ਸੀ। ਉਸ ਨੂੰ 'ਪਰਾਇਆ ਧੰਨ' ਦੀ ਸੰਗਿਆ ਦਿੱਤੀ ਜਾਂਦੀ ਰਹੀ ਹੈ। ਜਦ ਕਿ ਔਰਤ 'ਧੰਨ' ਤਾਂ ਹੈ ਹੀ ਨਹੀਂ, ਸਗੋਂ ਘਰ/ਸਮਾਜ ਦਾ ਮਹੱਤਵਪੂਰਨ ਅੰਗ ਹੈ। ਧੀਆਂ ਪ੍ਰਤੀ ਅਜਿਹਾ ਨਿਰਦੱਈਪੁਣੇ ਵਾਲਾ ਰਵੱਈਆ ਇਸ ਸਮਾਜ ਦੀ ਬਹੁਤ ਵੱਡੀ ਵਿਡੰਬਨਾ ਰਹੀ ਹੈ। ਅਜਿਹੇ ਸਮਾਜਿਕ ਆਰਥਿਕ ਪਿਛੋਕੜ ਵਾਲੇ ਸਮਾਜ ਵਿਚ ਮਾਪੇ ਆਪਣੇ ਘਰ ਪੁੱਤਰ ਦੇ ਜਨਮ ਲੈਣ ਦੀਆਂ ਅਰਜ਼ੋਈਆਂ ਕਰਦੇ ਰਹੇ ਹਨ। ਪੰਜਾਬੀ ਦੇ ਇੱਕ ਲੋਕ ਗੀਤ ਦੀਆਂ ਬਹੁਤ ਪ੍ਰਸਿੱਧ ਤੇ ਲੋਕ ਪ੍ਰਿਯ ਤੁਕਾਂ ਹਨ : ਗੁੜ ਖਾਈਂ ਪੂਣੀ ਕੱਤੀਂ

ਆਪ ਨਾ ਆਈਂ, ਵੀਰੇ ਨੂੰ ਘੱਤੀਂ...

ਮਤਲਬ ਹੁਣ ਸਾਡੇ ਘਰ ਕੋਈ ਕੁੜੀ ਨਹੀਂ, ਸਗੋਂ ਪੁੱਤਰ ਹੀ ਜਨਮ ਲਵੇ ! ਜਦ ਕਿ ਸਿਆਣਿਆਂ ਦੇ ਕਹਿਣ ਅਨੁਸਾਰ-ਅਸਲੀਅਤ ਇਹ ਸਮਝਣੀ ਚਾਹੀਦੀ ਹੈ ਕਿ ਧੀਆਂ ਘਰ ਵਾਸਤੇ ਰੱਬੀ ਦਾਤ ਹੁੰਦੀਆਂ ਹਨ। ਕੁਦਰਤ ਦੀ ਬਖ਼ਸ਼ਿਸ਼ ਹੁੰਦੀਆਂ ਹਨ। ਧੀਆਂ ਨਾਲ ਘਰ ਵਿੱਚ ਬਰਕਤਾਂ ਦਾ ਵਾਧਾ ਹੁੰਦਾ ਹੈ। ਧੀਆਂ ਲੱਛਮੀ ਦਾ ਰੂਪ ਹੁੰਦੀਆਂ ਹਨ। ਕਹਿੰਦੇ ਹਨ ਕਈ ਹਾਲਤਾਂ ਵਿੱਚ ਧੀਆਂ ਦੇ ਜਨਮ ਨਾਲ ਘਰ ਨੂੰ ਭਾਗ ਲੱਗ ਜਾਂਦੇ ਹਨ। ਸੁੱਖਾਂ-ਖ਼ੁਸ਼ੀਆਂ ਨਾਲ ਘਰ ਮਾਲਾ-ਮਾਲ ਹੋ ਜਾਂਦਾ ਹੈ। ਫਿਰ ਵੀ ਵੇਖਣ ਵਿੱਚ ਆਉਂਦਾ ਹੈ ਕਿ ਸਮਾਜ ਵਿੱਚ ਉਸ ਨੂੰ ਅਧੀਨ/ਨਿਮਨ ਸਥਿਤੀ ਵਿੱਚ ਰੱਖ ਕੇ ਵੇਖੇ ਜਾਣ ਦੀ ਮਾਨਸਿਕਤਾ ਅਜੇ ਵੀ ਕਾਇਮ ਹੈ। ਅਜਿਹੇ ਸਮਾਜਿਕ-ਆਰਥਿਕ ਪਿਛੋਕੜ ਵਾਲੇ ਸਮਾਜ ਵਿੱਚ ਸਰਕਾਰੀ ਪੱਧਰ 'ਤੇ ਅਤੇ ਗ਼ੈਰ-ਸਰਕਾਰੀ ਸਮਾਜਿਕ ਸੰਸਥਾਵਾਂ ਵੱਲੋਂ ਕਦੇ ਬਾਲੜੀ ਦਿਵਸ, ਕਦੇ ਧੀ ਦਿਵਸ, ਕਦੇ ਅੰਤਰਰਾਸ਼ਟਰੀ ਮਹਿਲਾ ਦਿਵਸ, ਕਦੇ ਮਾਂ ਦਿਵਸ ਮਨਾਇਆ ਜਾਂਦਾ ਹੈ। ਸਿਰਫ਼ ਕਾਰਵਾਈ ਪਾਉਣ ਵਾਸਤੇ ਅਜਿਹੇ ਦਿਵਸ ਮਨਾਉਣ ਦਾ ਉਨਾ ਚਿਰ ਤੱਕ ਕੋਈ ਫਾਇਦਾ ਨਹੀਂ, ਜਿੰਨਾ ਚਿਰ ਸਰਕਾਰਾਂ ਵੱਲੋਂ ਔਰਤ ਦੀ ਭਲਾਈ ਹਿੱਤ ਬਣਾਈਆਂ ਜਾਂਦੀਆਂ ਸਕੀਮਾਂ ਔਰਤਾਂ ਦੇ ਅਸਲ ਲੋੜਵੰਦ ਵਰਗ ਤੱਕ ਨਹੀਂ ਪਹੁੰਚਦੀਆਂ ਤੇ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਨਹੀਂ ਹੁੰਦਾ।

ਔਰਤ ਹੁਣ ਪੜ੍ਹ ਲਿਖ ਕੇ, ਨੌਕਰੀ ਕਰ ਕੇ, ਉੱਚੀਆਂ ਪਦਵੀਆਂ ਹਾਸਲ ਕਰ ਕੇ ਆਤਮ ਨਿਰਭਰ ਹੋ ਰਹੀ ਹੈ ਤੇ ਸਮਾਜ ਵਿੱਚ ਆਪਣਾ ਮਾਣ-ਸਨਮਾਨ ਵਧਾ ਰਹੀ ਹੈ। ਇਸ ਪਿੱਛੇ ਉਸ ਦੀ ਨਿਰੰਤਰ ਮਿਹਨਤ ਕੰਮ ਕਰਦੀ ਨਜ਼ਰ ਆਉਂਦੀ ਹੈ। ਕੁਝ ਕਰ ਵਿਖਾਉਣ ਦਾ ਇਰਾਦਾ ਉਸ ਨੂੰ ਪੁਰਸ਼ ਦੇ ਬਰਾਬਰ ਲਿਆ ਰਿਹਾ ਹੈ। ਉੱਚੇ-ਉੱਚੇ ਅਹੁਦਿਆਂ 'ਤੇ ਪਹੁੰਚ ਕੇ, ਨਾਮਣਾ ਖੱਟਣ ਵਾਲੀਆਂ ਵੱਡੇ ਨਾਵਾਂ ਵਾਲੀਆਂ ਔਰਤਾਂ, ਔਰਤ ਦੇ ਆਤਮ ਸਨਮਾਨ ਤੇ ਗੌਰਵ ਦਾ ਬਿੰਬ ਬਣ ਗਈਆਂ ਹਨ।

ਔਰਤ ਨੂੰ ਸਮਾਜ ਵਿੱਚ ਉਸ ਦੇ ਹਿੱਸੇ ਦਾ ਬਣਦਾ ਮਾਣ-ਸਨਮਾਨ ਮਿਲਣਾ ਬਹੁਤ ਜ਼ਰੂਰੀ ਹੈ। ਅਜਿਹੇ ਮੁਕਾਮ ਤੱਕ ਪਹੁੰਚਣ ਲਈ ਉਸ ਨੂੰ ਸਮਾਜਿਕ-ਆਰਥਿਕ ਆਜ਼ਾਦੀ ਹਾਸਲ ਕਰਨ ਦੀ ਲੋੜ ਹੈ। ਔਰਤ ਨੂੰ ਮਿਲਣ ਵਾਲੇ ਸਮਾਜਿਕ-ਆਰਥਿਕ ਅਧਿਕਾਰਾਂ ਦੇ ਸਬੰਧ ਵਿਚ ਬਹੁਤੇ ਕਾਨੂੰਨ ਹੁਣ ਉਸ ਦੇ ਹੱਕ ਵਿਚ ਭੁਗਤਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਸਮਾਜ ਨੂੰ ਔਰਤ ਪ੍ਰਤੀ ਆਪਣੀ ਸੋਚ, ਨਜ਼ਰੀਆ ਤੇ ਵਿਵਹਾਰ ਬਦਲਣ ਦੀ ਵੀ ਲੋੜ ਹੈ।

ਸਮਾਜਿਕ ਸਰੋਕਾਰਾਂ ਨਾਲ ਜੁੜੇ ਚਿੰਤਕਾਂ ਤੇ ਸਮਾਜ ਵਿਗਿਆਨੀਆਂ ਨੇ ਭਾਰਤੀ ਮਹਿਲਾਵਾਂ ਦੀ ਪ੍ਰਤਿਭਾ, ਸ਼ਕਤੀ ਤੇ ਸਮਰੱਥਾ ਨੂੰ ਵੇਖਦਿਆਂ ਹੋਇਆਂ ਉਨ੍ਹਾਂ ਨੂੰ ਦੇਸ਼ ਵਿੱਚੋਂ ਗ਼ਰੀਬੀ ਘਟਾਉਣ ਲਈ ਉੱਤਮ, ਪ੍ਰਭਾਵਸ਼ਾਲੀ ਤੇ ਕਾਰਗਰ ਹਥਿਆਰ ਮੰਨਿਆ ਹੈ। ਸਮਾਜਿਕ-ਆਰਥਿਕ ਤੌਰ 'ਤੇ ਆਜ਼ਾਦ ਹੋ ਕੇ ਹੀ ਭਾਰਤੀ ਔਰਤ ਅੰਦਰ ਸਵੈਮਾਣ, ਸਵੈ-ਭਰੋਸਗੀ ਤੇ ਸ਼ਕਤੀਸ਼ਾਲੀ ਹੋਣ ਦਾ ਅਹਿਸਾਸ ਪਨਪ ਸਕਦਾ ਹੈ।

ਭਾਰਤ ਵਰਗੇ ਵੱਡੇ ਦੇਸ਼ ਵਿੱਚ ਔਰਤ ਦੀ ਦਸ਼ਾ ਦੇ ਕਈ ਦ੍ਰਿਸ਼ ਉਭਰਦੇ ਹਨ। ਆਪਣਾ ਤੇ ਆਪਣੇ ਪਰਿਵਾਰ ਦਾ ਪੇਟ ਪਾਲਣ ਲਈ ਔਰਤ ਨੂੰ ਮਿਹਨਤ ਕਰਨੀ ਪੈਂਦੀ ਹੈ। ਉਸ ਨੂੰ ਪੁਰਸ਼ ਨਾਲੋਂ ਘੱਟ ਵੇਤਨ ਦਰਾਂ 'ਤੇ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਘੰਟਿਆਂ ਬੱਧੀ ਸਿਰ 'ਤੇ ਬੋਝ ਉਠਾ ਕੇ ਖ਼ੂਨ ਪਸੀਨਾ ਵਹਾਉਣਾ ਪੈਂਦਾ ਹੈ। ਕਈ ਹਾਲਤਾਂ ਵਿੱਚ ਔਰਤ ਦਿਨ ਭਰ ਮਿਹਨਤ ਮਜ਼ਦੂਰੀ ਕਰ ਕੇ ਪੈਸਾ ਕਮਾਉਂਦੀਹੈ, ਆਪਣੇ ਬੱਚਿਆਂ ਲਈ ਰੋਟੀ-ਟੁੱਕ ਦਾ ਜੁਗਾੜ ਕਰਦੀ ਹੈ ਪਰ ਘਰ ਬੈਠਾ ਉਸ ਦਾ ਨਿਕੰਮਾ ਪਤੀ ਵਿਹਲਾ ਬੈਠ ਕੇ ਖਾਂਦਾ ਵੀ ਹੈ ਤੇ ਆਪਣੀ ਪਤਨੀ ਨੂੰ ਮਾਰਦਾ-ਕੁੱਟਦਾ ਵੀ ਹੈ। ਅਨੇਕ ਦਬਾਵਾਂ ਹੇਠ ਕੰਮ ਕਰਨਾ ਉਸ ਦੀ ਮਜਬੂਰੀ ਬਣ ਜਾਂਦੀ ਹੈ। ਕਈ ਹਾਲਤਾਂ ਵਿਚ ਗ਼ਰੀਬੀ ਦੀ ਝਾੜੀ-ਝੰਬੀ ਔਰਤ ਭਾਵੁਕ ਤੇ ਜਿਸਮਾਨੀ ਸ਼ੋਸ਼ਣ ਦਾ ਸ਼ਿਕਾਰ ਵੀ ਹੁੰਦੀ ਹੈ। ਘਰ ਦੀਆਂ ਜ਼ਿੰਮੇਵਾਰੀਆਂ ਉਸ ਨੂੰ ਬਹੁਤ ਬੁਰੀ ਤਰ੍ਹਾਂ ਤੋੜ ਸੁੱਟਦੀਆਂ ਹਨ। ਉਸ ਨੂੰ ਕਈ ਫਰੰਟਾਂ 'ਤੇ ਲੜਾਈ ਲੜਨੀ ਪੈਂਦੀ ਹੈ। ਉਹ ਲੜਾਈ ਲੜਦੀ ਹੈ ਤੇ ਜੇਤੂ ਬਣਕੇ ਨਿਕਲਦੀ ਹੈ। ਭਾਰਤੀ ਔਰਤ ਦੀ ਬਹੁਗਿਣਤੀ ਵੱਲੋਂ ਰੋਟੀ-ਰੋਜ਼ੀ ਕਮਾਉਣ, ਆਪਣੀ ਆਜ਼ਾਦ ਹਸਤੀ ਸਾਬਤ ਕਰਨ ਤੇ ਸਵੈਮਾਣ ਵਾਲੀ ਜ਼ਿੰਦਗੀ ਜਿਊਣ ਦੀ ਦਿਸ਼ਾ ਵੱਲ ਪੁੱਟਿਆ ਇਹ ਪਹਿਲਾ ਕਦਮ ਸਮਝਿਆ ਜਾਣਾ ਚਾਹੀਦਾ ਹੈ।

ਦੂਜੇ ਪਾਸੇ ਵਿਸ਼ਵੀਕਰਨ ਦੇ ਇਸ ਦੌਰ ਵਿਚ ਤਕਨੀਕੀ ਕਰਾਂਤੀ ਦੀ ਬਦੌਲਤ ਭਾਰਤੀ ਨਾਰੀ ਨੂੰ ਵਿਭਿੰਨ ਖੇਤਰਾਂ ਵਿੱਚ ਰੁਜ਼ਗਾਰ ਦੇ ਅਨੇਕ ਅਵਸਰ ਮਿਲੇ ਹਨ ਤੇ ਮਿਲ ਰਹੇ ਹਨ। ਉੱਚ ਵਿਦਿਆ ਅਤੇ ਕੰਮ ਕਰਨ ਦੀ ਯੋਗਤਾ/ਸਮਰੱਥਾ ਹਾਸਲ ਕਰ ਕੇ ਔਰਤ ਪਬਲਿਕ ਸੈਕਟਰ ਤੇ ਕਾਰਪੋਰੇਟ ਸੈਕਟਰ ਵਿੱਚ ਅਹਿਮ ਪਦਾਂ ਤੱਕ ਪਹੁੰਚ ਗਈ ਹੈ ਤੇ ਵਧੀਆ ਤਨਖ਼ਾਹਾਂ ਹਾਸਲ ਕਰ ਰਹੀ ਹੈ। ਯੋਗਤਾ ਰੱਖਣ ਵਾਲੀਆਂ ਔਰਤਾਂ ਕੋਲ ਕੈਰੀਅਰ ਦੀ ਚੋਣ ਕਰਨ ਦੇ ਅਨੇਕ ਵਿਕਲਪ ਮੌਜੂਦ ਹਨ ਪਰ ਅਜਿਹੀ ਸ਼੍ਰੇਣੀ ਦੀ ਪ੍ਰਤੀਸ਼ੱਤਤਾ ਬਹੁਤ ਘੱਟ ਹੈ। ਸਾਧਨ-ਸਪੰਨ ਤੇ ਬਿਹਤਰ ਆਰਥਿਕਤਾ ਦੀਆਂ ਭਾਗੀ ਔਰਤਾਂ ਵਿੱਚੋਂ ਇਕ ਵਰਗ ਕਰੀਮੀ ਲੇਅਰ ਵਿਚ ਸ਼ੁਮਾਰ ਕੀਤਾ ਜਾਣ ਵਾਲਾ ਵਰਗ ਵੀ ਹੈ, ਜੋ ਵਧੇਰੇ ਗਿਣਤੀ ਦੀਆਂ ਔਰਤਾਂ ਨੂੰ ਦਰਪੇਸ਼ ਚੁਣੌਤੀਆਂ ਤੋਂ ਅਭਿੱਜ ਹੈ। ਇੱਕ ਪਾਸੇ ਬਿਜਲਈ ਸੰਚਾਰ ਮਾਧਿਅਮਾਂ ਰਾਹੀਂ ਜਦੋਂ ਔਰਤ ਗਲੈਮਰ ਦੀ ਦੁਨੀਆ ਵਿੱਚ ਪ੍ਰਵੇਸ਼ ਕਰਦੀ ਹੈ ਤਾਂ ਦੂਜੇ ਪਾਸੇ ਗੁਰਬਤ ਨਾਲ ਜੂਝ ਰਹੀ ਔਰਤ ਦੀ ਹਾਲਤ ਵੀ ਦੁਹਾਈਆਂ ਮਚਾ ਰਹੀ ਹੁੰਦੀ ਹੈ। ਦੂਰੀਆਂ ਬਹੁਤ ਹਨ। ਇਹ ਘਾਪਾ ਕਿਵੇਂ ਦੂਰ ਕੀਤਾ ਜਾ ਸਕਦਾ ਹੈ ?

(ਬਾਕੀ ਸਫ਼ਾ 27 'ਤੇ)

# ਅੱਧੀ ਟਿਕਟ



**ਸੰਤੋਖ ਪਾਲ**

ਸਵੇਰੇ ਦਸ ਕੁ ਵਜੇ ਦਾ ਸਮਾਂ ਸੀ। ਰਾਏਕੋਟ ਬੱਸ ਸਟੈਂਡ 'ਤੇ ਖੜ੍ਹੀ ਅਹਿਮਦਗੜ੍ਹ ਮੰਡੀ ਨੂੰ ਜਾਣ ਵਾਲੀ ਬੱਸ ਦੇ ਕੰਡਕਟਰ ਨੂੰ ਮੈਂ ਪੁੱਛਿਆ, ਇਹ ਬੱਸ ਅਹਿਮਦਗੜ੍ਹ ਮੰਡੀ ਜਾਊਗੀ..!" ਉਸ ਨੇ 'ਹਾਂ' ਵਿੱਚ ਸਿਰ ਹਿਲਾਇਆ ਪਰ ਕੁਝ ਨਾ ਬੋਲਿਆ। ਮੈਂ ਉਸ ਨੂੰ ਅਗਲਾ ਸਵਾਲ ਕੀਤਾ, 'ਅੱਧੀ ਟਿਕਟ ਲੈ ਲਓਗੇ..!' 'ਹਾਂ, ਬਹਿ ਜਾ' ਉਸ ਨੇ ਹੌਲੀ ਜਿਹੀ ਜਵਾਬ ਦਿੱਤਾ। ਮੈਂ ਬੱਸ ਦੀ ਅਗਲੀ ਤਾਕੀ ਚੜ੍ਹ ਕੇ ਬੱਸ ਦੇ ਵਿਚਕਾਰ ਤਿੰਨ ਸਵਾਰੀਆਂ ਵਾਲੀ ਸੀਟ 'ਤੇ ਬੈਠ ਗਿਆ। ਬੱਸ ਵਿੱਚ ਮਸਾਂ ਪੰਜ-ਸੱਤ ਸਵਾਰੀਆਂ ਹੋਰ ਸਨ।ਰੁੱਖੇ ਜਿਹੇ ਸੁਭਾਅ ਦਾ ਕੰਡਕਟਰ ਲਗਾਤਾਰ ਸਵਾਰੀਆਂ ਨੂੰ ਉੱਚੀ-ਉੱਚੀ ਅਵਾਜ਼ਾਂ ਮਾਰ ਰਿਹਾ ਸੀ, ਭੈਣੀ ਦਰੇੜਾਂ, ਬੜੂੰਦੀ, ਛਪਾਰ, ਲਤਾਲਾ, ਅਹਿਮਦਗੜ੍ਹ ਮੰਡੀ ਆਲੇ... ਆਜੋ ਵੀ..! ਬੱਸ ਵਿੱਚ ਹੋਰ ਸਵਾਰੀਆਂ ਆ ਚੜ੍ਹੀਆਂ। ਕਾਲੇ ਰੰਗ ਦੇ ਡੱਬੀਆਂ ਵਾਲੇ ਪਰਨੇ ਨੂੰ ਆਪਣੇ ਸੱਜੇ ਮੋਢੇ 'ਤੇ ਸੁੱਟਦਿਆਂ ਆਪਣੇ ਖੱਬੇ ਗੁੱਟ 'ਤੇ ਬੰਨ੍ਹੀ ਘੜੀ ਵੱਲ ਦੇਖਦੇ ਹੋਏ ਬੱਸ ਕੰਡਕਟਰ ਨੇ ਸੀਟੀ ਮਾਰ ਕੇ ਡਰਾਈਵਰ ਨੂੰ ਬੱਸ ਤੋਰਨ ਦਾ ਇਸ਼ਾਰਾ ਕੀਤਾ ਅਤੇ ਬੱਸ ਅੱਡੇ ਤੋਂ ਤੁਰ ਪਈ। ਬੱਸ ਵਿੱਚ ਅਜੇ ਵੀ ਜ਼ਿਆਦਾਤਰ ਸੀਟਾਂ ਖਾਲੀ ਸਨ। ਜਦੋਂ ਬੱਸ ਰਾਏਕੋਟ ਦੇ ਮਸ਼ਹੂਰ ਘੋੜੇ ਵਾਲੇ ਚੌਕ ਵਿੱਚ ਪੁੱਜੀ ਤਾਂ ਕਾਫ਼ੀ ਹੋਰ ਸਵਾਰੀਆਂ ਬੱਸ ਦੀ ਉਡੀਕ ਵਿੱਚ ਖੜ੍ਹੀਆਂ ਸਨ, ਜਿਵੇਂ ਲੰਮੇ ਸਮੇਂ ਤੋਂ ਕੋਈ ਬੱਸ ਨਾ ਆਈ ਹੋਵੇ। ਉਸੇ ਚੌਕ ਤੋਂ ਇੱਕ ਸੋਹਣੀ-ਸੁਨੱਖੀ ਮੁਟਿਆਰ ਬੱਸ ਦੀ ਅਗਲੀ ਤਾਕੀ 'ਚੋਂ ਚੜ੍ਹੀ, ਜਿਸ ਨੇ ਆਪਣੇ ਹੱਥ ਵਿੱਚ ਵੱਡਾ ਸਾਰਾ ਅਟੈਚੀ ਬੈਗ ਫੜ੍ਹਿਆ ਹੋਇਆ ਸੀ ਜੋ ਭਾਰੀ ਲੱਗ ਰਿਹਾ ਸੀ। ਜਦੋਂ ਉਹ ਬੱਸ ਵਿੱਚ ਚੜ੍ਹੀ ਤਾਂ ਉਸੇ ਪਲ ਮੇਰੀ ਨਜ਼ਰ ਉਸ 'ਤੇ ਪਈ ਅਤੇ ਇੰਝ ਲੱਗਿਆ ਜਿਵੇਂ ਉਸ ਨੇ ਆਪਣੀਆਂ ਮਹਿੰਗੀਆਂ ਕਾਲੀਆਂ ਐਨਕਾਂ ਵਿੱਚੋਂ ਮੈਨੂੰ ਵੀ ਚੋਰੀ ਅੱਖ ਨਾਲ ਦੇਖਿਆ ਹੋਵੇ। ਉਹ ਬੱਸ ਵਿੱਚ ਖਾਲੀ ਪਈਆਂ ਹੋਰ ਸੀਟਾਂ ਛੱਡ ਕੇ ਮੇਰੇ ਵਾਲੀ ਸੀਟ 'ਤੇ ਆ ਬੈਠੀ ਅਤੇ ਆਪਣਾ ਅਟੈਚੀ ਸੀਟ ਉੱਪਰ ਆਪਣੇ ਖੱਬੇ ਹੱਥ ਰੱਖ ਲਿਆ। ਉਸ ਦੇ ਪਹਿਨਿਆ ਹੋਇਆ ਗੂੜੇ ਰੰਗ ਦਾ ਲਾਲ ਸੂਟ, ਹੱਥਾਂ ਵਿੱਚ ਪਾਇਆ ਚੂੜਾ ਅਤੇ ਕੀਤਾ ਹੋਇਆ ਹਾਰ-ਸ਼ਿੰਗਾਰ ਇਸ ਗੱਲ ਦੀ ਗਵਾਹੀ ਭਰ ਰਿਹਾ ਸੀ ਕਿ ਉਸ ਦਾ ਵਿਆਹ ਅਜੇ ਕੁਝ ਦਿਨ ਪਹਿਲਾਂ ਹੀ ਹੋਇਆ ਹੈ।ਉਸ ਸਮੇਂ ਮੇਰੀ ਉਮਰ ਮਸਾਂ ਵੀਹ ਕੁ ਸਾਲ ਦੀ ਹੋਵੇਗੀ ਅਤੇ ਉਹ ਮੇਰੇ ਤੋਂ ਇੱਕ-ਦੋ ਸਾਲ ਵੱਡੀ ਜਾਪਦੀ ਸੀ। ਮੇਰੇ ਅੰਦਰ ਕਈ ਵਲਵਲੇ ਪੈਦਾ ਹੋ ਰਹੇ ਸਨ, ਜਿਨ੍ਹਾਂ ਦਾ ਜਵਾਬ ਵੀ ਮੈਂ ਆਪ ਹੀ ਦੇ ਰਿਹਾ ਸੀ। ਮੈਂ ਕਦੇ ਬੱਸ ਤੋਂ ਬਾਹਰ ਦੇਖਦਾ, ਕਦੇ ਆਪਣੀ ਆਸਮਾਨੀ ਰੰਗ ਦੀ ਸ਼ਰਟ ਨਾਲ ਲਾਈ ਨੀਲੀ ਟਾਈ ਠੀਕ ਕਰਦਾ ਅਤੇ ਕਦੇ ਆਪਣੇ ਗਲ ਵਿੱਚ ਪਾਏ ਆਪਣੀ ਕੰਪਨੀ ਦੇ ਪਛਾਣ ਪੱਤਰ ਨੂੰ ਜੇਬ ਵਿੱਚ ਲੁਕਾਉਣ ਦੀ ਕੋਸ਼ਿਸ਼ ਕਰਦਾ। ਪਤਾ ਨਹੀਂ ਕਿਉਂ ਮੈਂ ਆਪਣੀ ਪਛਾਣ ਉਸ ਅਜਨਬੀ ਕੁੜੀ ਤੋਂ ਲੁਕਾ ਰਿਹਾ ਸੀ, ਜੋ ਅੱਜ ਇਸ ਸਫ਼ਰ ਵਿੱਚ ਮੇਰੇ ਨਾਲ ਇੰਝ ਆ ਬੈਠੀ ਸੀ ਜਿਵੇਂ ਮੈਨੂੰ ਪਹਿਲਾਂ ਤੋਂ ਹੀ ਜਾਣਦੀ ਹੋਵੇ।ਅੱਜ ਪਹਿਲੀ ਵਾਰ ਮੈਨੂੰ ਬੱਸ ਦਾ ਸਫ਼ਰ ਨਵਾਂ ਅਤੇ ਉਮੰਗ ਭਰਿਆ ਲੱਗ ਰਿਹਾ ਸੀ, ਹਾਲਾਂਕਿ ਮੈਂ ਹਰ ਰੋਜ਼ ਬੱਸ ਦਾ ਸਫ਼ਰ ਕਰਦਾ ਸੀ।

ਬੱਸ ਤਕਰੀਬਨ ਦੋ-ਤਿੰਨ ਕਿਲੋਮੀਟਰ ਅੱਗੇ ਪਹੁੰਚੀ। ਹੁਣ ਬੱਸ ਵਿੱਚ ਸਵਾਰੀਆਂ ਦੇ ਬੈਠਣ ਲਈ ਕੋਈ ਸੀਟ ਨਹੀਂ ਸੀ ਬਲਕਿ ਅੱਠ-ਦਸ ਸਵਾਰੀਆਂ ਖੜ੍ਹੀਆਂ ਸਨ। ਬੱਸ ਕੰਡਕਟਰ ਟਿਕਟਾਂ ਕੱਟਦਾ-ਕੱਟਦਾ ਮੇਰੇ ਕੋਲ ਆਇਆ। ਉਨ੍ਹਾਂ ਦਿਨਾਂ ਵਿੱਚ ਰਾਏਕੋਟ ਤੋਂ ਅਹਿਮਦਗੜ੍ਹ ਮੰਡੀ ਜਾਣ ਦਾ ਬਾਰ੍ਹਾਂ ਰੁਪਏ ਕਿਰਾਇਆ ਲੱਗਦਾ ਸੀ। ਮੈਂ ਕੰਡਕਟਰ ਨੂੰ ਆਪਣੀ ਜੇਬ ਵਿੱਚੋਂ ਟਿਕਟ ਕਟਵਾਉਣ ਲਈ ਖੁੱਲ੍ਹੇ ਛੇ ਰੁਪਏ ਕੱਢ ਕੇ ਫੜਾਏ, ਪਰ ਉਹ ਅੱਗੋਂ ਬੋਲਿਆ, "ਕਾਕਾ ਜੀ, ਅਹਿਮਦਗੜ੍ਹ ਮੰਡੀ ਦੇ ਬਾਰ੍ਹਾਂ ਰੁਪਏ ਲੱਗਦੇ ਨੇ...!" ਮੈਂ ਉਸ ਨੂੰ ਕਿਹਾ ਕਿ ਮੈਂ ਤਾਂ ਪੁੱਛ ਕੇ ਬੈਠਿਆ ਸੀ ਕਿ ਅੱਧੀ ਟਿਕਟ ਲੈ ਲਓਗੇ ਅਤੇ ਤੁਸੀਂ ਹਾਂ ਕਿਹਾ ਸੀ ਪਰ ਸਵਾਰੀਆਂ ਨਾਲ ਭਰੀ ਹੋਈ ਬੱਸ ਦੇਖ ਕੇ ਕੰਡਕਟਰ ਦਾ ਰਵੱਈਆ ਪਹਿਲਾਂ ਨਾਲੋਂ ਕੁਝ ਬਦਲਿਆ ਹੋਇਆ ਲੱਗ ਰਿਹਾ ਸੀ। ਉਹ ਮੇਰੇ ਨਾਲ ਬਹਿਸਬਾਜ਼ੀ ਕਰ ਰਿਹਾ ਸੀ ਅਤੇ ਮੈਂ ਵੀ ਉਸ ਵੱਲੋਂ ਅੱਧੀ ਟਿਕਟ ਕਟਵਾਉਣ ਬਾਰੇ ਕੀਤੀ ਗਈ 'ਹਾਂ' ਦਾ ਉਸ ਨੂੰ ਚੇਤਾ ਕਰਵਾ ਰਿਹਾ ਸੀ, ਪਰ ਉਹ ਨਾ ਮੰਨਿਆ। ਉਹ ਇਹ ਗੱਲ ਕਹਿ ਕੇ ਅੱਗੇ ਚਲਾ ਗਿਆ ਕਿ ਪੂਰੀ ਟਿਕਟ ਲਓ। ਉਹ ਮੈਨੂੰ ਜ਼ੁਬਾਨ ਦਾ ਪੱਕਾ ਨਹੀਂ ਲੱਗਿਆ।

ਮੇਰੇ ਨਾਲ ਸੀਟ 'ਤੇ ਬੈਠੀ ਉਹ ਅਜਨਬੀ ਕੁੜੀ ਇਹ ਸਭ ਕੁਝ ਦੇਖ ਰਹੀ ਸੀ। ਉਸ ਨੇ ਮੈਨੂੰ ਪਰੇਸ਼ਾਨ ਹੁੰਦਾ ਦੇਖ ਪੁੱਛਿਆ, "ਤੁਸੀਂ ਕਿੱਥੇ ਜਾਣਾ ਹੈ?" ਮੇਰਾ ਦਿਲ ਪਹਿਲਾਂ ਨਾਲੋਂ ਵੀ ਤੇਜ਼ ਧੜਕਣ ਲੱਗਾ। ਮੈਂ ਸ਼ਰਮਾਉਂਦੇ ਹੋਏ ਉਸ ਨੂੰ ਦੱਸਿਆ ਕਿ ਮੈਂ ਅਹਿਮਦਗੜ੍ਹ ਮੰਡੀ ਜਾਣਾ ਹੈ ਅਤੇ ਮੈਂ ਅੱਧੀ ਟਿਕਟ ਦੇਣ ਬਾਰੇ ਕੰਡਕਟਰ ਨੂੰ ਪੁੱਛ ਕੇ ਹੀ ਬੱਸ ਵਿੱਚ ਚੜ੍ਹਿਆ ਸੀ। ਉਸ ਨੇ ਕਿਹਾ, "ਫਿਰ ਤੁਸੀਂ ਪੂਰੀ ਟਿਕਟ ਲੈ ਲਓ।" ਇਹ ਉਹੀ ਸਵਾਲ ਸੀ ਜਿਸ ਤੋਂ ਮੈਂ ਡਰ ਰਿਹਾ ਸੀ। ਆਖ਼ਰ ਕੁਝ ਸੋਚ ਕੇ ਮੈਂ ਝਿਜਕਦੇ ਹੋਏ ਉਸ ਨੂੰ ਸਾਰੀ ਗੱਲ ਦੱਸੀ, "ਜੀ, ਮੈਂ ਇੱਕ ਮਾਰਕਟਿੰਗ ਕੰਪਨੀ ਵਿੱਚ ਕੰਮ ਕਰਦਾ ਹਾਂ, ਇਹ ਕੰਪਨੀ ਸਾਨੂੰ ਮਾਰਕਟਿੰਗ ਕਰਨ ਲਈ ਹਰ ਰੋਜ਼ ਕਿਸੇ ਨਵੇਂ ਸ਼ਹਿਰ ਜਾਂ ਪਿੰਡ ਵਿੱਚ ਭੇਜਦੀ ਹੈ। ਇਨ੍ਹੀਂ ਦਿਨੀਂ ਸਾਡੀ ਇੱਕ ਵਿਸ਼ੇਸ਼ ਟ੍ਰੇਨਿੰਗ ਚੱਲ ਰਹੀ ਹੈ, ਜਿਸ ਤਹਿਤ ਸਾਨੂੰ ਮਾਰਕਟਿੰਗ ਸਕਿੱਲਜ਼ ਸਿਖਾਏ ਜਾਂਦੇ ਹਨ ਜੋ ਸਾਨੂੰ ਇੱਕ ਵਧੀਆ ਸੇਲਜ਼ਮੈਨ ਬਣਾਉਣ ਵਿੱਚ ਸਹਾਈ ਹੁੰਦੇ ਹਨ। ਇਸ ਟ੍ਰੇਨਿੰਗ ਦੌਰਾਨ ਕੰਪਨੀ ਵੱਲੋਂ ਸਾਨੂੰ ਸਫ਼ਰ ਕਰਨ ਲਈ ਇੱਕ ਪਾਸੇ ਦਾ ਕਿਰਾਇਆ ਦਿੱਤਾ ਜਾਂਦਾ ਹੈ ਅਤੇ ਵਾਪਸੀ ਦਾ ਕਿਰਾਇਆ ਅਸੀਂ ਦਿਨ ਭਰ ਵਿੱਚ ਵੇਚੇ ਗਏ ਸਾਮਾਨ ਦੇ ਪੈਸਿਆਂ ਵਿੱਚੋਂ ਖ਼ਰਚ ਕਰਦੇ ਹਾਂ। ਮੇਰੇ ਕੋਲ ਇਸ ਵਕਤ ਸਿਰਫ਼ ਦਸ ਰੁਪਏ ਹੀ ਹਨ...!" ਮੇਰੀ ਗੱਲ ਸੁਣ ਕੇ ਉਹ ਕੁੜੀ ਹੈਰਾਨ ਵੀ ਹੋਈ ਅਤੇ ਪ੍ਰੇਸ਼ਾਨ ਵੀ। ਮੇਰਾ ਚਿਹਰਾ ਮੁਰਝਾਇਆ ਹੋਇਆ ਸੀ। ਕੰਡਕਟਰ ਦੁਬਾਰਾ ਮੇਰੇ ਵੱਲ ਆ ਰਿਹਾ ਸੀ ਅਤੇ ਉਹ ਕੁੜੀ ਮੇਰੇ ਮੂੰਹ ਵੱਲ ਦੇਖ ਰਹੀ ਸੀ। ਕੰਡਕਟਰ ਨੇ ਫਿਰ ਆ ਕੇ ਮੈਨੂੰ ਟਿਕਟ ਪੁੱਛੀ।

"ਲਿਆ ਬਈ ਟਿਕਟ...!" ਉਹ ਬੋਲਿਆ। ਮੈਂ ਕਿਹਾ, "ਪੰਜ ਰੁਪਏ ਵਿੱਚ ਬੱਸ ਜਿੱਥੋਂ ਤੱਕ ਜਾਂਦੀ ਐ, ਉੱਥੋਂ ਦੀ ਟਿਕਟ ਦੇ ਦਿਓ..!" "ਪੰਜ ਰੁਪਏ ਵਿੱਚ ਤਾਂ ਫੇਰ ਬੜੂੰਦੀ ਤੱਕ ਹੀ ਜਾਊਗੀ।" "ਫੇਰ ਬੜੂੰਦੀ ਤੱਕ ਦੀ ਟਿਕਟ ਦੇ ਦਿਓ।"

ਉਸ ਕੁੜੀ ਨੇ ਆਪਣੇ ਗੁਲਾਬੀ ਰੰਗ ਦੇ ਪਰਸ ਵਿੱਚੋਂ ਪੰਜਾਹ ਰੁਪਏ ਦਾ ਨੋਟ ਕੱਢਿਆ ਅਤੇ ਮੇਰਾ ਹੱਥ ਫੜ ਕੇ ਉਹ ਨੋਟ ਮੇਰੇ ਹੱਥ 'ਤੇ ਰੱਖ ਦਿੱਤਾ। ਮੈਂ ਵੀ ਹੈਰਾਨ ਸੀ ਅਤੇ ਕੰਡਕਟਰ ਵੀ। ਮੇਰੇ ਵੱਲੋਂ ਵਾਰ-ਵਾਰ ਮਨ੍ਹਾਂ ਕਰਨ ਦੇ ਬਾਵਜੂਦ ਉਸ ਨੇ ਮੈਨੂੰ ਜ਼ਬਰਦਸਤੀ ਪੰਜਾਹ ਰੁਪਏ ਦਾ ਨੋਟ ਫੜਾ ਦਿੱਤਾ, ਜਿਸ ਵਿੱਚੋਂ ਮੈਂ ਅਹਿਮਦਗੜ੍ਹ ਮੰਡੀ ਜਾਣ ਲਈ ਪੂਰੀ ਟਿਕਟ ਕਟਵਾ ਲਈ। ਬਾਕੀ ਪੈਸੇ ਉਸ ਨੂੰ ਵਾਪਸ ਕਰਨੇ ਚਾਹੇ ਤਾਂ ਉਸ ਨੇ ਕਿਹਾ, "ਇਹ ਪੈਸੇ ਤੁਸੀਂ ਰੱਖੋ, ਵਾਪਸੀ 'ਤੇ ਕੰਮ ਆਉਣਗੇ।" ਕੰਡਕਟਰ ਨੇ ਮੈਨੂੰ ਟਿਕਟ ਦਿੱਤੀ ਅਤੇ ਮੇਰੇ ਵੱਲ ਟੇਢਾ-ਟੇਢਾ ਝਾਕਦਾ ਹੋਇਆ ਅੱਗੇ ਨਿਕਲ ਗਿਆ। ਅਗਲੀ ਪਿਛਲੀ ਸੀਟ 'ਤੇ ਬੈਠੀਆਂ ਸਵਾਰੀਆਂ ਵੀ ਇਹ ਸਭ ਕੁਝ ਦੇਖ ਰਹੀਆਂ ਸਨ। ਉਸ ਕੁੜੀ ਨੇ ਮੈਨੂੰ ਹੋਰ ਸੋਚਾਂ ਵਿੱਚ ਪਾ ਦਿੱਤਾ। ਮੈਂ ਸੋਚ ਰਿਹਾ ਸੀ ਕਿ ਪਤਾ ਨਹੀਂ ਇਸ ਕੁੜੀ ਦੇ ਮਨ ਵਿੱਚ ਕੀ ਚੱਲ ਰਿਹਾ ਹੋਵੇਗਾ।

ਸਾਲ 2000 ਵਿੱਚ ਮੇਰੇ ਪਿਤਾ ਦੀ ਮੌਤ ਹੋਣ ਤੋਂ ਬਾਅਦ ਮੈਂ ਆਪਣੀ ਜ਼ਿੰਦਗੀ ਦੀ ਗੱਡੀ ਨੂੰ ਦੁਬਾਰਾ ਪਟੜੀ 'ਤੇ ਲਿਆਉਣ ਦੀ ਲਗਾਤਾਰ ਕੋਸ਼ਿਸ਼ ਕਰ ਰਿਹਾ ਸੀ। ਘਰੇਲੂ ਮਜਬੂਰੀਆਂ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਦੇ ਚਲਦੇ ਬਾਰ੍ਹਵੀਂ ਪਾਸ ਕਰਨ ਮਗਰੋਂ ਮੇਰਾ ਆਪਣੇ ਦੋਸਤਾਂ ਨਾਲ ਕਾਲਜ ਜਾਣ ਦਾ ਸੁਫ਼ਨਾ ਅਧੂਰਾ ਹੀ ਰਹਿ ਗਿਆ ਸੀ। ਸਾਲ 2006 ਵਿੱਚ ਇੱਕ ਨਜ਼ਦੀਕੀ ਦੋਸਤ ਦੀ ਸਲਾਹ ਨਾਲ ਮੈਂ ਇੱਕ ਮਾਰਕਟਿੰਗ ਕੰਪਨੀ ਵਿੱਚ ਕੰਮ ਕਰਨ ਲੱਗਾ ਤਾਂ ਕਿ ਪਰਿਵਾਰ ਦੀ ਆਰਥਿਕ ਸਥਿਤੀ ਵਿੱਚ ਕੁਝ ਸੁਧਾਰ ਹੋ ਸਕੇ। ਇਹ ਕੰਪਨੀ ਸਾਨੂੰ ਸਾਮਾਨ ਵੇਚਣ ਬਦਲੇ ਹਰ ਸ਼ੈਅ ਪਿੱਛੇ ਵੀਹ ਫ਼ੀਸਦੀ ਕਮਿਸ਼ਨ ਦਿੰਦੀ, ਜਿਸ ਵਿੱਚ ਜ਼ਿਆਦਾਤਰ ਸਿਹਤ ਨਾਲ ਸਬੰਧਿਤ ਚੁੰਬਕੀ ਉਤਪਾਦ ਅਤੇ ਹੋਰ ਸਾਮਾਨ ਹੁੰਦਾ ਸੀ। ਹਰ ਮਹੀਨੇ ਮੇਰੀ ਮਾਂ ਉਮੀਦ ਕਰਦੀ ਕਿ ਮੈਂ ਉਸ ਨੂੰ ਆਪਣੀ ਕਮਾਈ ਵਿੱਚੋਂ ਕੁਝ ਪੈਸੇ ਘਰ ਦਾ ਖਰਚਾ ਚਲਾਉਣ ਵਾਸਤੇ ਭੇਜਾਂਗਾ, ਪਰ ਇਹ ਸੰਭਵ ਨਾ ਹੋ ਸਕਿਆ ਕਿਉਂਕਿ ਕਮਿਸ਼ਨ ਦੇ ਰੂਪ ਵਿੱਚ ਮਿਲੇ ਪੈਸਿਆਂ ਨਾਲ ਮੇਰਾ ਆਪਣਾ ਖਰਚਾ ਹੀ ਬੜੀ ਮੁਸ਼ਕਿਲ ਨਾਲ ਚਲਦਾ ਸੀ। ਮੇਰੇ ਪਿਤਾ ਦੀ ਮੌਤ ਤੋਂ ਬਾਅਦ ਜਿਵੇਂ ਸਾਰਾ ਕੁਝ ਇਕਦਮ ਬਦਲ ਗਿਆ ਸੀ। ਮੇਰੀ ਜ਼ਿੰਦਗੀ ਦਾ ਇਹ ਕੀਮਤੀ ਸਮਾਂ, ਮਤਲਬ ਮੇਰੀ ਜਵਾਨੀ ਆਪਣੇ ਘਰ ਦੀਆਂ ਜ਼ਿੰਮੇਵਾਰੀਆਂ ਅਤੇ ਬਾਕੀ ਪਰਿਵਾਰ ਦੇ ਫ਼ਿਕਰਾਂ ਵਿੱਚ ਗੁਜ਼ਰ ਰਹੀ ਸੀ, ਜਦੋਂਕਿ ਇਹ ਉਮਰ ਆਪਣੇ ਸਕੂਲ ਅਤੇ ਕਾਲਜ ਦੇ ਦੋਸਤਾਂ ਨਾਲ ਹੱਸਣ-ਖੇਡਣ ਦੀ ਹੁੰਦੀ ਹੈ। ਮਾਰਕੀਟਿੰਗ ਦੇ ਇਸ ਖੇਤਰ ਵਿੱਚ ਮੈਨੂੰ ਮਜਬੂਰੀਆਂ ਵਿੱਚ ਫਸੇ ਹੋਏ ਬਹੁਤ ਸਾਰੇ ਨੌਜਵਾਨ ਮਿਲੇ, ਜੋ ਮੇਰੀ ਤਰ੍ਹਾਂ ਆਪਣੀ ਜ਼ਿੰਦਗੀ ਵਿੱਚ ਸੰਘਰਸ਼ ਕਰ ਰਹੇ ਸਨ। ਇਸ ਕੰਪਨੀ ਵਿੱਚ ਕੰਮ ਕਰਦੇ ਹੋਏ ਮੈਨੂੰ ਸਾਹਮਣੇ ਵਾਲੇ ਵਿਅਕਤੀ ਦਾ ਚਿਹਰਾ ਅਤੇ ਦਿਮਾਗ਼ ਪੜ੍ਹਨਾ ਚੰਗੀ ਤਰ੍ਹਾਂ ਆ ਗਿਆ ਸੀ। ਇਸ ਸਫ਼ਰ ਵਿੱਚ ਬਹੁਤ ਸਾਰੇ ਲੋਕ ਮਿਲੇ, ਜਿਨ੍ਹਾਂ ਤੋਂ ਮੈਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ ਅਤੇ ਕੁਝ ਲੋਕ ਅਜਿਹੇ ਪ੍ਰੇਰਨਾ ਸਰੋਤ ਰਹੇ, ਜੋ ਹਮੇਸ਼ਾ ਲਈ ਯਾਦ ਬਣ ਕੇ ਰਹਿ ਗਏ। ਅੱਜ ਅਹਿਮਦਗੜ੍ਹ ਮੰਡੀ ਨੂੰ ਜਾ ਰਹੀ ਇਸ ਬੱਸ ਵਿੱਚ ਬੈਠੀ ਇਹ ਅਜਨਬੀ ਕੁੜੀ ਵੀ ਉਨ੍ਹਾਂ ਵਿੱਚੋਂ ਇੱਕ ਸੀ।

ਬੱਸ ਛਪਾਰ ਪਿੰਡ ਪੁੱਜੀ। ਉਸ ਕੁੜੀ ਨੇ ਮੈਨੂੰ ਦੱਸਿਆ ਕਿ ਇੱਥੇ ਛਪਾਰ ਦਾ ਮੇਲਾ ਲੱਗਦਾ ਹੈ। ਸਾਡੇ ਵਿੱਚ ਹੋਰ ਬਹੁਤ ਸਾਰੀਆਂ ਗੱਲਾਂ-ਬਾਤਾਂ ਹੋਈਆਂ। ਅਸੀਂ ਦੋਵੇਂ ਇੱਕ ਦੂਸਰੇ ਤੋਂ ਅਣਜਾਣ ਸੀ ਪਰ ਇਹ ਸਭ ਕੁਝ ਕਿਵੇਂ ਹੋ ਰਿਹਾ ਸੀ, ਮੈਨੂੰ ਨਹੀਂ ਪਤਾ। ਬੱਸ ਦੀ ਅਗਲੀ ਤਾਕੀ ਵਿੱਚ ਖੜ੍ਹਾ ਕੰਡਕਟਰ ਮੈਨੂੰ ਪਤਾ ਨਹੀਂ ਕਿਉਂ ਘੂਰ ਰਿਹਾ ਸੀ! ਮੇਰੇ ਮਨ ਵਿੱਚ ਉੱਠ ਰਹੇ ਸੈਂਕੜੇ ਸਵਾਲਾਂ ਦਾ ਇੱਕ ਸਵਾਲ ਬਣਾ ਕੇ ਮੈਂ ਉਸ ਕੁੜੀ ਨੂੰ ਪੁੱਛਿਆ, "ਤੁਸੀਂ ਕਿੱਥੇ ਜਾ ਰਹੇ ਹੋ?" ਉਸ ਨੇ ਹੱਸਦੇ ਹੋਏ ਕਿਹਾ, "ਮੈਂ ਆਪਣੇ ਪੇਕੇ ਪਿੰਡ ਆਪਣੇ ਮਾਤਾ-ਪਿਤਾ ਨੂੰ ਮਿਲਣ ਜਾ ਰਹੀ ਹਾਂ ਕਿਉਂਕਿ ਅਗਲੇ ਹਫ਼ਤੇ ਮੈਂ ਆਪਣੇ ਪਤੀ ਕੋਲ ਨਿਊਜ਼ੀਲੈਂਡ ਚਲੇ ਜਾਣਾ ਹੈ, ਹਮੇਸ਼ਾ ਲਈ, ਫਿਰ ਪਤਾ ਨਹੀਂ ਕਦੋਂ ਆਉਣਾ ਹੋਵੇਗਾ।" ਉਸ ਨੇ ਮੇਰੇ ਵੱਲੋਂ ਪੁੱਛੇ ਸਵਾਲ ਦਾ ਬੜਾ ਸਰਲ ਜਿਹਾ ਜਵਾਬ ਦਿੱਤਾ। "ਪਰ ਤੁਸੀਂ ਮੇਰੀ ਟਿਕਟ ਕਿਉਂ ਕਟਵਾਈ, ਤੁਸੀਂ ਕਿਹੜਾ ਮੈਨੂੰ ਜਾਣਦੇ ਹੋ?" ਮੈਂ ਉਸ ਨੂੰ ਅਗਲਾ ਸਵਾਲ ਕੀਤਾ। ਉਸ ਨੇ ਆਪਣੀ ਕਾਲੀ ਐਨਕ ਉਤਾਰੀ ਅਤੇ ਕਿਹਾ, "ਸਾਡਾ ਕਿਰਦਾਰ ਹੀ ਸਾਡੀ ਪਛਾਣ ਹੁੰਦਾ ਹੈ, ਮੈਂ ਤੁਹਾਡੇ ਨਾਲ ਹੋ ਰਹੇ ਸਾਰੇ ਘਟਨਾਕ੍ਰਮ ਨੂੰ ਦੇਖ ਰਹੀ ਸੀ, ਜਿਸ ਤੋਂ ਤੁਸੀਂ ਮੈਨੂੰ ਇੱਕ ਇਮਾਨਦਾਰ ਅਤੇ ਨੇਕ ਸੁਭਾਅ ਦੇ ਇਨਸਾਨ ਲੱਗੇ ਅਤੇ ਕਿਸੇ ਸੱਚੇ ਬੰਦੇ ਦੀ ਮਦਦ ਕਰਨਾ ਮੇਰਾ ਸੁਭਾਅ ਹੈ।" ਪਰ ਤੁਸੀਂ ਬੱਸ ਵਿੱਚ ਚੜ੍ਹਦੇ ਸਮੇਂ ਮੇਰੇ ਨਾਲ ਹੀ ਆ ਕੇ ਕਿਉਂ ਬੈਠੇ ਜਦੋਂਕਿ ਬੱਸ ਵਿੱਚ ਹੋਰ ਵੀ ਸੀਟਾਂ ਖਾਲੀ ਪਈਆਂ ਸਨ...? ਮੈਨੂੰ ਪਤਾ ਸੀ ਤੁਸੀਂ ਇਹ ਸਵਾਲ ਕਰੋਗੇ... ਉਸ ਨੇ ਮੇਰੀਆਂ ਅੱਖਾਂ ਵਿੱਚ ਅੱਖ ਪਾ ਕੇ ਗੱਲ ਕੀਤੀ। ਹਾਂ, ਪਰ ਮੈਂ ਇਹ ਜਾਣਨਾ ਚਾਹੁੰਦਾ ਹਾਂ।

ਤਾਂ ਸੁਣੋ, ਅਸੀਂ ਦੋ ਭੈਣ ਭਰਾ ਸੀ, ਮੇਰਾ ਭਰਾ ਮੇਰੇ ਤੋਂ ਛੋਟਾ ਸੀ, ਉਹ ਇੱਕ ਵਧੀਆ ਕਾਲਜ ਵਿੱਚ ਪੜ੍ਹਦਾ ਸੀ, ਜਿੱਥੇ ਅਮੀਰ ਘਰਾਂ ਦੇ ਬੱਚੇ ਪੜ੍ਹਦੇ ਸਨ। ਮੇਰੇ ਮਾਤਾ-ਪਿਤਾ ਕੋਲ ਰੱਬ ਦਾ ਦਿੱਤਾ ਸਭ ਕੁਝ ਹੈ, ਜ਼ਮੀਨ-ਜਾਇਦਾਦ, ਪੈਸਾ, ਸ਼ੋਹਰਤ ਪਰ ਬੁਰੀ ਸੰਗਤ ਵਿੱਚ ਫਸ ਕੇ ਮੇਰਾ ਭਰਾ ਨਸ਼ਿਆਂ ਦਾ ਆਦੀ ਹੋ ਗਿਆ, ਉੱਥੇ ਪੈਸਾ ਕੰਮ ਨਹੀਂ ਆਇਆ। ਅਸੀਂ ਉਸ ਦਾ ਬਹੁਤ ਇਲਾਜ ਕਰਵਾਇਆ ਪਰ ਉਸ ਦੀ ਮਾਨਸਿਕ ਸਥਿਤੀ ਇੰਨੀ ਵਿਗੜ ਗਈ ਸੀ ਕਿ ਉਸ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ ਅਤੇ ਉਹ ਸਾਨੂੰ ਹਮੇਸ਼ਾ ਲਈ ਛੱਡ ਕੇ ਚਲਾ ਗਿਆ। ਭਰੀਆਂ ਅੱਖਾਂ ਨਾਲ ਉਸ ਕੁੜੀ ਨੇ ਜਵਾਬ ਦਿੱਤਾ ਅਤੇ ਉਹ ਚੁੱਪ ਹੋ ਗਈ। ਮੇਰਾ ਦਿਮਾਗ਼ ਸੁੰਨ ਹੋ ਗਿਆ। ਜਿਵੇਂ ਮੇਰੇ ਕੋਲ ਉਸ ਕੁੜੀ ਨੂੰ ਪੁੱਛਣ ਲਈ ਕੋਈ ਹੋਰ ਸਵਾਲ ਨਾ ਬਚਿਆ ਹੋਵੇ। ਇੰਝ ਲੱਗ ਰਿਹਾ ਸੀ ਜਿਵੇਂ ਸਾਰੀ ਬੱਸ ਵਿੱਚ ਸੰਨਾਟਾ ਛਾ ਗਿਆ ਹੋਵੇ। ਇਹ ਅੰਦਰਲੀ ਚੁੱਪ ਸੀ, ਜੋ ਮਨ ਵਿੱਚ ਚੱਲ ਰਹੇ ਸੈਂਕੜੇ ਸਵਾਲਾਂ ਨੂੰ ਇੱਕ ਜਵਾਬ ਨਾਲ ਸ਼ਾਂਤ ਕਰ ਗਈ ਸੀ। ਉਦੋਂ ਪਹਿਲੀ ਵਾਰ ਕਿਸੇ ਦੇ ਮੂੰਹ ਤੋਂ ਸੁਣਿਆ ਸੀ ਕਿ ਨਸ਼ਾ ਕਿਵੇਂ ਘਰ ਉਜਾੜ ਦਿੰਦਾ ਹੈ। ਇਨਸਾਨ ਕੋਲ ਪੈਸਾ ਹੁੰਦੇ ਹੋਏ ਵੀ ਉਸ ਨੂੰ ਸਕੂਨ ਦੀ ਭਾਲ ਰਹਿੰਦੀ ਹੈ ਅਤੇ ਕੋਈ ਮਾਂ, ਕੋਈ ਭੈਣ, ਕੋਈ ਬਾਪ ਆਪਣੇ ਤੋਂ ਵਿਛੜ ਚੁੱਕੇ ਆਪਣੇ ਕਿਸੇ ਪਿਆਰੇ ਨੂੰ ਦੁਨੀਆ ਦੀ ਇਸ ਭੀੜ ਵਿੱਚ ਲੱਭਦਾ ਫਿਰਦਾ ਹੈ, ਪਰ ਉਹ ਚਿਹਰਾ ਕਿਤੋਂ ਨਹੀਂ ਲੱਭਦਾ ਅਤੇ ਇਹ ਤੜਫ਼ ਮਰਦੇ ਦਮ ਤੱਕ ਇਨਸਾਨ ਦੇ ਅੰਦਰ ਹਮੇਸ਼ਾ ਬਣੀ ਰਹਿੰਦੀ ਹੈ। ਹੁਣ ਮੇਰਾ ਦਿਮਾਗ਼ ਅਤੇ ਮਨ ਦੋਵੇਂ ਸ਼ਾਂਤ ਸਨ, ਪਰ ਅੰਦਰੋਂ ਮਨ ਦਾ ਇੱਕ ਕੋਨਾ ਬੁਹਤ ਦੁਖੀ ਸੀ। ਮੈਂ ਉਸ ਫਰਿਸ਼ਤੇ ਵਰਗੀ ਕੁੜੀ ਤੋਂ ਇਹ ਸਵਾਲ ਪੁੱਛਣ ਲਈ ਮੁਆਫ਼ੀ ਮੰਗਣੀ ਚਾਹੀ, ਪਰ ਉਸ ਨੇ ਬੜੇ ਸਹਿਜ ਸੁਭਾਅ ਨਾਲ ਕਿਹਾ, ਤੇਰੀ ਸ਼ਕਲ ਮੈਨੂੰ ਆਪਣੇ ਭਰਾ ਵਰਗੀ ਲੱਗੀ ਤਾਂ ਮੈਂ ਤੇਰੇ ਨਾਲ ਆ ਕੇ ਬੈਠੀ ਸੀ, ਪਰ ਜਦੋਂ ਇਹ ਅੱਧੀ ਟਿਕਟ ਨੂੰ ਲੈ ਕੇ ਤੇਰੀ ਕੰਡਕਟਰ ਨਾਲ ਬਹਿਸ ਹੋਈ ਤਾਂ ਮੈਂ ਤੇਰੀ ਮਦਦ ਕਰੇ ਬਿਨਾਂ ਨਹੀਂ ਰਹਿ ਸਕੀ। ਨਾਲੇ ਕਿਸੇ ਦੀਆਂ ਮਜਬੂਰੀਆਂ ਨੂੰ ਹਰ ਕੋਈ ਕਿੱਥੇ ਸਮਝਦੈ... ਸਾਫ਼ ਨੀਅਤ ਨਾਲ ਚੰਗੇ ਲੋਕਾਂ ਦੀ ਮਦਦ ਕਰਨਾ ਕੋਈ ਗੁਨਾਹ ਨਹੀਂ, ਫਿਰ ਦੁਨੀਆ ਤੁਹਾਡੇ ਬਾਰੇ ਚਾਹੇ ਕੁਝ ਵੀ ਸੋਚੇ, ਇਹ ਕਿਤੇ ਪੜ੍ਹਿਆ ਸੀ ਮੈਂ...! ਉਸ ਦੇ ਇਹ ਬੋਲ ਮੈਨੂੰ ਧੁਰ ਅੰਦਰ ਤੱਕ ਹਿਲਾ ਗਏ।

ਇੰਨੇ ਵਿੱਚ ਅਹਿਮਦਗੜ੍ਹ ਮੰਡੀ ਦਾ ਬੱਸ ਸਟੈਂਡ ਆ ਗਿਆ ਹੈ। ਉਸ ਅਜਨਬੀ ਕੁੜੀ ਨੇ ਜਾਣ ਲੱਗੇ ਮੇਰੇ ਨਾਲ ਹੱਥ ਮਿਲਾਇਆ ਅਤੇ ਅਸੀਂ ਦੋਵੇਂ ਬੱਸ ਤੋਂ ਉਤਰ ਆਪਣੇ-ਆਪਣੇ ਰਸਤੇ ਚੱਲ ਪਏ। ਅੱਜ ਕਰੀਬ ਵੀਹ ਸਾਲਾਂ ਬਾਅਦ ਕਿਸੇ ਡਾਇਰੀ ਦੇ ਪੰਨਿਆਂ ਵਿੱਚ ਸਾਂਭ ਕੇ ਰੱਖੀ ਉਸ ਟਿਕਟ ਨੂੰ ਦੇਖਦਿਆਂ ਉਹ ਅਭੁੱਲ ਸਫ਼ਰ ਯਾਦ ਆਇਆ, ਜੋ ਕਦੇ ਮੈਂ ਇੱਕ ਅਜਨਬੀ ਕੁੜੀ ਨਾਲ ਕੀਤਾ ਸੀ ਪਰ ਅੱਜ ਤੱਕ ਮੈਨੂੰ ਸਮਝ ਨਹੀਂ ਆਈ ਕਿ ਇਹ ਟਿਕਟ ਅੱਧੀ ਸੀ ਜਾਂ ਪੂਰੀ?

---

**ਮਿੰਨੀ ਕਹਾਣੀ**

# ਪਿੰਜਰਾ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਇੱਕ ਚੂਹੇ ਨੇ ਮੈਨੂੰ ਕਈ ਦਿਨਾਂ ਤੋਂ ਪ੍ਰੇਸ਼ਾਨ ਕੀਤਾ ਹੋਇਆ ਸੀ। ਕਦੇ ਉਹ ਛਾਬੇ 'ਚ ਪਈਆਂ ਮੇਰੀਆਂ ਰੋਟੀਆਂ ਪੋਣੇ ਸਣੇ ਟੁੱਕ ਜਾਂਦਾ, ਕਦੇ ਮੇਰੇ ਕਾਗਜ਼ ਤੇ ਕੱਪੜੇ ਆਦਿ ਵੀ ਟੁੱਕ ਜਾਂਦਾ। ਗੱਲ ਕੀ, ਰੋਜ਼ ਕੋਈ ਨਾ ਕੋਈ ਨੁਕਸਾਨ ਝੱਲਣਾ ਪੈ ਰਿਹਾ ਸੀ। ਮੈਂ ਤੰਗ ਆ ਕੇ ਇੱਕ ਦਿਨ ਰੋਟੀ ਦੀ ਬੁਰਕੀ ਲਾ ਕੇ ਪਿੰਜਰਾ ਫਿੱਟ ਕਰ ਦਿੱਤਾ ਤੇ ਬੱਤੀ ਬੁਝਾ ਕੇ ਸੌਂ ਗਿਆ। ਹਾਲੇ ਮੈਨੂੰ ਪਏ ਨੂੰ ਅੱਧਾ ਕੁ ਘੰਟਾ ਹੀ ਬੀਤਿਆ ਸੀ ਕਿ ਮੈਨੂੰ 'ਫਟੱਕ' ਦੀ ਆਵਾਜ਼ ਆਈ। ਮੈਂ ਕਮਰੇ ਦੀ ਬੱਤੀ ਜਗਾ ਕੇ ਵੇਖਿਆ ਤਾਂ ਮੇਰੇ ਸਾਮਾਨ ਨੂੰ ਤਹਿਸ-ਨਹਿਸ ਕਰ ਕੇ ਮੈਨੂੰ ਪ੍ਰੇਸ਼ਾਨ ਕਰ ਦੇਣ ਵਾਲਾ ਉਹ ਚੂਹਾ ਲੋਹੇ ਦੇ ਮਜ਼ਬੂਤ ਪਿੰਜਰੇ ਵਿਚ ਫਸ ਚੁੱਕਾ ਸੀ ਤੇ ਆਪਣੇ ਦੰਦਾਂ ਤੇ ਹੱਥਾਂ-ਪੈਰਾਂ ਨਾਲ ਪਿੰਜਰੇ ਨੂੰ ਤੋੜ ਕੇ ਉਸ ਵਿੱਚੋਂ ਬਾਹਰ ਨਿਕਲਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ।

ਮੈਂ ਪਿੰਜਰੇ ਨੂੰ ਇੱਕ ਪਾਸੇ ਰੱਖ ਦਿੱਤਾ ਤੇ ਮੁੜ ਸੌਣ ਦੀ ਕੋਸ਼ਿਸ਼ ਕਰਨ ਲੱਗਾ ਕਿਉਂਕਿ ਦਿਨ ਚੜ੍ਹਨ ਨੂੰ ਕੁਝ ਕੁ ਘੰਟੇ ਬਾਕੀ ਸਨ ਤੇ ਕੰਮ 'ਤੇ ਜਾਣ ਤੋਂ ਪਹਿਲਾਂ ਮੈਂ ਇਸ ਚੂਹੇ ਨੂੰ ਕਿਧਰੇ ਦੂਰ-ਦੁਰਾਡੇ ਛੱਡ ਕੇ ਵੀ ਆਉਣਾ ਸੀ। ਘੰਟਾ ਕੁ ਮੈਂ ਇਧਰ-ਉਧਰ ਪਾਸੇ ਮਾਰਦਿਆਂ ਲੰਘਾ ਦਿੱਤਾ ਪਰ ਉਸ ਚੂਹੇ ਦੇ ਰੌਲੇ ਕਾਰਨ ਨੀਂਦ ਮੇਰੀਆਂ ਅੱਖਾਂ ਵਿੱਚੋਂ ਉੱਡ ਚੁੱਕੀ ਸੀ। ਕੋਈ ਹੋਰ ਚਾਰਾ ਨਾ ਚੱਲਦਾ ਵੇਖ ਮੈਂ ਬੱਤੀ ਮੁੜ ਜਗਾ ਦਿੱਤੀ ਤੇ ਉਸ ਪਿੰਜਰੇ ਕੋਲ ਜਾ ਕੇ ਉਸ ਚੂਹੇ ਨੂੰ ਵੇਖਣ ਲੱਗ ਪਿਆ। ਮੈਨੂੰ ਇੰਝ ਲੱਗਾ ਜਿਵੇਂ ਉਸ ਚੂਹੇ ਦੀਆਂ ਅੱਖਾਂ ਵਿੱਚ ਹੰਝੂ ਸਨ। ਮੈਨੂੰ ਲੱਗਿਆ ਜਿਵੇਂ ਉਹ ਮੈਨੂੰ ਕਹਿ ਰਿਹਾ ਹੋਵੇ ਕਿ ਮੈਨੂੰ ਜਾ ਲੈਣ ਦਿਓ, ਮੇਰੇ ਨਿੱਕੇ ਨਿੱਕੇ ਬੱਚੇ ਹਨ, ਮੈਂ ਉਨ੍ਹਾਂ ਵਾਸਤੇ ਰੋਟੀ ਲੈਣ ਲਈ ਘਰੋਂ ਨਿਕਲਿਆਂ ਸਾਂ, ਪਤਾ ਨਹੀਂ ਸੀ ਕਿ ਰੋਟੀ ਦੀ ਭਾਲ ਮੈਨੂੰ ਇੰਝ ਪਿੰਜਰੇ ਦੀ ਕੈਦ ਵਿੱਚ ਲੈ ਆਵੇਗੀ।

ਮੈਂ ਬੈਠਾ ਪਿੰਜਰੇ ਵਿੱਚ ਤਰਲੋ-ਮੱਛੀ ਹੋ ਰਹੇ ਉਸ ਚੂਹੇ ਵੱਲ ਦੇਖੀ ਜਾ ਰਿਹਾ ਸੀ। ਮੈਨੂੰ ਆਪਣੀ ਹਾਲਤ ਕੁਝ ਕੁਝ ਉਸ ਚੂਹੇ ਵਰਗੀ ਹੀ ਲੱਗੀ। ਮੈਂ ਵੀ ਤਾਂ ਆਪਣੀ ਪਤਨੀ, ਦੋ ਧੀਆਂ ਤੇ ਬਜ਼ੁਰਗ ਮਾਂ-ਬਾਪ ਦੀ ਫ਼ਿਕਰ ਲੈ ਕੇ ਆਪਣਾ ਘਰ-ਬਾਰ ਗਹਿਣੇ ਰੱਖ ਦਿੱਤਾ ਸੀ ਤੇ ਕਰਜ਼ੇ ਦੀ ਪੰਡ ਚੁੱਕ ਕੇ ਅਮਰੀਕਾ ਆ ਗਿਆ ਸੀ। ਅਮਰੀਕਾ ਆ ਕੇ ਮੈਨੂੰ ਪਤਾ ਲੱਗਾ ਸੀ ਕਿ ਇੱਥੇ ਜ਼ਿੰਦਗੀ ਜਿਊਣੀ ਤੇ ਰੋਟੀ ਕਮਾਉਣੀ ਓਨੀ ਸੌਖੀ ਨਹੀਂ ਸੀ, ਜਿੰਨੀ ਮੈਨੂੰ ਲੱਗਦੀ ਸੀ। ਦਿਨ-ਰਾਤ ਹੱਡ-ਭੰਨ੍ਹਵੀਂ ਮਿਹਨਤ ਕਰਕੇ ਤੇ ਆਪਣਾ ਪੇਟ ਕੱਟ-ਕੱਟ ਕੇ ਮੈਂ ਡਾਲਰ ਜੋੜਦਾ ਸਾਂ ਤੇ ਪਿੱਛੇ ਆਪਣੇ ਪਰਿਵਾਰ ਨੂੰ ਭੇਜਦਾ ਸਾਂ। ਲੋਕਾਂ ਦੇ ਭਾਣੇ ਮੈਂ ਅਮਰੀਕਾ ਵਿੱਚ ਐਸ਼ ਕਰਦਾ ਸਾਂ, ਪਰ ਮੈਂ ਤਾਂ ਬਸ ਇੱਕ ਮਸ਼ੀਨ ਵਾਂਗ ਕੰਮ ਕਰੀ ਜਾ ਰਿਹਾ ਸਾਂ। ਮੈਂ ਇੱਥੇ ਇਕੱਲਾ ਸੀ ਆਪਣੇ ਪਰਿਵਾਰ ਤੋਂ ਦੂਰ। ਆਪਣਿਆਂ ਤੋਂ ਬਿਨਾਂ ਜਿਊਣਾ ਕਿੰਨਾ ਔਖਾ ਹੁੰਦਾ ਹੈ, ਇਹ ਮੈਨੂੰ ਇੱਥੇ ਆ ਕੇ ਪਤਾ ਲੱਗਿਆ। ਸਿਰ 'ਤੇ ਕਰਜ਼ੇ ਦੀ ਪੰਡ ਤੇ ਅੱਖਾਂ ਵਿੱਚ ਧੀਆਂ ਦਾ ਭਵਿੱਖ ਸੰਵਾਰਨ ਦੇ ਸੁਫ਼ਨੇ ਲੈ ਕੇ ਇੱਥੇ ਅਮਰੀਕਾ ਵਿੱਚ ਕਰੜਾ ਸੰਘਰਸ਼ ਕਰਦਿਆਂ ਮੈਨੂੰ ਛੇਤੀ ਹੀ ਅਹਿਸਾਸ ਹੋ ਗਿਆ ਸੀ ਕਿ ਮੈਂ ਅਮਰੀਕਾ ਰੂਪੀ ਇਸ ਸੋਨੇ ਦੇ ਪਿੰਜਰੇ 'ਚ ਆਣ ਵੜਿਆ ਸੀ, ਜਿੱਥੋਂ ਮੈਂ ਚਾਹ ਕੇ ਵੀ ਨਿਕਲ ਨਹੀਂ ਸੀ ਸਕਦਾ।ਲੋਹੇ ਦੇ ਪਿੰਜਰੇ 'ਚ ਬੰਦ ਤੇ ਆਜ਼ਾਦ ਹੋਣ ਲਈ ਛਟਪਟਾ ਰਹੇ ਉਸ ਚੂਹੇ ਦੇ ਖੜਾਕ ਨੇ ਮੇਰੇ ਇਨ੍ਹਾਂ ਖ਼ਿਆਲਾਂ ਦੀ ਲੜੀ ਵਿਚਾਲਿਓਂ ਹੀ ਤੋੜ ਦਿੱਤੀ ਤੇ ਭਾਵਨਾਵਾਂ ਦੇ ਆਵੇਗ ਵਿੱਚ ਮੇਰੇ ਹੱਥ ਉਸ ਪਿੰਜਰੇ ਵੱਲ ਵਧ ਗਏ। ਮੈਂ ਪਿੰਜਰੇ ਦਾ ਫਾਟਕ ਖੋਲ੍ਹ ਦਿੱਤਾ। ਮੈਨੂੰ ਜਾਪਿਆ ਜਿਵੇਂ ਚੂਹਾ ਆਪਣੇ ਬੱਚਿਆਂ ਤੇ ਆਪਣੇ ਪਰਿਵਾਰ ਨੂੰ ਮਿਲਣ ਲਈ ਪੂਰੀ ਰਫ਼ਤਾਰ ਨਾਲ ਦੌੜਿਆ ਹੋਵੇ। ਮੈਂ ਹੁਣ ਕੁਝ ਸਹਿਜ ਮਹਿਸੂਸ ਕਰ ਰਿਹਾ ਸਾਂ।

# ਕਾਵਿ ਸੰਸਾਰ

## .ਗ਼ਜ਼ਲ
### ਰੋਜ਼ੀ ਸਿੰਘ

ਸਮੇਂ ਨੇ ਵਾਰ-ਵਾਰ ਹਿੱਸਿਆਂ ਵਿੱਚ ਵੰਡਿਆ ਮੈਨੂੰ,
ਅਨੇਕਾਂ ਠੋਕਰਾਂ, ਮੁਸੀਬਤਾਂ ਰਲ ਚੰਡਿਆ ਮੈਨੂੰ।
ਮੈਂ ਜਿਨ੍ਹਾਂ ਦੇ ਲਈ ਜਾਨ ਵੀ ਸੀ ਦਾਅ ਉੱਤੇ ਲਾਈ,
ਉਨ੍ਹਾਂ ਹੀ ਦੋਸਤਾਂ ਕੂਚੇ ਗਲੀ ਵਿੱਚ ਭੰਡਿਆ ਮੈਨੂੰ।
ਮੇਰੀ ਪਰਵਾਜ਼ ਸਦਾ ਅੰਬਰਾਂ ਤੱਕ ਪੁੱਜਦੀ ਰਹੀ,
ਤੂਫ਼ਾਨਾਂ ਨੇ ਬਿਨਾਂ ਸ਼ੱਕ ਲੱਖ ਵਾਰੀ ਫੰਡਿਆ ਮੈਨੂੰ।
ਜਿਨ੍ਹਾਂ ਨੂੰ ਕਦੇ ਮੈਂ ਸਮਝਿਆ ਸੀ ਦੋਸਤੀ ਲਾਇਕ,
ਉਨ੍ਹਾਂ ਨੇ ਪਰਖਿਆ, ਵਰਤਿਆ ਤੇ ਛੰਡਿਆ ਮੈਨੂੰ।
ਪਿਆਰ ਵਿੱਚ ਮੈਂ ਹਰ ਵਾਰ ਟੁੱਟ ਕੇ ਬਿਖਰਿਆ ਹਾਂ,
ਇਹ ਤੇਰੀ ਬੇਰੁਖ਼ੀ ਨੇ ਆ ਦੁਬਾਰਾ ਗੰਢਿਆ ਮੈਨੂੰ।
ਨ ਜਾਣੇ ਮੌਸਮਾਂ ਦੇ ਨਾਲ ਮੇਰੀ ਕਿਉਂ ਨਹੀਂ ਬਣਦੀ,
ਸਦਾ ਬੇਮੌਸਮੀ ਬਾਰਿਸ਼ ਨੇ ਆਣ ਕਰੰਡਿਆ ਮੈਨੂੰ।

## ਕੁ਼ਫਰ ਤੋਲ ਤੋਲ ਕੇ
### ਡਾ. ਸਾਧੂ ਰਾਮ ਲੰਗੇਆਣਾ

ਕੁ਼ਫਰਾਂ ਦੇ ਕੁ਼ਫਰ ਤੋਲ ਤੋਲ ਕੇ ਝੱਲਿਆ
ਐਵੇਂ ਕਿਉਂ ਮਣਾਂ ਮੂੰਹੀਂ ਦਾਅਵੇ ਕਰੀ ਜਾਨੈਂ।
ਤੂੰ ਅੰਬਰਾਂ ਤੋਂ ਤਾਰੇ ਕੀ ਤੋੜ ਲਿਆਵੇਂਗਾ।
ਤੂੰ ਤਾਂ ਆਪਣੇ ਪਰਛਾਵੇਂ ਤੋਂ ਹੀ ਡਰੀ ਜਾਨੈਂ।
ਮੇਰੇ ਵਿੱਚ ਵੀ ਤੇਰੇ ਵਾਂਗੂੰ ਜਾਨ ਏ ਜਾਨ ਝੱਲਿਆ।
ਜਤਾਉਣਾ ਹੈ ਤਾਂ ਵਿਸ਼ਵਾਸ ਜਤਾਇਆ ਕਰ
ਤੇਰੇ ਮਾਰੇ ਫੁੱਲ ਦਾ ਮੇਰੇ ਚਿਹਰੇ ’ਤੇ ਨਿਸ਼ਾਨ ਏ ਝੱਲਿਆ
ਐਵੇਂ ਗੱਲ ਗੱਲ ’ਤੇ ਨਾ ਪਤਿਆਇਆ ਕਰ।
ਚੰਨ ਤੇ ਚਕੋਰ ਤਾਂ ਬੱਸ ਇੱਕ ਕਹਾਵਤ ਬਣੀ ਹੋਈ ਐ।
ਤੂੰ ਐਵੇਂ ਚੰਨ ਬਣਨ ਦੀਆਂ ਸ਼ਰਤਾਂ ਨਾ ਲਾਇਆ ਕਰ।
ਮੇਰੇ ਬਾਪ ਦੀ ਪੱਗ ਤੇਰੇ ਬਾਪ ਦੀ ਪੱਗ ਵਾਂਗ ਏ ਝੱਲਿਆ
ਛੁਪ ਛੁਪ ਨਾ ਸਾਡੇ ਵੱਲ ਖੁੰਡੇ ਤੀਰ ਚਲਾਇਆ ਕਰ।

## ਪਿੰਡ ਦੀ ਮਿੱਟੀ
### ਓਮਕਾਰ ਸੂਦ ਬਹੋਨਾ



ਗ਼ਜ਼ਲਾਂ ਤੇ ਕਵਿਤਾਵਾਂ ਵਰਗੀ।
ਪਿੰਡ ਦੀ ਮਿੱਟੀ ਮਾਵਾਂ ਵਰਗੀ।
ਪਿੰਡ ਜਾਣ ਦੀ ਖ਼ਾਹਿਸ਼ ਜਦੋਂ ਵੀ,
ਆਵੇ, ਲਗਦੀ ਚਾਵਾਂ ਵਰਗੀ।
ਪਿੰਡ ਦੀ ਮਿੱਟੀ ਪਾਕ ਪਵਿੱਤਰ,
ਗੁਰੂ-ਪੀਰਾਂ ਦੀਆਂ ਥਾਵਾਂ ਵਰਗੀ।
ਪਿੰਡੋਂ ਆਈ ’ਵਾਜ ਵੀ ਜਾਪੇ,
ਬਾਪੂ ਦੀਆਂ ਸਲਾਹਵਾਂ ਵਰਗੀ।
ਪਿੰਡ ਦੀ ਵਗਦੀ ਲੂ ਵੀ ਤੱਤੀ,
ਸਾਵਣ ਦੀਆਂ ਘਟਾਵਾਂ ਵਰਗੀ।
ਬਹੁਤ ਦੂਰ ਹੁਣ ਇਸ ਸ਼ਹਿਰ ਵਿੱਚ,
ਪਿੰਡ ਦੀ ਯਾਦ ਭਰਾਵਾਂ ਵਰਗੀ।
ਪਿੰਡ ਮੇਰੇ ਦੀ ਗੱਲ ਕੋਈ ਵੀ,
ਲੱਗੇ ਪਰੀ ਕਥਾਵਾਂ ਵਰਗੀ।
ਪਿੰਡੋਂ ਆਈ ‘ਕਾਲ’ ਫੋਨ ਦੀ,
ਮਾਂ ਦੀਆਂ ਸ਼ੁੱਧ ਦੁਆਵਾਂ ਵਰਗੀ।
ਯਾਰ ਬਹੋਨੇ ਮੁੜ ਪਿੰਡ ਚੱਲੀਏ,
ਸ਼ਹਿਰੀ ਮੌਜ ਸਜ਼ਾਵਾਂ ਵਰਗੀ।

## ਇੱਕ ਦੂਜੇ ਨਾਲ...
### ਚਰਨਜੀਤ ਸਮਾਲਸਰ

ਉਸ ਨੂੰ
ਮੇਰੇ ਸਿਰ ’ਤੇ
ਉਲਾਂਭਾ ਹੈ
ਕਿ ਮੈਂ
ਉਸ ਦੀ ਖ਼ੁਸ਼ੀ ਵਿੱਚ
ਸ਼ਾਮਿਲ ਨਹੀਂ ਹੁੰਦਾ..
ਮੈਨੂੰ ਵੀ ਤਾਂ
ਉਸ ਦੇ ਸਿਰ ’ਤੇ
ਗਿਲਾ ਹੈ
ਕਿ ਉਹ ਮੇਰੇ
ਦੁੱਖਾਂ ’ਚ
ਸ਼ਾਮਿਲ ਨਹੀਂ ਹੁੰਦੀ
ਮੈਂ ਇੱਕ ਕਵਿਤਾ ਲਿਖ ਕੇ
ਉਸ ਦੀ ਖ਼ੁਸ਼ੀ ਨੂੰ
ਦੁੱਗਣਾ ਕਰ ਦਿੰਦਾ ਹਾਂ
ਤੇ ਉਹ
ਉਸ ਕਵਿਤਾ ਨੂੰ ਪੜ੍ਹ ਕੇ
ਠੰਢਾ ਹਾਉਕਾ ਭਰ ਕੇ
ਮੇਰੇ ਦੁੱਖਾਂ ਨੂੰ
ਅੱਧਾ ਕਰ ਦਿੰਦੀ ਹੈ
ਏਸ ਤਰ੍ਹਾਂ
ਇੱਕ ਦੂਜੇ ਨਾਲ
ਜੁੜੇ ਹੋਏ ਹਾਂ ਅਸੀਂ...

## ਪਵਣੁ, ਪਾਣੀ ਤੇ ਧਰਤੀ
### ਅਮਰਜੀਤ ਸਿੰਘ ‘ਫ਼ੌਜੀ’

ਐਵੇਂ ਨੀਂ ਮਾਤਾ ਕਹਿ ਵਡਿਆਇਆ ਮੈਨੂੰ ਗੁਰੂਆਂ ਨੇ
ਮਾਂ ਧਰਤੀ ਹਾਂ ਮੈਂ, ਸਭ ਦੀ ਪਾਲਣਹਾਰੀ
ਚਾਰੇ ਖਾਣੀਆਂ ਹੋਂਦ ਵਿੱਚ ਆਈਆਂ ਮੇਰੇ ਸਦਕੇ ਹੀ
ਸਾਰੀ ਉਤਪਤੀ ਦੀ ਹੀ, ਮੈਂ ਹਾਂ ਸਿਰਜਣਹਾਰੀ।
ਪਿਤਾ ਦਾ ਦਰਜਾ ਦਿੱਤਾ ਮੈਨੂੰ, ਸ੍ਰੀ ਗੁਰੂ ਨਾਨਕ ਨੇ
ਮੈਂ ਹਾਂ ਪਾਣੀ ਮੇਰੀ, ਜੱਗ ਉੱਤੇ ਸਰਦਾਰੀ
ਪਲ਼ ਵਿੱਚ ਸਭ ਨੂੰ ਮੈਂ ਹੀ, ਹਰਿਆ ਭਰਿਆ ਕਰ ਦੇਵਾਂ
ਜਿੱਥੇ ਮੈਂ ਨਾ ਹੋਵਾਂ, ਵਿਲਕੇ ਖ਼ਲਕਤ ਸਾਰੀ।
ਮੇਰੇ ਕਰਕੇ ਸਾਰੀ ਦੁਨੀਆ ਜਿਊਂਦੀ ਵਸਦੀ ਐ
ਕਹਿੰਦੇ ਪਵਣੁ ਨੇ ਮੈਨੂੰ, ਮੇਰੀ ਸਭ ਨਾਲ ਯਾਰੀ
ਮੇਰੇ ਕਰਕੇ ਹੀ ਨੇ ਗੀਤ ਰੁਮਕਦੇ ਰੂਹਾਂ ਵਿੱਚ
ਕੁੱਲ ਕਾਇਨਾਤ ਦੇ ਉੱਤੋਂ ਮੈਂ ਜਾਵਾਂ ਬਲਿਹਾਰੀ।
ਸਾਨੂੰ ਗੰਧਲ਼ੇ ਕਰਕੇ ਦੁੱਖ ਸਹੇੜੇ ਲੋਕਾਂ ਨੇ
ਤਾਹੀਓਂ ਹਰ ਘਰ ਅੰਦਰ ਵੜ ਗਈ ਏ ਬਿਮਾਰੀ
ਦੋਵੇਂ ਹੱਥ ਜੋੜ ਕੇ, ਫ਼ੌਜੀ ਵਾਸਤੇ ਪਾਉਂਦਾ ਹੈ
ਵਕਤ ਨੇ ਹੱਥ ਨੀਂ ਆਉਣਾ, ਜੇ ਨਾ ਗੱਲ ਵਿਚਾਰੀ।



## .ਗ਼ਜ਼ਲ
### ਬਿੰਦਰ ਸਿੰਘ ਖੁੱਡੀ ਕਲਾਂ

ਚਾਵਾਂ ਵਾਲਾ ਵਜਦਾ ਢੋਲ ਉਏ ਸੱਜਣਾ।
ਸਭ ਨੂੰ ਸੱਦੀ ਜਾਵੇ ਕੋਲ ਉਏ ਸੱਜਣਾ।
ਤੂੰ ਪਾ ਦੇ ਭੜਥੂ ਵਿੱਚ ਮੈਦਾਨੇ ਆ ਕੇ,
ਐਵੇਂ ਕਰ ਨਾ ਟਾਲ ਮਟੋਲ ਉਏ ਸੱਜਣਾ।
ਨੱਚਦੇ ਗੱਭਰੂ ਕਿੰਨੇ ਸੁਹਣੇ ਲਗਦੇ ਨੇ,
ਚਾਦਰਿਆਂ ਨਾਲ ਪੱਗਾਂ ਗੋਲ ਉਏ ਸੱਜਣਾ।
ਓਧਰ ਮੁਟਿਆਰਾਂ ਵੀ ਬੰਨ੍ਹ ਲਈ ਟੋਲੀ,
ਸੁਣ ਲੈ ਬੋਲੀਆਂ ਦੇ ਬੋਲ ਉਏ ਸੱਜਣਾ।
ਲੱਗੀ ਹੋਈ ਰੌਣਕ ਮੇਲੇ ਵਿੱਚ ਭਾਰੀ,
ਚੋਬਰ ਕਰਦੇ ਫਿਰਨ ਕਲੋਲ ਉਏ ਸੱਜਣਾ।
ਏਨਾ ਨਾ ਡਰ ਗਰਮੀ ਤੇ ਧੁੱਪਾਂ ਕੋਲੋਂ,
ਨਾ ਬਣਿਆ ਕਰ ਏਨਾ ਸੋਹਲ ਉਏ ਸੱਜਣਾ।
ਬਿੰਦਰ ਖੁੱਡੀ ਤਾਂ ਫਿਰਦਾ ਖੀਵਾ ਹੋਇਆ,
ਲੱਗੇ ਵੇਖ ਕਣਕ ਦੇ ਬੋਹਲ ਉਏ ਸੱਜਣਾ।

## .ਗ਼ਜ਼ਲ
### ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਦਾਤਾਂ ਲੈ ਕੇ ਭੁੱਲ ਜਾਂਦੇ ਜੋ,
ਐਸੇ ਤਾਂ ਇਨਸਾਨ ਬੜੇ ਨੇ।
ਜਿਸ ਬੇੜੇ ਨੇ ਡੁੱਬ ਹੀ ਜਾਣੈ,
ਓਸੇ ’ਤੇ ਹੀ ਆਣ ਚੜ੍ਹੇ ਨੇ।
ਵਿੱਚ ਹੰਕਾਰ ਦੇ ਹੋ ਕੇ ਅੰਨ੍ਹੇ,
ਰਹਿੰਦੇ ਜੋ ਦਿਨ ਰਾਤ ਤੜੇ ਨੇ।
ਉਸ ਦਾਤੇ ਨੂੰ ਰਤਾ ਨਾ ਭਾਵਣ,
ਵੇਖੀਂ ਅੱਜ ਕਿ ਕੱਲ ਝੜੇ ਨੇ।
ਜਿਨ੍ਹਾਂ ਦੇ ਹੈ ਹੱਕ ਸੱਚ ਪੱਲੇ,
ਮੌਤ ਦੇ ਮੂਹਰੇ ਆਣ ਖੜ੍ਹੇ ਨੇ।
ਨਾਲ ਜਿਨ੍ਹਾਂ ਦੇ ਸਤਿਗੁਰ ਪੂਰਾ,
ਸਵਾ ਲੱਖ ਨਾਲ ਇੱਕ ਲੜੇ ਨੇ।
ਧਨ, ਦੌਲਤ ਤੇ ਰੁਤਬੇ ਖ਼ਾਤਰ
ਜਿਹੜੇ ਵਿੱਚ ਸੰਸਾਰ ਅੜੇ ਨੇ।
ਦਾਤਾਂ ਲੈ ਕੇ ਸਾਂਭ ਨਾ ਸਕੇ
ਵੇਖੋ ਵਿੱਚ ਸੰਸਾਰ ਹੜ੍ਹੇ ਨੇ।
ਦਿਲਬਰ ਭੱਠੀ ਇਸ਼ਕੇ ਵਾਲੀ
ਜਿਹੜੇ ਵੀ ਦਿਲਦਾਰ ਰੁੜ੍ਹੇ ਨੇ।
ਮੁੱਲ ਵੀ ਕਹਿੰਦੇ ਉਸ ਦਾ ਪੈਂਦੈ
ਜਿਹੜੇ ਦੁੱਧ ਦੇ ਵਾਂਗ ਕੜ੍ਹੇ ਨੇ।

## .ਗ਼ਜ਼ਲ
### ਦਲਜੀਤ ਰਾਏ ਕਾਲੀਆ

ਵੰਡ ਸਮੇਂ ਜੋ ਤਾਂਡਵ ਹੋਇਆ, ਚੁੱਪ ਵੇਂਹਦੀ ਕਾਇਨਾਤ ਰਹੀ।
ਧਰਮ ਮਜ਼ਹਬ ਦੇ ਨਾਂ ’ਤੇ ਖੌਰੂ, ਪਾਉਂਦੀ ਆਦਮ ਜਾਤ ਰਹੀ।
ਵਿਹਲੜ ਏਥੇ ਐਸ਼ਾਂ ਕਰਦੇ, ਅਜ਼ਲਾਂ ਤੋਂ ਇਹ ਬਾਤ ਰਹੀ।
ਕਾਮੇ ਮਜ਼ਦੂਰਾਂ ਦੇ ਹਿੱਸੇ, ਦੁੱਖਾਂ ਦੀ ਬਹੁਤਾਤ ਰਹੀ।
ਜਦ ਕਿਰਤੀ ਨੇ ਏਕਾ ਕੀਤਾ, ਪਰਚਮ ਉੱਚਾ ਹੋਇਆ ਤਦ,
ਚੜ੍ਹਦਾ ਆਸਾਂ ਵਾਲਾ ਸੂਰਜ, ਛਟਦੀ ਕਾਲ਼ੀ ਰਾਤ ਰਹੀ।
ਪਾੜਾ ਵਧਦਾ ਜਾਵੇ ਨਿਸ ਦਿਨ, ਏਥੇ ਜੋਕਾਂ ਲੋਕਾਂ ਵਿੱਚ,
ਪੂੰਜੀਪਤੀਆਂ ਦੇ ਪੁੜ ਹੇਠਾਂ, ਪਿਸ ਮਜ਼ਦੂਰ ਜਮਾਤ ਰਹੀ।
ਮਜ਼ਦੂਰਾਂ ਦੇ ਢਾਰੇ ਢਹਿ ਗਏ, ਭੁੱਖਣ ਭਾਣੇ ਬਾਲ ਰਹੇ,
ਸਾਉਣ ਮਹੀਨੇ ਹਫ਼ਤਾ ਭਰ ਜਦ, ਹੁੰਦੀ ਸੀ ਬਰਸਾਤ ਰਹੀ।
ਬਚਪਨ ਵਿੱਚ ਜਦੋਂ ਵੀ ਵਿਚਰਾਂ, ਦਿਸਦੀ ਲੋਰੀ ਦਿੰਦੀ ਮਾਂ,
ਮਾਂ ਦੇ ਹੱਥ ਦੀ ਕੁੱਟੀ ਚੂਰੀ, ਸਭ ਤੋਂ ਵੱਡੀ ਦਾਤ ਰਹੀ।
ਸਾਡੇ ਕੋਲੋਂ ਚੁਣੇ ਗਏ ਨਾ, ਨੇਤਾ ਚੰਗੇ ਇਸ ਕਰਕੇ,
ਵੰਨ-ਸੁਵੰਨੀ ਮਿਲਦੀ ਸਾਨੂੰ, ਉਨ੍ਹਾਂ ਤੋਂ ਸੌਗਾਤ ਰਹੀ।

## ਮੋਹ ਦੀ ਇਮਾਰਤ
### ਮੋਹਨ ਸ਼ਰਮਾ

ਉਸਨੂੰ ਸ਼ਿੱਦਤ ਨਾਲ
ਹਰ ਰੋਜ਼ ਯਾਦ ਕਰਦਾ ਹਾਂ
ਚੇਤਿਆਂ ਦੇ ਪੰਨਿਆਂ ’ਚੋਂ
ਉਹਦੀ ਹੋਂਦ ਕਦੇ ਮਨਫ਼ੀ ਨਹੀਂ ਹੋਈ।
ਉਹਦੀ ਹੋਂਦ ਦਾ ਅਹਿਸਾਸ
ਮਨ ਅੰਦਰ ਘੁਲ ਗਿਆ ਹੈ
ਪਾਣੀ ਦੇ ਰੰਗਾਂ ਵਾਂਗ!
ਜਦੋਂ ਵੀ ਉਹਦੇ ਬੋਲ ਸੁਣਨ ਲਈ
ਤਰਸੇਵਾਂ ਉਦਰੇਵੇਂ ਵਿੱਚ ਬਦਲ ਜਾਂਦਾ ਹੈ
ਤਾਂ ਉਹਨੂੰ ਫੋਨ ਕਰਦਾ ਹਾਂ
“ਹੈਲੋ” ਦੀ ਆਵਾਜ਼ ਕੰਨਾਂ ਅੰਦਰ ਰਸ ਘੋਲਦੀ ਹੈ।
ਜਦੋਂ ਪੁੱਛਦਾ ਹਾਂ
“ਕੀ ਕਰ ਰਹੀ ਹੈਂ?”
ਤਾਂ ਉਹਦਾ ਜਵਾਬ ਹੁੰਦਾ ਹੈ,
“ਰਸੋਈ ਵਿੱਚ ਹਾਂ”
ਤੇ ਜਾਂ ਫਿਰ “ਕੱਪੜੇ ਧੋ ਰਹੀ ਹਾਂ।”
ਘਰ ਦੇ ਹੋਰ ਰੁਝੇਵਿਆਂ ਦਾ ਵੀ ਉਹ ਜ਼ਿਕਰ ਛੂੰਹਦੀ ਹੈ।
ਸੱਚੀਂ, ਮੈਂ ਉਹਦੇ ਕੋਲੋਂ
ਇਹ ਬੋਲ ਸੁਣਨ ਲਈ
ਤਰਸ ਗਿਆ ਹਾਂ
“ਤੈਨੂੰ ਚੇਤੇ ਕਰਨਾ ਮੇਰੀ ਰੂਹ ਦੀ ਖੁਰਾਕ ਹੈ।”
ਇੱਕ ਖ਼ਾਮੋਸ਼ ਸ਼ਿਕਵਾ
ਜਨਮ ਲੈ ਕੇ
ਹਉਕਿਆਂ ਵਿੱਚ ਬਦਲ ਜਾਂਦਾ ਹੈ।
ਅਤੇ ਫਿਰ ਕਈ ਤਰ੍ਹਾਂ ਦੇ
ਧਰਵਾਸਿਆਂ ਦਾ ਠੁੰਮ੍ਹਣਾ
ਮੋਹ ਦੀ ਇਮਾਰਤ ਨੂੰ ਸੁਰੱਖਿਅਤ ਰੱਖਣ ਲਈ
ਦੇਣਾ ਪੈਂਦਾ ਹੈ।
********

## ਪਰਦੇਸੀ ਪੰਜਾਬ
### ਕੁਲਜਿੰਦਰ ਕੌਰ ਕੰਗ

ਵਿਦੇਸ਼ ਜਾ ਵਸ ਜਾਣ ਦੀ ਦੌੜ ਨੇ
ਜੋ ਦਿਲ ਨੂੰ ਦਿੱਤਾ ਹੁਲਾਰਾ ਏ,
ਪੈਸੇ ਕਮਾਉਣ ਦੇ ਲਾਲਚ ਵੱਸ
ਪੰਜਾਬ ਪਰਦੇਸੀ ਹੋ ਗਿਆ ਸਾਰਾ ਏ
ਖੇਤੀ ਸੰਦਾਂ ਦੀ ਕੋਈ ਬਾਤ ਨਾ ਪੁੱਛੇ,
ਜ਼ਮੀਨਾਂ ਸਭ ਜਾ ਗਹਿਣੇ ਧਰੀਆਂ,
ਤੌੜਾਂ ਦੇ ਵਿੱਚ ਰੌਣਕ ਨੂੰ ਤਰਸਣ,
ਜੋ ਡੇਕਾਂ ਟਾਹਲੀਆਂ ਖੜ੍ਹੀਆਂ
ਇੱਥੇ ਕਿੱਲਿਆਂ ਦੇ ਮਾਲਕ ਸੀ,
ਉੱਥੇ ਰਹੇ ਸਦਾ ਰੈਂਟ ਥੁੜਿਆ,
ਪੰਜਾਬ ਦੇ ਪਿੰਡ ਖਾਲੀ ਕਰ ਗਈ ਜਵਾਨੀ,
ਅੱਜ ਤੱਕ ਨਾ ਕੋਈ ਪਿੰਡ ਮੁੜਿਆ

## .ਗ਼ਜ਼ਲ
### ਡਾ. ਹਰਨੇਕ ਸਿੰਘ ਕਲੇਰ



ਬਾਤ ਕਰਦਾ ਸੀ, ਸਦਾ ਜੋ ਪਿਆਰ ਦੀ।
ਪੀੜ ਬਣ ਕੇ, ਰਹਿ ਗਿਆ ਹੈ ਖਾਰ ਦੀ।
ਗ਼ਮ ਨਹੀਂ ਹੁਣ, ਮਾਣਦੇ ਹਾਂ ਜ਼ਿੰਦਗੀ,
ਨਾ ਖ਼ੁਸ਼ੀ ਹੈ ਜਿੱਤ ਦੀ, ਨਾ ਹਾਰ ਦੀ।
ਨਾ ਸਦਾ ਪਤਝੜ ਰਹੇ, ਸਭ ਜਾਣਦੇ
ਰੁੱਤ ਮੁੜ ਕੇ ਮਾਣ ਲੈ ਬਹਾਰ ਦੀ।
ਜ਼ਿੰਦਗੀ ਦਾ ਸੱਚ, ਸੁਣ ਮਨ ਡੋਲਿਆ,
ਨਾ ਕਦੇ ਲੰਘੀ ਮੁੜੇ, ਰੁੱਤ ਪਿਆਰ ਦੀ।
ਨਾ ਕਰੀਂ ਸ਼ਿਕਵਾ, ਕਦੇ ਵੀ ਯਾਰ ’ਤੇ,
ਸਾਂਭ ਰੱਖੀਂ, ਤੂੰ ਨਿਸ਼ਾਨੀ ਯਾਰ ਦੀ।
*******




# ਫ਼ੀਫ਼ਾ ਵਿਸ਼ਵ ਕੱਪ 11 ਜੂਨ ਤੋਂ

ਨਵੀਂ ਦਿੱਲੀ/ਏ.ਟੀ.ਨਿਊਜ਼: ਫ਼ੀਫ਼ਾ ਵਿਸ਼ਵ ਕੱਪ 2026 ਲਈ ਸਾਰੀਆਂ 48 ਟੀਮਾਂ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ। ਮਹਾਂਦੀਪਾਂ ਵਿੱਚ ਹੋਏ ਕੁਆਲੀਫ਼ਾਇਰ ਅਤੇ ਪਲੇਆਫ਼ ਦੌਰ ਤੋਂ ਬਾਅਦ ਇਨ੍ਹਾਂ ਟੀਮਾਂ ਦੀ ਪੁਸ਼ਟੀ ਕੀਤੀ ਗਈ ਸੀ। ਅੰਤਿਮ ਛੇ ਸਥਾਨਾਂ ਦਾ ਫ਼ੈਸਲਾ ਮਾਰਚ ਵਿੱਚ ਕੀਤਾ ਗਿਆ ਸੀ। ਸਵੀਡਨ, ਤੁਰਕੀ, ਬੋਸਨੀਆ ਅਤੇ ਹਰਜ਼ੇਗੋਵਿਨਾ, ਅਤੇ ਚੈੱਕ ਗਣਰਾਜ ਨੇ ਯੂ.ਈ.ਐਫ਼.ਏ. ਪਲੇਆਫ਼ ਰਾਹੀਂ ਕੁਆਲੀਫ਼ਾਈ ਕੀਤਾ।

ਇਰਾਕ ਅਤੇ ਡੀ.ਆਰ. ਕਾਂਗੋ ਨੇ ਅੰਤਰ-ਮਹਾਂਦੀਪੀ ਪਲੇਆਫ਼ ਰਾਹੀਂ ਆਖਰੀ ਦੋ ਸਥਾਨ ਸੁਰੱਖਿਅਤ ਕੀਤੇ। ਇਰਾਕ ਨੇ ਬੋਲੀਵੀਆ ਨੂੰ 2-1 ਨਾਲ ਹਰਾ ਕੇ ਅੰਤਿਮ ਸਥਾਨ ਸੁਰੱਖਿਅਤ ਕੀਤਾ। ਸੰਯੁਕਤ ਰਾਜ ਅਮਰੀਕਾ, ਮੈਕਸੀਕੋ ਅਤੇ ਕੈਨੇਡਾ 11 ਜੂਨ ਤੋਂ 19 ਜੁਲਾਈ ਤੱਕ ਟੂਰਨਾਮੈਂਟ ਦੀ ਮੇਜ਼ਬਾਨੀ ਕਰਨਗੇ। ਇਹ ਪਹਿਲਾ ਐਡੀਸ਼ਨ ਹੋਵੇਗਾ ਜਿਸ ਵਿੱਚ 48 ਟੀਮਾਂ ਅਤੇ 12 ਗਰੁੱਪ ਸ਼ਾਮਲ ਹੋਣਗੇ।

**ਕੁਆਲੀਫ਼ਿਕੇਸ਼ਨ ਯਾਤਰਾ ਸਮਾਪਤ**

2023 ਦੀ ਕੁਆਲੀਫ਼ਿਕੇਸ਼ਨ ਯਾਤਰਾ ਪਲੇਆਫ਼ ਮੈਚਾਂ ਨਾਲ ਸਮਾਪਤ ਹੋਈ, ਜਿਸ ਵਿੱਚ ਬੋਸਨੀਆ ਦੀ ਇਟਲੀ 'ਤੇ ਜਿੱਤ ਅਤੇ ਡੀਆਰ ਕਾਂਗੋ ਦੀ ਜਮੈਕਾ 'ਤੇ ਛੋਟੀ ਜਿੱਤ ਸ਼ਾਮਲ ਹੈ। ਸਾਰੀਆਂ ਟੀਮਾਂ ਦੇ ਕੁਆਲੀਫ਼ਾਈ ਕਰਨ ਦੇ ਨਾਲ, ਹੁਣ ਇਤਿਹਾਸ ਦੇ ਸਭ ਤੋਂ ਵੱਡੇ ਵਿਸ਼ਵ ਕੱਪ ਲਈ ਉਤਸ਼ਾਹ ਵਧ ਰਿਹਾ ਹੈ।



**ਫ਼ੀਫ਼ਾ ਵਿਸ਼ਵ ਕੱਪ ਲਈ ਕੁਆਲੀਫ਼ਾਈ ਕਰਨ ਵਾਲੀਆਂ ਟੀਮਾਂ**

ਸਹਿ-ਮੇਜ਼ਬਾਨ: ਕੈਨੇਡਾ, ਮੈਕਸੀਕੋ, ਅਮਰੀਕਾ

ਏ.ਐਫ਼.ਸੀ.: ਆਸਟ੍ਰੇਲੀਆ, ਆਇਰਲੈਂਡ; ਈਰਾਨ, ਜਾਪਾਨ, ਜੌਰਡਨ, ਕੋਰੀਆ ਗਣਰਾਜ, ਕਤਰ, ਸਾਊਦੀ ਅਰਬ, ਉਜ਼ਬੇਕਿਸਤਾਨ, ਇਰਾਕ।

ਸੀ.ਏ.ਐਫ਼.: ਅਲਜੀਰੀਆ, ਕਾਬੋ ਵਰਡੇ, ਕਾਂਗੋ ਲੋਕਤੰਤਰੀ ਗਣਰਾਜ, ਕੋਟ ਡੀ 'ਆਈਵਰ, ਮਿਸਰ, ਘਾਨਾ, ਮੋਰੋਕੋ, ਸੇਨੇਗਲ, ਦੱਖਣੀ ਅਫ਼ਰੀਕਾ, ਟਿਊਨੀਸ਼ੀਆ।

ਕੋਨਕਾਕਫ਼: ਕੁਰਕਾਓ, ਹੈਤੀ, ਪਨਾਮਾ।

ਕੋਨਮੇਬੋਲ: ਅਰਜਨਟੀਨਾ, ਬ੍ਰਾਜ਼ੀਲ, ਕੋਲੰਬੀਆ, ਇਕਵਾਡੋਰ, ਪੈਰਾਗੁਏ, ਉਰੂਗਵੇ।

ਓ.ਐਫ਼.ਸੀ.: ਨਿਊਜ਼ੀਲੈਂਡ।

ਯੂ.ਈ.ਐਫ਼.ਏ.: ਆਸਟਰੀਆ, ਬੈਲਜੀਅਮ, ਬੋਸਨੀਆ ਅਤੇ ਹਰਜ਼ੇਗੋਵਿਨਾ, ਕ੍ਰੋਏਸ਼ੀਆ, ਚੈੱਕੀਆ, ਇੰਗਲੈਂਡ, ਫ਼ਰਾਂਸ, ਜਰਮਨੀ, ਨੀਦਰਲੈਂਡ, ਨਾਰਵੇ, ਪੁਰਤਗਾਲ, ਸਕਾਟਲੈਂਡ, ਸਪੇਨ, ਸਵੀਡਨ, ਸਵਿਟਜ਼ਰਲੈਂਡ, ਤੁਰਕੀ।

## ਫ਼ੀਫ਼ਾ ਵਿਸ਼ਵ ਕੱਪ ਦੇ ਗਰੁੱਪ

ਗਰੁੱਪ ਏ: ਮੈਕਸੀਕੋ, ਚੈੱਕ ਗਣਰਾਜ, ਦੱਖਣੀ ਅਫ਼ਰੀਕਾ, ਦੱਖਣੀ ਕੋਰੀਆ।
ਗਰੁੱਪ ਬੀ: ਕੈਨੇਡਾ, ਬੋਸਨੀਆ ਅਤੇ ਹਰਜ਼ੇਗੋਵਿਨਾ, ਕਤਰ, ਸਵਿਟਜ਼ਰਲੈਂਡ।
ਗਰੁੱਪ ਸੀ: ਬ੍ਰਾਜ਼ੀਲ, ਹੈਤੀ, ਮੋਰੋਕੋ, ਸਕਾਟਲੈਂਡ।
ਗਰੁੱਪ ਡੀ: ਸੰਯੁਕਤ ਰਾਜ ਅਮਰੀਕਾ, ਆਸਟ੍ਰੇਲੀਆ, ਪੈਰਾਗੁਏ, ਤੁਰਕੀ।
ਗਰੁੱਪ ਈ: ਕੁਰਕਾਓ, ਇਕਵਾਡੋਰ, ਜਰਮਨੀ, ਆਈਵਰੀ ਕੋਸਟ।
ਗਰੁੱਪ ਐਫ਼: ਨੀਦਰਲੈਂਡ, ਜਾਪਾਨ, ਸਵੀਡਨ, ਟਿਊਨੀਸ਼ੀਆ।
ਗਰੁੱਪ ਜੀ: ਬੈਲਜੀਅਮ, ਮਿਸਰ, ਈਰਾਨ, ਨਿਊਜ਼ੀਲੈਂਡ।
ਗਰੁੱਪ ਐਚ: ਕੇਪ ਵਰਡੇ, ਸਾਊਦੀ ਅਰਬ, ਸਪੇਨ, ਉਰੂਗਵੇ।
ਗਰੁੱਪ ਆਈ: ਫ਼ਰਾਂਸ, ਨਾਰਵੇ, ਸੇਨੇਗਲ, ਇਰਾਕ।
ਗਰੁੱਪ ਜੇ: ਅਲਜੀਰੀਆ, ਅਰਜਨਟੀਨਾ, ਆਸਟਰੀਆ, ਜੌਰਡਨ।
ਗਰੁੱਪ ਕੇ: ਕੋਲੰਬੀਆ, ਜਮੈਕਾ, ਪੁਰਤਗਾਲ, ਉਜ਼ਬੇਕਿਸਤਾਨ।
ਗਰੁੱਪ ਐਲ: ਕਰੋਸ਼ੀਆ, ਇੰਗਲੈਂਡ, ਘਾਨਾ, ਪਨਾਮਾ।

# ਹਾਕੀ ਦਾ ਜਾਦੂਗਰ ਮੇਜਰ ਧਿਆਨ ਚੰਦ



**ਮਨਦੀਪ ਸਿੰਘ ਸੁਨਾਮ**



ਜਦੋਂ ਕਿਸੇ ਖਿਡਾਰੀ ਨੂੰ ਭਾਰਤੀ ਉਲੰਪਿਕ ਐਸੋਸੀਏਸ਼ਨ ਵੱਲੋਂ ਸਦੀ ਦਾ ਮਹਾਨ ਖਿਡਾਰੀ ਐਲਾਨਿਆ ਗਿਆ ਹੋਵੇ, ਜਿਸ ਦੇ ਜਨਮ ਦਿਨ ਨੂੰ ਸਮਰਪਿਤ ਦੇਸ਼ ਦਾ ਖੇਡ ਦਿਵਸ ਮਨਾਇਆ ਜਾਂਦਾ ਹੋਵੇ ਪਰ ਦੇਸ਼ ਦੇ ਸਭ ਤੋਂ ਵੱਡੇ ਨਾਗਰਿਕ ਸਨਮਾਨ 'ਭਾਰਤ ਰਤਨ' ਦੀ ਸੂਚੀ ਵਿੱਚ ਉਸ ਦਾ ਜ਼ਿਕਰ ਨਾ ਹੋਵੇ ਤਾਂ ਖੇਡ ਪ੍ਰੇਮੀਆਂ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪੁੱਜਣੀ ਸੁਭਾਵਿਕ ਹੈ। ਆਪਣੀ ਖੇਡ ਹਾਕੀ ਵਿੱਚ ਜਾਦੂਗਰ ਦੇ ਨਾਮ ਨਾਲ ਵਿਸ਼ਵ ਪ੍ਰਸਿੱਧ ਹੋਏ ਇਸ ਖਿਡਾਰੀ ਨੇ ਜਿੰਨਾ ਸਮਾਂ ਹਾਕੀ ਖੇਡੀ ਤਾਂ ਵਿਰੋਧੀ ਮੂੰਹ ਵਿੱਚ ਉਂਗਲਾਂ ਲੈਣ ਲਈ ਮਜਬੂਰ ਸਨ ਪਰ ਹਾਕੀ ਦਾ ਇਹ ਜਾਦੂਗਰ ਦੇਸ਼ ਦੇ ਮਾੜੇ ਰਾਜਨੀਤਕ ਸਿਸਟਮ ਦਾ ਸ਼ਿਕਾਰ ਹੋਇਆ ਹੈ। ਇਸ ਮਹਾਨ ਖਿਡਾਰੀ ਦੀਆਂ ਪ੍ਰਾਪਤੀਆਂ 'ਤੇ ਝਾਤ ਮਾਰਦੇ ਹਾਂ ਅਤੇ ਦੇਖਦੇ ਹਾਂ ਕਿ ਮੇਜਰ ਧਿਆਨ ਚੰਦ 'ਭਾਰਤ ਰਤਨ' ਦਾ ਹੱਕਦਾਰ ਹੋ ਸਕਦਾ ਹੈ।

ਇੱਕ ਸਮਾਂ ਸੀ ਜਦੋਂ ਵਿਰੋਧੀ ਟੀਮ ਦੇ ਖਿਡਾਰੀ ਖੜ੍ਹ-ਖੜ੍ਹ ਕੇ ਧਿਆਨ ਚੰਦ ਦੀ ਹਾਕੀ ਦੀ ਜਾਦੂਗਰੀ ਦੇਖਦੇ ਸਨ। ਧਿਆਨ ਚੰਦ ਨੂੰ ਹਾਕੀ ਖੇਡਣ ਦਾ ਸ਼ੌਕ ਫ਼ੌਜ ਵਿੱਚ ਆਉਣ ਤੋਂ ਬਾਅਦ ਪੈਦਾ ਹੋਇਆ। ਆਪਣੇ ਖੇਡ ਜੀਵਨ ਵਿੱਚ 500 ਤੋਂ ਵੱਧ ਕੌਮਾਂਤਰੀ ਗੋਲ ਕਰਨ ਵਾਲੇ 'ਦਿ ਵਿਜ਼ਾਰਡ' ਖਿਡਾਰੀ ਨੇ ਭਾਰਤੀ ਟੀਮ ਦੀ ਨੁਮਾਇੰਦਗੀ ਕਰਦਿਆਂ ਦੇਸ਼ ਨੂੰ ਲਗਾਤਾਰ ਤਿੰਨ ਉਲੰਪਿਕ ਖੇਡਾਂ ਵਿੱਚ ਸੋਨ ਤਗ਼ਮਾ ਜਿੱਤ ਕੇ ਦਿੱਤੇ।

ਹਾਕੀ ਦੇ ਇਸ ਜਾਦੂਗਰ ਦੀ ਖੇਡ ਦਾ ਦੀਵਾਨਾ ਦੁਨੀਆ ਦਾ ਮਹਾਨ ਤਾਨਾਸ਼ਾਹ ਹਿਟਲਰ ਵੀ ਹੋ ਗਿਆ ਸੀ ਅਤੇ ਬਰਲਿਨ ਉਲੰਪਿਕ ਵਿੱਚ ਧਿਆਨ ਚੰਦ ਦੀ ਖੇਡ ਤੋਂ ਪ੍ਰਭਾਵਿਤ ਹੋ ਕੇ ਹਿਟਲਰ ਨੇ ਉਸ ਨੂੰ ਜਰਮਨੀ ਆ ਕੇ ਰਹਿਣ ਅਤੇ ਜਰਮਨੀ ਵੱਲੋਂ ਖੇਡਣ ਦੀ ਪੇਸ਼ਕਸ਼ ਕੀਤੀ ਸੀ ਪਰ ਇਸ ਮਹਾਨ ਦੇਸ਼ ਭਗਤ ਖਿਡਾਰੀ ਨੇ ਇਹ ਕਹਿ ਕੇ ਹਿਟਲਰ ਦਾ ਪ੍ਰਸਤਾਵ ਠੁਕਰਾ ਦਿੱਤਾ ਸੀ ਕਿ ਉਹ ਹਮੇਸ਼ਾ ਭਾਰਤ ਵੱਲੋਂ ਹੀ ਖੇਡਣਾ ਚਾਹੇਗਾ। ਖੇਡ ਜਗਤ ਵਿੱਚ ਜਿੰਨੀਆਂ ਪ੍ਰਾਪਤੀਆਂ ਧਿਆਨ ਚੰਦ ਦੀਆਂ ਹਨ, ਸ਼ਾਇਦ ਓਨੀਆਂ ਕਿਸੇ ਹੋਰ ਦੀਆਂ ਨਹੀਂ ਹਨ ਅਤੇ ਖੇਡ ਪ੍ਰੇਮੀ ਇਨ੍ਹਾਂ ਪ੍ਰਾਪਤੀਆਂ ਤੋਂ ਅਣਜਾਣ ਨਹੀਂ ਹਨ। ਮੇਜਰ ਧਿਆਨ ਚੰਦ ਭਾਰਤੀ ਖੇਡ ਜਗਤ ਦੀਆਂ ਮਹਾਨ ਹਸਤੀਆਂ ਵਿੱਚੋਂ ਅਜਿਹੀ ਸ਼ਖ਼ਸੀਅਤ ਹਨ ਜਿਨ੍ਹਾਂ ਨੇ ਭਾਰਤ ਦੀ ਝੋਲੀ ਤਿੰਨ ਉਲੰਪਿਕ ਗੋਲਡ ਮੈਡਲ ਪਾਏ ਹਨ। ਸੋ, ਇੱਥੇ ਅਸੀਂ ਉਨ੍ਹਾਂ ਨੂੰ ਦੇਸ਼ ਦੇ ਸਰਬਉੱਚ ਸਨਮਾਨ 'ਭਾਰਤ ਰਤਨ' ਦੇਣ ਦੀ ਗੱਲ ਕਰ ਰਹੇ ਹਾਂ, ਜੋ ਹਾਲੇ ਤੱਕ ਖਿਡਾਰੀਆਂ ਵਿੱਚੋਂ ਸਿਰਫ਼ ਸਚਿਨ ਤੇਂਦੁਲਕਰ ਨੂੰ ਹੀ ਮਿਲਿਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤੇਂਦੁਲਕਰ ਵਰਗਾ ਮਹਾਨ ਖਿਡਾਰੀ ਅਜੇ ਤੱਕ ਕ੍ਰਿਕਟ ਜਗਤ ਵਿੱਚ ਨਹੀਂ ਹੋਇਆ ਪਰ ਖੇਡ ਜਗਤ ਦੇ ਵਿਦਵਾਨ ਧਿਆਨ ਚੰਦ ਦੀ ਤੁਲਨਾ ਸਦੀ ਦੇ ਮਹਾਨ ਖਿਡਾਰੀਆਂ ਪੇਲੇ (ਫੁਟਬਾਲ) ਅਤੇ ਡਾਨ ਬ੍ਰੈਡਮੈਨ (ਕ੍ਰਿਕਟ) ਨਾਲ ਕਰਦੇ ਹਨ। ਜਦੋਂ ਧਿਆਨ ਚੰਦ ਨੂੰ ਸਦੀ ਦਾ ਮਹਾਨ ਖਿਡਾਰੀ ਐਲਾਨਿਆ ਜਾ ਚੁੱਕਾ ਹੈ, ਫਿਰ ਕਿਉਂ ਸਮੇਂ ਦੀਆਂ ਸਰਕਾਰਾਂ ਵੱਲੋਂ ਉਨ੍ਹਾਂ ਨੂੰ ਇਹ ਸਰਬਉੱਚ ਸਨਮਾਨ ਦੇਣ ਤੋਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਇਹ ਉਹ ਮਹਾਨ ਖਿਡਾਰੀ ਹੈ ਜਿਸ ਦੀ ਸਟਿੱਕ ਨਾਲ ਗੇਂਦ ਇਸ ਕਦਰ ਚਿਪਕੀ ਰਹਿੰਦੀ ਸੀ ਕਿ ਇੱਕ ਵਾਰ ਹਾਲੈਂਡ ਵਿੱਚ ਸਟਿੱਕ ਖੋਲ੍ਹ ਕੇ ਦੇਖਣ ਤੱਕ ਦੀ ਨੌਬਤ ਆ ਗਈ ਸੀ। ਉਂਝ ਸਾਡੇ ਦੇਸ਼ ਵਿੱਚ ਛੋਟੇ-ਛੋਟੇ ਐਵਾਰਡ ਦੇਣ ਸਮੇਂ ਰਾਜਨੀਤੀ ਦੇਖਣ ਨੂੰ ਮਿਲਦੀ ਹੈ ਪਰ ਜਦੋਂ ਦੇਸ਼ ਦੇ ਮਹਾਨ ਖਿਡਾਰੀ ਇਸ ਤਰ੍ਹਾਂ ਦੀ ਬੇਰੁਖ਼ੀ ਦਾ ਸ਼ਿਕਾਰ ਹੁੰਦੇ ਹਨ ਤਾਂ ਦਿਲ ਉਦਾਸ ਹੋ ਜਾਂਦਾ ਹੈ। ਆਖ਼ਰ ਕਿਉਂ ਦੇਸ਼ ਦਾ ਇਹ ਹੀਰਾ ਅਜੇ ਤੱਕ ਇਸ ਸਨਮਾਨ ਤੋਂ ਵਾਂਝਾ ਹੈ? ਸਮੇਂ-ਸਮੇਂ 'ਤੇ ਖੇਡ ਪ੍ਰੇਮੀਆਂ ਵੱਲੋਂ ਮੇਜਰ ਧਿਆਨ ਚੰਦ ਨੂੰ ਇਹ ਪੁਰਸਕਾਰ ਦੇਣ ਦੀ ਮੰਗ ਕੀਤੀ ਜਾਂਦੀ ਰਹੀ ਹੈ ਪਰ ਸਰਕਾਰਾਂ ਅਤੇ ਉਨ੍ਹਾਂ ਵੱਲੋਂ ਬਣਾਈਆਂ ਕਮੇਟੀਆਂ ਨੇ ਇਸ ਸਬੰਧੀ ਅਜੇ ਤੱਕ ਕੋਈ ਹੁੰਗਾਰਾ ਨਹੀਂ ਭਰਿਆ। ਮਰਹੂਮ ਮਿਲਖਾ ਸਿੰਘ ਨੇ ਵੀ ਇੱਕ ਟੀ ਵੀ ਇੰਟਰਵਿਊ ਵਿੱਚ ਕਿਹਾ ਸੀ ਕਿ ਭਾਰਤ ਰਤਨ ਜੇਕਰ ਕਿਸੇ ਖਿਡਾਰੀ ਸਭ ਤੋਂ ਪਹਿਲਾਂ ਮਿਲਣਾ ਚਾਹੀਦਾ ਹੈ, ਤਾਂ ਉਹ ਹਨ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ। ਦੇਸ਼ ਦੇ ਖੇਡ ਰਣਨੀਤੀਕਾਰਾਂ ਅਤੇ ਸਰਕਾਰੀ ਯੋਜਨਾਕਾਰਾਂ ਨੂੰ ਸਵਾਲ ਹੈ ਕਿ ਇੱਕ ਪਾਸੇ ਅਸੀਂ ਇਸ ਖੇਡ ਨੂੰ ਕੌਮੀ ਖੇਡ ਦਾ ਦਰਜਾ ਦਿੰਦੇ ਹਾਂ ਜਦਕਿ ਦੂਸਰੇ ਪਾਸੇ ਇਸ ਖੇਡ ਵਿੱਚ ਅਜੇ ਤੱਕ ਦੇ ਦੁਨੀਆ ਦੇ ਬਿਹਤਰੀਨ ਖਿਡਾਰੀ ਨੂੰ ਅਸੀਂ ਦੇਸ਼ ਦੇ ਵੱਡੇ ਸਨਮਾਨ ਦੇ ਯੋਗ ਨਹੀਂ ਸਮਝਦੇ? ਇਹ ਕਿਤੇ ਨਾ ਕਿਤੇ ਸਾਡੀ ਕੌਮੀ ਖੇਡ ਦੇ ਨਾਲ-ਨਾਲ ਦੇਸ਼ ਲਈ ਮਿਹਨਤ ਕਰਨ ਵਾਲੇ ਸਾਰੇ ਖਿਡਾਰੀਆਂ ਦੇ ਨਿਰਾਦਰ ਦੇ ਤੁਲ ਜਾਪਦਾ ਹੈ। ਜੇਕਰ ਦੇਖੀਏ ਤਾਂ ਮੇਜਰ ਧਿਆਨ ਚੰਦ ਦੁਨੀਆ ਭਰ ਵਿੱਚ ਵੱਸਦੇ ਸਮੁੱਚੇ ਖੇਡ ਪ੍ਰੇਮੀਆਂ ਦੀ ਨਜ਼ਰ ਵਿੱਚ ਅਨਮੋਲ ਰਤਨ ਹੈ ਪਰ ਸਾਡੇ ਦੇਸ਼ ਦੇ ਇਸ ਸਿਸਟਮ ਨੇ ਅਜੇ ਤੱਕ ਇਸ ਮਹਾਨ ਖਿਡਾਰੀ ਨੂੰ ਆਪਣੇ ਹੀ ਦੇਸ਼ ਦਾ ਰਤਨ ਨਹੀਂ ਮੰਨਿਆ। ਖੇਡਾਂ ਇੱਕ ਮਾਤਰ ਅਜਿਹਾ ਖੇਤਰ ਹਨ ਜਿਨ੍ਹਾਂ ਵਿੱਚ ਜਦੋਂ ਵੀ ਕੌਮਾਂਤਰੀ ਪੱਧਰ 'ਤੇ ਕਿਸੇ ਦੇਸ਼ ਦਾ ਝੰਡਾ ਬੁਲੰਦ ਹੁੰਦਾ ਹੈ ਤਾਂ ਉਸ ਦੇਸ਼ ਦੇ ਲੋਕ ਮਾਣ ਮਹਿਸੂਸ ਕਰਦੇ ਹਨ ਅਤੇ ਅਜੇ ਤੱਕ ਕੁਝ ਗਿਣਵੇਂ-ਚੁਣਵੇਂ ਖਿਡਾਰੀ ਹੀ ਹਨ ਜਿਨ੍ਹਾਂ ਨੇ ਵਿਸ਼ਵ ਅਤੇ ਓਲੰਪਿਕ ਪੱਧਰ 'ਤੇ ਭਾਰਤ ਦਾ ਝੰਡਾ ਬੁਲੰਦ ਕੀਤਾ ਹੈ। ਇਸ ਲਈ ਅਸਲੀ ਰਤਨਾਂ ਨੂੰ ਪਛਾਣ ਕੇ ਇਨ੍ਹਾਂ ਨੂੰ ਬਣਦਾ ਮਾਣ-ਸਨਮਾਨ ਦੇਣ ਦੀ ਲੋੜ ਹੈ। ਅੱਜ ਦੇਸ਼ ਦਾ ਹਰ ਖੇਡ ਪ੍ਰੇਮੀ ਉਸ ਸਮੇਂ ਦਾ ਇੰਤਜ਼ਾਰ ਕਰ ਰਿਹਾ ਹੈ ਕਿ ਜਦੋਂ ਹਾਕੀ ਦੇ ਜਾਦੂਗਰ ਨੂੰ ਭਾਰਤ ਰਤਨ ਦੀ ਉਪਾਧੀ ਨਾਲ ਨਿਵਾਜਿਆ ਜਾਵੇਗਾ। ਮੇਜਰ ਧਿਆਨ ਚੰਦ ਜਦੋਂ ਆਪਣੇ ਜੀਵਨ ਦੇ ਆਖ਼ਰੀ ਪੜਾਅ 'ਚੋਂ ਲੰਘ ਰਹੇ ਸਨ ਤਾਂ ਉਨ੍ਹਾਂ ਨੇ ਇੱਕ ਟਿੱਪਣੀ ਕੀਤੀ ਸੀ ਜੋ ਉਨ੍ਹਾਂ ਦੀ ਮਨੋਦਸ਼ਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਸੀ, 'ਮੈਂ ਜਦੋਂ ਮਰਾਂਗਾ ਦੁਨੀਆ ਰੋਏਗੀ ਪਰ ਭਾਰਤ ਦੇ ਲੋਕ ਮੇਰੇ ਲਈ ਹੰਝੂ ਨਹੀਂ ਵਹਾਉਣਗੇ, ਮੈਂ ਉਨ੍ਹਾਂ ਨੂੰ ਜਾਣਦਾ ਹਾਂ।'





# ਪੰਜਾਬੀ ਗਾਇਕੀ ਦੀ ਕੋਇਲ ਸੀ ਸੁਰਿੰਦਰ ਕੌਰ











ਵੀਹਵੀਂ ਸਦੀ ਦੇ ਸੰਗੀਤ ਦਾ ਹੁਸੀਨ ਬਾਗ਼ ਅਤੇ ਪੰਜਾਬ ਦੀ ਕੋਇਲ ਕਹਾਉਣ ਵਾਲੀ ਸੁਰਿੰਦਰ ਕੌਰ ਨੇ ਪੰਜਾਬੀ ਮਿੱਟੀ ਦੀ ਖ਼ੁਸ਼ਬੋ ਨੂੰ ਸੁਰਾਂ 'ਚ ਢਾਲ ਕੇ ਅਜਿਹਾ ਨਿਰੋਲ ਪੰਜਾਬੀ ਸੁਰ-ਸੰਸਾਰ ਸਿਰਜਿਆ ਜਿਸ ਦੀ ਪ੍ਰਤੀਧੁਨੀ ਆਉਣ ਵਾਲੀਆਂ ਸਦੀਆਂ ਤੱਕ ਫਿਜ਼ਾ 'ਚ ਗੂੰਜਦੀ ਰਹੇਗੀ। ਸੁਰਿੰਦਰ ਕੌਰ ਤੇ ਉਸ ਦੀ ਭੈਣ ਪ੍ਰਕਾਸ਼ ਕੌਰ ਦੀ ਗਾਇਕੀ ਦਾ ਯੁੱਗ ਹੁਣ ਦੇ ਤਕਨੀਕੀ ਤਾਮ-ਝਾਮ ਵਾਲੇ ਤਿੱਖੇ ਤੇ ਕੰਨਖਾਊ ਰੌਲੇ-ਰੱਪੇ ਵਾਲੇ ਯੁੱਗ ਤੋਂ ਵੱਖਰਾ ਸੀ।

ਸੁਰਿੰਦਰ ਕੌਰ ਦਾ ਜਨਮ 25 ਨਵੰਬਰ, 1929 ਨੂੰ ਲਾਹੌਰ ਵਿੱਚ ਹੋਇਆ ਸੀ। ਉਸ ਨੇ ਬਾਰਾਂ ਸਾਲ ਦੀ ਉਮਰ ਵਿੱਚ ਭੈਣ ਪ੍ਰਕਾਸ਼ ਕੌਰ ਨਾਲ ਮਿਲ ਕੇ ਮਾਸਟਰ ਇਨਾਇਤ ਹੁਸੈਨ ਅਤੇ ਪੰਡਿਤ ਮਨੀ ਪ੍ਰਸ਼ਾਦ ਕੋਲੋਂ ਕਲਾਸੀਕਲ ਗਾਇਕੀ ਸਿੱਖੀ। ਉਨ੍ਹਾਂ ਸਮਿਆਂ ਵਿੱਚ ਆਲ ਇੰਡੀਆ ਰੇਡੀਓ ਜਲੰਧਰ ਦੇ ਯੋਗਦਾਨ ਨੂੰ ਨਕਾਰਿਆ ਨਹੀਂ ਜਾ ਸਕਦਾ। ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਗਾਏ ਗੀਤਾਂ ਦੀਆਂ ਰਸ-ਭਿੰਨੀਆਂ ਸੁਰਾਂ ਨੇ ਮੇਰੀ ਪੀੜ੍ਹੀ ਦੇ ਗ਼ਰੀਬੜੇ ਜਿਹੇ ਬਚਪਨ ਨੂੰ ਜੋ ਰੂਹ ਦੀ ਅਮੀਰੀ ਬਖ਼ਸ਼ੀ, ਉਹ ਹੁਣ ਵਾਲੀ ਪਨੀਰੀ ਨੂੰ ਕਿੱਥੇ ਨਸੀਬ ਹੋਣੀ ਹੈ!

ਸ਼ਾਮ ਨੂੰ ਰੋਜ਼ ਘਰ ਵਿੱਚ ਰੇਡੀਓ ਵੱਜਦਾ ਤਾਂ ਸਾਡਾ ਗਲੀ ਦੀ ਮਿੱਟੀ 'ਚ ਖੇਡਦਿਆਂ ਦਾ ਧਿਆਨ ਬਦੋਬਦੀ ਸੁਰਿੰਦਰ ਕੌਰ ਦੀ ਘਰ-ਘਰ ਵੱਜ ਰਹੇ ਰੇਡੀਓ ਰਾਹੀਂ ਸੁਣ ਰਹੀ ਮਿੱਠੀ-ਮਿੱਠੀ ਆਵਾਜ਼ ਵੱਲ ਚਲਾ ਜਾਂਦਾ। ਸੁਰਾਂ ਦੇ ਨਾਲ ਨਾਲ ਬੋਲ ਵੀ ਇੰਨੇ ਸਪੱਸ਼ਟ ਅਤੇ ਮਨਮੋਹਣੇ ਹੁੰਦੇ ਸਨ ਕਿ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਗੀਤ ਬਿਨਾਂ ਯਤਨ ਕੀਤਿਆਂ ਆਪ ਹੀ ਯਾਦ ਹੋ ਜਾਂਦੇ ਸਨ। 'ਵੇ ਲੈ ਦੇ ਮੈਨੂੰ ਮਖ਼ਮਲ ਦੀ ਪੱਖੀ ਘੂੰਗਰੂਆਂ ਵਾਲੀ', 'ਮਾਵਾਂ ਤੇ ਧੀਆਂ ਰਲ ਬੈਠੀਆਂ', 'ਬਾਜਰੇ ਦਾ ਸਿੱਟਾ ਅਸਾਂ ਤਲੀ 'ਤੇ ਮਰੋੜਿਆ', 'ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀਂ', 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ', 'ਜੁੱਤੀ ਕਸੂਰੀ ਪੈਰੀਂ ਨਾ ਪੂਰੀ' ਆਦਿ ਗੀਤਾਂ ਤੋਂ ਤਾਂ ਪੰਜਾਬੀਆਂ ਦੀਆਂ ਪਿਛਲੀਆਂ ਪੀੜ੍ਹੀਆਂ 'ਚੋਂ ਕੋਈ ਵੀ ਨਾਵਾਕਿਫ਼ ਨਹੀਂ।

ਸੁਰਿੰਦਰ ਕੌਰ ਦੇ ਵਿਦਿਆਨਾਥ ਸੇਠ ਨਾਲ ਗਾਏ ਉਹ ਤਿੰਨ ਗੀਤ ਖ਼ਾਸ ਤੌਰ 'ਤੇ ਯਾਦ ਆਉਂਦੇ ਰਹਿੰਦੇ ਹਨ, ਜਿਨ੍ਹਾਂ ਦੇ ਬੋਲ, ਸੁਰ-ਬਣਤਰ ਅਤੇ ਸੰਗੀਤ ਬਣਾਉਣ ਵਾਲਿਆਂ ਨੂੰ ਜੀਨੀਅਸ ਕਹਿਣਾ ਚਾਹੀਦਾ ਹੈ। ਅਸੀਂ ਪੰਜਾਬੀ ਆਪਣੇ ਸੱਭਿਆਚਾਰ ਦੇ ਵਾਰਿਸਾਂ ਅਤੇ ਰਚੇਤਿਆਂ ਨੂੰ ਯਾਦ ਰੱਖਣ ਦੇ ਸ਼ੌਕੀਨ ਹੀ ਕਦੋਂ ਹਾਂ? ਸੁਰਿੰਦਰ ਕੌਰ ਤੇ ਸੇਠ ਵਿਦਿਆਨਾਥ ਦੇ ਜਿਨ੍ਹਾਂ ਗੀਤਾਂ ਦਾ ਜ਼ਿਕਰ ਮੈਂ ਕਰਨ ਜਾ ਰਹੀ ਹਾਂ ਉਨ੍ਹਾਂ ਦੇ ਰਿਕਾਰਡ ਜਾਪਦਾ ਹੈ, ਆਲ ਇੰਡੀਆ ਰੇਡੀਓ ਜਲੰਧਰ ਵਾਲਿਆਂ ਨੇ ਸਾਂਭ ਕੇ ਰੱਖੇ ਹੀ ਨਹੀਂ ਅਤੇ ਜੇ ਕਿਤੇ ਕਿਸੇ ਨਵੀਂ ਤਕਨਾਲੋਜੀ ਮੁਤਾਬਿਕ ਸਾਂਭੇ ਵੀ ਹੋਣ ਤਾਂ ਕਦੇ ਵਜਾਏ-ਸੁਣਾਏ ਹੀ ਨਹੀਂ ਹੋਣੇ। ਵਰਨਾ ਇਹ ਕਦੇ ਤਾਂ ਕੰਨਾਂ 'ਚ ਪੈ ਜਾਂਦੇ। ਸੱਤਰ-ਪਝੱਤਰ ਸਾਲ ਪਹਿਲਾਂ ਦੇ ਸੁਣੇ ਉਹ ਗੀਤ ਹਨ;

* ਬੇਲੀ ਬੇਲੀ ਕਰੇਂ ਬੇਲੀਆ ਕੋਈ ਨਾ ਤੇਰਾ ਬੇਲੀ...

* ਲਿਸ਼ਕ ਲੈ ਤੇ ਸੱਜ ਲੈ ਤੂੰ ਜਿੰਨਾ ਸੱਜਣਾ,
ਮਿੱਟੀ ਦਿਆ ਭਾਂਡਿਆਂ ਅਖੀਰ ਭੱਜਣਾ...

* ਗਲ਼ ਆਪਣੇ ਤੂੰ ਮੁਫ਼ਤ ਦੀ ਬਿਪਤਾ ਏ ਪਾ ਲਈ,
ਲੱਭਾ ਈ ਦੁਨੀਆ ਵਾਲਿਆ ਦੁਨੀਆ ਬਣਾ ਕੇ ਕੀ...

ਸ਼ਾਇਦ ਅਜਿਹਾ ਦੋ-ਗਾਣਾ ਕੋਈ ਹੋਰ ਵੀ ਹੋਵੇ, ਪਰ ਮੇਰੇ ਜ਼ਿਹਨ ਵਿੱਚ ਇਹ ਤਿੰਨ ਗੀਤ ਅੱਜ ਵੀ ਗੂੰਜਦੇ ਰਹਿੰਦੇ ਹਨ। ਅਸੀਂ ਕਿੰਨੀ ਵਧੀਆ ਵਿਰਾਸਤ ਭੁਲਾਈ ਅਤੇ ਰੋਲੀ ਬੈਠੇ ਹਾਂ! ਕੁਝ ਗੀਤ ਸੁਰਿੰਦਰ ਕੌਰ ਨੇ ਭਾਰਤੀ ਫਿਲਮ ਉਦਯੋਗ ਲਈ ਵੀ ਗਾਏ ਜੋ ਲਗਭਗ ਸਾਰੇ ਹੀ ਹਿੱਟ ਸਾਬਤ ਹੋਏ। ਸੁਰਿੰਦਰ ਕੌਰ ਦੇ ਪਤੀ ਕਸਬ ਤੋਂ ਪ੍ਰੋਫ਼ੈਸਰ ਸਨ ਤੇ ਸੁਰਿੰਦਰ ਦੀ ਗਾਇਕੀ ਦੀ ਬਰਕਰਾਰੀ ਦਾ ਸਿਹਰਾ ਉਨ੍ਹਾਂ ਨੂੰ ਵੀ ਜਾਂਦਾ ਹੈ। ਸੁਰਿੰਦਰ ਕੌਰ ਨੇ 1948 ਤੋਂ 1952 ਤੱਕ ਦੇ ਸਮੇਂ ਵਿੱਚ ਫਿਲਮੀ ਪਲੇਅਬੈਕ ਗਾਇਕੀ ਕੀਤੀ। ਫਿਲਮ 'ਸ਼ਹੀਦ' ਦੇ ਗੀਤ ਤਾਂ ਭੁਲਾਏ ਹੀ ਨਹੀਂ ਜਾ ਸਕਦੇ। ਇਨ੍ਹਾਂ ਗੀਤਾਂ ਦੀ ਅਦਾਇਗੀ ਵਿੱਚ ਸੁਰਿੰਦਰ ਕੌਰ ਦੀ ਆਵਾਜ਼ ਦੀ ਮਧੁਰਤਾ, ਬੁਲੰਦੀ, ਗੂੰਜ ਅਤੇ ਤਲੱਫ਼ਜ਼ ਦੀ ਸਪੱਸ਼ਟਤਾ ਕਮਾਲ ਦੀ ਹੈ। 'ਸ਼ਹੀਦ' ਤੋਂ ਇਲਾਵਾ ਸੁਰਿੰਦਰ ਕੌਰ ਨੇ ਹੋਰ ਵੀ ਕਈ ਫਿਲਮਾਂ ਜਿਵੇਂ 'ਪਿਆਰ ਕੀ ਜੀਤ', 'ਨਦੀਆ ਕੇ ਪਾਰ', 'ਸਾਂਵਰੀਆ' ਆਦਿ ਵਿੱਚ ਗੀਤ ਗਾਏ ਸਨ। ਜੇ ਸੁਰਿੰਕਰ ਕੌਰ ਫਿਲਮਾਂ 'ਚ ਗਾਉਂਦੀ ਰਹਿੰਦੀ ਤਾਂ ਹੋਰ ਨਾਮਣਾ ਖੱਟਦੀ। ਉਸ ਦੀ ਆਵਾਜ਼ ਵਿੱਚ ਫਿਲਮ 'ਸ਼ਹੀਦ' ਦੇ ਗੀਤ ਅਭਿਨੇਤਰੀ ਕਾਮਿਨੀ ਕੌਸ਼ਲ ਉਤੇ ਫਿਲਮਾਏ ਗਏ ਸਨ। ਸੁਰਿੰਦਰ ਕੌਰ ਦੇ ਗਾਏ ਫਿਲਮੀ ਗੀਤਾਂ 'ਚੋਂ ਕੁਝ ਹਨ;

* ਉਜੜਾ ਉਮੀਦੋਂ ਕਾ ਚਮਨ ਹਾਏ ਹਮ ਕਹਾਂ ਔਰ ਤੁਮ ਕਹਾਂ

* ਬਦਨਾਮ ਨਾ ਹੋ ਜਾਏ ਮੁਹੱਬਤ ਕਾ ਫ਼ਸਾਨਾ

* ਆਨਾ ਹੈ ਤੋ ਆ ਜਾਓ ਗਰ ਅਬ ਭੀ ਨਾ ਆਓਗੇ
ਹਮ ਤੁਮ ਕੋ ਨਾ ਪਾਏਂਗੇ ਤੁਮ ਹਮ ਕੋ ਨਾ ਪਾਓਗੇ

ਫਿਲਮ 'ਸ਼ਹੀਦ' ਦੇ ਗੀਤਾਂ ਵਿੱਚ ਗਾਇਕਾ ਦੀ ਆਵਾਜ਼ ਦੀ ਜੋ ਗੋਲਾਈ ਝਲਕਦੀ ਹੈ, ਉਹ ਅਜੋਕੀ ਕਦੇ-ਘੱਗੀ-ਕਦੇ-ਤਿੱਖੀ ਫਿਲਮੀ ਗਾਇਕੀ 'ਚੋਂ ਨਹੀਂ ਲੱਭ ਸਕਦੀ। ਇਸ ਫਿਲਮ ਦਾ ਸੰਗੀਤ ਗ਼ੁਲਾਮ ਹੈਦਰ ਨੇ ਦਿੱਤਾ ਸੀ।

ਸੰਗੀਤਕਾਰ ਗਿਆਨ ਦੱਤ ਨੇ 1949 ਵਿੱਚ ਫਿਲਮ 'ਸੁਨਹਿਰੇ ਦਿਨ' ਦਾ ਸੰਗੀਤ ਦਿੱਤਾ ਸੀ, ਜਿਸ ਦੇ ਦੋ ਗੀਤ 'ਦਿਲ ਦੋ ਨੈਨੋਂ ਮੇਂ ਖੋ ਗਯਾ ਭਲਾ ਹੁਆ ਯਾ ਬੁਰਾ ਹੁਆ' ਅਤੇ 'ਲੋ ਜੀ ਸੁਨ ਲੋ ਤੁਮ ਸੇ ਕਹਤੇ ਹੈਂ ਅਬ ਤੁਮ ਬਿਨ ਚੈਨ ਨਹੀਂ ਆਏ।' ਸੁਰਿੰਦਰ ਕੌਰ ਦੇ ਕੁਝ ਦੋਗਾਣੇ ਮੁਕੇਸ਼ ਨਾਲ ਗਾਏ ਵੀ ਮਸ਼ਹੂਰ ਹੋਏ।

14 ਜੂਨ 2006 ਨੂੰ ਸੁਰਿੰਦਰ ਕੌਰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਈ। ਉਸ ਨੂੰ 1984 ਵਿੱਚ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਮਿਲਿਆ ਅਤੇ 2006 ਵਿੱਚ ਪਦਮ ਸ਼੍ਰੀ ਐਵਾਰਡ। ਸੁਰਿੰਦਰ ਕੌਰ ਵਾਲਾ ਯੁੱਗ ਤਾਂ ਮੁੜ ਕੇ ਨਹੀਂ ਆਉਣਾ, ਪਰ ਉਸ ਦੀ ਬੇਟੀ ਡੌਲੀ ਗੁਲੇਰੀਆ ਤੇ ਹੋਰ ਪਰਿਵਾਰਕ ਪੀੜ੍ਹੀ ਸੁਰਿੰਦਰ ਕੌਰ ਦੀ ਸੰਗੀਤਕ ਵਿਰਾਸਤ ਨੂੰ ਯਥਾਸੰਭਵ ਅੱਗੇ ਤੋਰ ਰਹੀ ਹੈ।

# ਕਦੇ ਫ਼ਿਲਮੀ ਸੰਗੀਤ ਵਿੱਚ ਹੁੰਦਾ ਸੀ ਰੁਮਾਂਸ, ਚੰਚਲਤਾ ਅਤੇ ਕਾਵਿਕ ਸੁੰਦਰਤਾ ਦਾ ਖ਼ੂਬਸੂਰਤ ਸੰਤੁਲਨ

ਰਾਜਬੀਰ ਦੇਸਵਾਲ



ਭਾਰਤੀ ਫ਼ਿਲਮੀ ਗੀਤ ਕਦੇ ਵੀ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਰਹੇ; ਇਨ੍ਹਾਂ ਨੇ ਹਮੇਸ਼ਾ ਸਮਾਜ ਦੀ ਭਾਵਨਾਤਮਕ ਡੂੰਘਾਈ, ਸੱਭਿਆਚਾਰਕ ਸੰਵੇਦਨਸ਼ੀਲਤਾ ਅਤੇ ਕਲਾਤਮਕਤਾ ਨੂੰ ਦਰਸਾਇਆ ਹੈ। ਇੱਕ ਸਮਾਂ ਸੀ ਜਦੋਂ ਹਿੰਦੀ ਸਿਨੇਮਾ ਵੱਲੋਂ ਪਿਆਰ, ਖਿੱਚ ਅਤੇ ਨਜ਼ਦੀਕੀਆਂ ਨੂੰ ਵੀ ਬੇਹੱਦ ਸੁਹਜ ਨਾਲ ਪੇਸ਼ ਕੀਤਾ ਜਾਂਦਾ ਸੀ। ਉਸ ਸਮੇਂ ਦੀ ਭਾਸ਼ਾ ਸੰਕੇਤਕ ਹੁੰਦੇ ਹੋਏ ਵੀ ਸੰਜਮੀ ਅਤੇ ਭਾਵਪੂਰਤ ਹੁੰਦੇ ਹੋਏ ਵੀ ਸਨਮਾਨਜਨਕ ਸੀ। ਹਾਲਾਂਕਿ, ਅੱਜ ਦੇ ਦੌਰ ਵਿੱਚ ਖ਼ਾਸ ਕਰਕੇ ਰੈਪ ਅਤੇ ਵਪਾਰਕ ਸੰਗੀਤ ਦੇ ਵਧਦੇ ਪ੍ਰਭਾਵ ਕਾਰਨ ਉਹ ਸੰਤੁਲਨ ਵਿਗੜਦਾ ਜਾਪਦਾ ਹੈ, ਜਿਸ ਦੀ ਜਗ੍ਹਾ ਹੁਣ ਸਪੱਸ਼ਟਤਾ ਅਤੇ ਸਨਸਨੀ ਫ਼ੈਲਾਉਣ ਦੀ ਵਧਦੀ ਪ੍ਰਵਿਰਤੀ ਨੇ ਲੈ ਲਈ ਹੈ।

ਨੋਰਾ ਫ਼ਤੇਹੀ ਦੇ ਗੀਤ 'ਸਰਕੇ ਚੁਨਰ ਤੇਰੀ ਸਰਕੇ' ਨੂੰ ਲੈ ਕੇ ਹਾਲੀਆ ਹੋਇਆ ਵਿਵਾਦ ਇਸ ਦੀ ਇੱਕ ਉਦਾਹਰਣ ਹੈ। ਇਸ ਗੀਤ ਨੂੰ ਇਸ ਦੇ ਕਥਿਤ ਤੌਰ 'ਤੇ ਅਸ਼ਲੀਲ ਬੋਲਾਂ ਅਤੇ ਬੇਹੱਦ ਭੜਕਾਊ ਪੇਸ਼ਕਾਰੀ ਲਈ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ। ਲੋਕਾਂ ਦਾ ਗੁੱਸਾ ਸੋਸ਼ਲ ਮੀਡੀਆ ਪਲੈਟਫ਼ਾਰਮਾਂ, ਗ਼ੈਰ-ਰਸਮੀ ਇਕੱਠਾਂ ਅਤੇ ਚਰਚਾ ਦੇ ਮੰਚਾਂ ਤੱਕ ਫ਼ੈਲ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਐਡਵੋਕੇਟ ਵਿਨੀਤ ਜਿੰਦਲ ਦੀ ਸ਼ਿਕਾਇਤ ਤੋਂ ਬਾਅਦ ਸੈਂਟਰਲ ਬੋਰਡ ਔਫ਼ ਫ਼ਿਲਮ ਸਰਟੀਫ਼ਿਕੇਸ਼ਨ ਵਰਗੀ ਸੰਸਥਾ ਦੇ ਅਧਿਕਾਰੀਆਂ ਨੇ ਇਸ ਮਾਮਲੇ ਦਾ ਨੋਟਿਸ ਲਿਆ ਜਦੋਂਕਿ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਇਸ ਬਾਰੇ ਨੋਟਿਸ ਜਾਰੀ ਕੀਤਾ ਹੈ।

ਬਾਦਸ਼ਾਹ ਦੇ ਗੀਤ 'ਟਟੀਰੀ' ਦੇ ਮਾਮਲੇ ਵਿੱਚ ਵੀ ਅਜਿਹਾ ਹੀ ਹੰਗਾਮਾ ਦੇਖਣ ਨੂੰ ਮਿਲਿਆ। ਇਸ ਹਰਿਆਣਵੀ ਰੈਪ ਨੂੰ ਇਸ ਦੇ ਬੋਲ ਅਤੇ ਫ਼ਿਲਮਾਂਕਣ ਕਾਰਨ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ, ਜਿਸ ਨੂੰ ਅਸ਼ਲੀਲ ਅਤੇ ਔਰਤਾਂ ਨੂੰ ਨੁਮਾਇਸ਼ ਦੀ ਵਸਤੂ ਵਾਂਗ ਦਿਖਾਉਣ ਵਾਲਾ ਮੰਨਿਆ ਗਿਆ। ਇਸ ਤੋਂ ਬਾਅਦ ਕਾਨੂੰਨੀ ਸ਼ਿਕਾਇਤਾਂ ਹੋਈਆਂ ਅਤੇ ਹਰਿਆਣਾ ਰਾਜ ਮਹਿਲਾ ਕਮਿਸ਼ਨ ਨੇ ਬਾਦਸ਼ਾਹ ਨੂੰ ਸਪੱਸ਼ਟੀਕਰਨ ਲੈਣ ਲਈ ਤਲਬ ਕੀਤਾ। ਉਸ ਦੇ ਪੇਸ਼ ਨਾ ਹੋਣ ਕਾਰਨ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ, ਜਿਸ ਵਿੱਚ ਗ੍ਰਿਫ਼ਤਾਰੀ, ਪਾਸਪੋਰਟ ਜ਼ਬਤ ਕਰਨ ਅਤੇ ਰਾਜ ਅੰਦਰ ਪੇਸ਼ਕਾਰੀਆਂ 'ਤੇ ਰੋਕ ਲਗਾਉਣ ਦੀਆਂ ਮੱਦਾਂ ਵੀ ਸ਼ਾਮਲ ਸਨ। ਮਾਮਲਾ ਉਦੋਂ ਹੋਰ ਵੀ ਵਧ ਗਿਆ ਜਦੋਂ ਇੱਕ ਐੱਫ ਆਈ ਆਰ ਵਿੱਚ ਅਸ਼ਲੀਲ ਸਮੱਗਰੀ ਦਾ ਦੋਸ਼ ਲਾਇਆ ਗਿਆ, ਖ਼ਾਸ ਤੌਰ 'ਤੇ ਸਕੂਲ ਵਰਗੇ ਮਾਹੌਲ ਵਿੱਚ ਦਿਖਾਈਆਂ ਗਈਆਂ ਅਣਉਚਿਤ ਤਸਵੀਰਾਂ ਨੂੰ ਲੈ ਕੇ। ਆਖ਼ਰਕਾਰ ਵਧਦੇ ਵਿਰੋਧ ਕਾਰਨ ਗੀਤ ਨੂੰ ਵਾਪਸ ਲੈ ਲਿਆ ਗਿਆ ਅਤੇ ਮੁਆਫ਼ੀ ਮੰਗੀ ਗਈ। ਫ਼ਿਰ ਵੀ ਇਸ ਮਾਮਲੇ ਨੇ ਵੱਡਾ ਸਵਾਲ ਇਹ ਉਠਾਇਆ ਹੈ ਕਿ ਕਲਾਤਮਿਕ ਆਜ਼ਾਦੀ ਅਤੇ ਸਮਾਜਿਕ ਜ਼ਿੰਮੇਵਾਰੀ ਵਿਚਕਾਰ ਲਕੀਰ ਕਿੱਥੇ ਖਿੱਚਣੀ ਹੈ? ਇਹ ਸਵਾਲ ਅਜੇ ਵੀ ਅਣਸੁਲਝਿਆ ਹੈ।

ਇਹ ਘਟਨਾਵਾਂ ਇਕੱਲੀਆਂ ਨਹੀਂ, ਸਗੋਂ ਇਹ ਅੱਜ ਦੇ ਸੰਗੀਤ ਜਗਤ ਵਿੱਚ ਇੱਕ ਵੱਡੇ ਰੁਝਾਨ ਨੂੰ ਦਰਸਾਉਂਦੀਆਂ ਹਨ। ਕਈ ਆਧੁਨਿਕ ਗੀਤ 'ਸੱਭਿਅਤਾ' ਦੀਆਂ ਸੀਮਾਵਾਂ ਨੂੰ ਲੰਘਦੇ ਹੋਏ ਨਜ਼ਰ ਆਉਂਦੇ ਹਨ; ਇਨ੍ਹਾਂ ਵਿੱਚ ਅਜਿਹੀ ਭਾਸ਼ਾ ਅਤੇ ਬਿੰਬਾਂ ਦੀ ਵਰਤੋਂ ਹੁੰਦੀ ਹੈ, ਜੋ ਸਰੋਤਿਆਂ ਦੇ ਇੱਕ ਵੱਡੇ ਵਰਗ ਨੂੰ ਅਸ਼ਲੀਲ ਅਤੇ ਅਸਹਿਜ ਕਰਨ ਵਾਲੇ ਲੱਗਦੇ ਹਨ। ਉਹ ਅਕਸਰ ਰੁਮਾਂਸ ਦੇ ਉਸ ਸੂਖ਼ਮ ਅਤੇ ਕਲਾਤਮਕ ਚਿੱਤਰਣ ਦੀ ਥਾਂ ਲੈ ਲੈਂਦੇ ਹਨ, ਜੋ ਕਦੇ ਫ਼ਿਲਮੀ ਸੰਗੀਤ ਦੀ ਪਛਾਣ ਹੁੰਦਾ ਸੀ। ਇਸ ਤਰ੍ਹਾਂ ਦੇ ਬੋਲ, ਸੱਚੀ ਭਾਵਨਾਤਮਕ ਭਾਵਨਾ ਦੀ ਬਜਾਏ ਅਕਸਰ ਦਬਦਬਾ ਅਤੇ ਖੋਖਲੇ ਦਿਖਾਵੇ ਦਾ ਭਾਵ ਦਰਸਾਉਂਦੇ ਹਨ।

ਅਜਿਹੀ ਸਮੱਗਰੀ ਦੀ ਵਧਦੀ ਲੋਕਪ੍ਰਿਅਤਾ ਸ਼ਾਇਦ ਸਭ ਤੋਂ ਜ਼ਿਆਦਾ ਚਿੰਤਾਜਨਕ ਪਹਿਲੂ ਹੈ। ਸੰਗੀਤ ਵੀਡੀਓ ਵਿੱਚ ਅਕਸਰ ਹਿੰਸਾ, ਆਕ੍ਰਮਕਤਾ ਅਤੇ ਬੰਦੂਕਾਂ, ਲਗਜ਼ਰੀ ਕਾਰਾਂ ਤੇ ਤਾਕਤ ਦਾ ਪ੍ਰਦਰਸ਼ਨ ਦਿਖਾਇਆ ਜਾਂਦਾ ਹੈ। ਸੰਗੀਤ ਦੀਆਂ ਕੁਝ ਵੰਨਗੀਆਂ, ਜਿਨ੍ਹਾਂ ਵਿੱਚ ਪੰਜਾਬੀ ਪੌਪ ਅਤੇ ਰੈਪ ਸ਼ਾਮਲ ਹਨ, ਵਿੱਚ ਦਬਦਬੇ ਅਤੇ ਮਰਦਾਨਗੀ ਦੇ ਵਾਰ ਵਾਰ ਦੁਹਰਾਏ ਜਾਣ ਵਾਲੇ ਵਿਸ਼ੇ ਹੀ ਹਾਵੀ ਰਹਿੰਦੇ ਹਨ। ਹਾਲਾਂਕਿ, ਇਹ ਸਭ ਕੁਝ ਲੋਕਾਂ ਨੂੰ ਤੁਰੰਤ ਆਪਣੇ ਵੱਲ ਖਿੱਚ ਅਤੇ ਉਨ੍ਹਾਂ ਵਿੱਚ ਜੋਸ਼ ਭਰ ਸਕਦਾ ਹੈ, ਪਰ ਇਨ੍ਹਾਂ ਵਿੱਚ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਇਸ ਮਾੜੇ ਰੁਝਾਨ ਵੱਲ ਧੱਕਣ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ, ਖ਼ਾਸਕਰ ਉਨ੍ਹਾਂ ਘੱਟ ਉਮਰ ਦੇ ਨੌਜਵਾਨਾਂ ਵਿੱਚ ਜੋ ਇਨ੍ਹਾਂ ਤਸਵੀਰਾਂ ਤੋਂ ਬਹੁਤ ਛੇਤੀ ਪ੍ਰਭਾਵਿਤ ਹੋ ਜਾਂਦੇ ਹਨ।

ਰਚਨਾਤਮਕ ਆਜ਼ਾਦੀ ਕਲਾਤਮਕ ਪ੍ਰਗਟਾਵੇ ਦੀ ਬੁਨਿਆਦ ਹੈ ਅਤੇ ਇਸ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਹਾਲਾਂਕਿ, ਇਹ ਪਛਾਣਨਾ ਵੀ ਓਨਾ ਹੀ ਮਹੱਤਵਪੂਰਨ ਹੈ ਕਿ ਸਦੀਵੀ ਕਲਾ ਅਕਸਰ ਕਲਪਨਾ, ਭਾਸ਼ਾ ਅਤੇ ਸੰਜਮ ਦੇ ਸੁਮੇਲ ਤੋਂ ਉਪਜਦੀ ਹੈ। ਜਦੋਂ ਸੂਖ਼ਮਤਾ ਦੀ ਥਾਂ ਅਜਿਹਾ ਰੁਝਾਨ ਭਾਰੂ ਹੋ ਜਾਂਦਾ ਹੈ ਤਾਂ ਪ੍ਰਗਟਾਵੇ ਵਿਚਲਾ ਸੁਹਜ ਘਟਣ ਲੱਗਦਾ ਹੈ।

ਪਿਛਲੇ ਕੁਝ ਦਹਾਕਿਆਂ ਦੇ ਗੀਤਾਂ 'ਤੇ ਇੱਕ ਨਜ਼ਰ ਮਾਰਨ ਨਾਲ ਹੈਰਾਨੀਜਨਕ ਫ਼ਰਕ ਨਜ਼ਰ ਆਉਂਦਾਹੈ। ਉਸ ਸਮੇਂ ਵੀ ਪਿਆਰ, ਤਾਂਘ ਅਤੇ ਆਪਸੀ ਨਜ਼ਦੀਕੀਆਂ ਦਿਖਾਏ ਜਾਂਦੇ ਸਨ, ਪਰ ਫ਼ਿਰ ਵੀ ਉਨ੍ਹਾਂ ਨੂੰ ਬਹੁਤ ਸਲੀਕੇ ਅਤੇ ਕਾਵਿਕ ਸੂਝ-ਬੂਝ ਨਾਲ ਪੇਸ਼ ਕੀਤਾ ਜਾਂਦਾ ਸੀ। 'ਆਜ ਸਜਨ ਮੋਹੇ ਅੰਗ ਲਗਾ ਲੋ' ਜਾਂ 'ਪੀਆ ਅੰਗ ਲਗ ਲਗ ਕੇ ਭਈ ਸਾਂਵਲੀ ਮੈਂ' ਵਰਗੀਆਂ ਸਤਰਾਂ ਨੇੜਤਾ ਦੀ ਇੱਛਾ ਨੂੰ ਬਹੁਤ ਖ਼ੂਬਸੂਰਤੀ ਅਤੇ ਸੁਹਜ ਨਾਲ ਜ਼ਾਹਿਰ ਕਰਦੀਆਂ ਹਨ। ਇਸੇ ਤਰ੍ਹਾਂ 'ਸ਼ਰਾਰਤ ਕਰਨੇ ਕੋ ਲਲਚਾਏ ਰੇ ਮੇਰਾ ਮਨ' ਚੰਚਲ ਚਾਹਤ ਨੂੰ ਬਿਨਾਂ ਕਿਸੇ ਅਸ਼ਲੀਲਤਾ ਦੇ ਬਹੁਤ ਹੀ ਖ਼ੂਬਸੂਰਤੀ ਨਾਲ ਬਿਆਨ ਕਰਦਾ ਹੈ।

(ਬਾਕੀ ਸਫ਼ਾ 27 'ਤੇ)

## ਅਮਰੀਕਾ ’ਚ ਟਰੰਪ ਦਾ ਵਿਰੋਧ

ਅਲੈਗਜ਼ੈਂਡਰੀਆ ਓਕਾਸੀਓ-ਕੋਰਟੇਜ਼ ਨੇ ਸਖ਼ਤ ਸਟੈਂਡ ਲੈਂਦਿਆਂ ਕਿਹਾ ਕਿ ਜੰਗਬੰਦੀ ਨਾਲ ਟਰੰਪ ਦੇ ਅਪਰਾਧ ਘੱਟ ਨਹੀਂ ਹੁੰਦੇ। ਉਨ੍ਹਾਂ ਨੇ ਰਾਸ਼ਟਰਪਤੀ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਦੁਹਰਾਈ ਹੈ। ਸੈਨੇਟਰ ਐਡ ਮਾਰਕੀ ਨੇ ਕਿਹਾ ਕਿ ਨਾਗਰਿਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਦੀਆਂ ਧਮਕੀਆਂ ‘ਜੰਗੀ ਅਪਰਾਧ’ ਦੇ ਬਰਾਬਰ ਹਨ।

ਮਾਨਵ ਅਧਿਕਾਰ ਸੰਗਠਨ ਡਾਨ ਦੇ ਐਡਵੋਕੇਸੀ ਡਾਇਰੈਕਟਰ ਰਾਏਦ ਜਰਾਰ ਮੁਤਾਬਕ, ‘ਇਹ ਜੰਗਬੰਦੀ ਕੋਈ ਸਾਫ਼ ਸਲੇਟ ਨਹੀਂ ਹੈ। ਇਹ ਤਾਂ ਸਗੋਂ ਜਵਾਬਦੇਹੀ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ।’ ਉਨ੍ਹਾਂ ਮੰਗ ਕੀਤੀ ਕਿ ਇਸ ਗੱਲ ਦੀ ਜਾਂਚ ਹੋਵੇ ਕਿ ਜੰਗ ਤੋਂ ਕਿਸ ਨੇ ਮੁਨਾਫ਼ਾ ਕਮਾਇਆ ਅਤੇ ਬੇਕਸੂਰ ਨਾਗਰਿਕਾਂ ਦੀ ਮੌਤ ਦਾ ਜ਼ਿੰਮੇਵਾਰ ਕੌਣ ਹੈ।

***

## ਬੇਅਦਬੀ ਰੋਕੂ ਕਾਨੂੰਨ ਬਣਾਉਣ ਤੋਂ ਪਹਿਲਾਂ

ਸਰਕਾਰ ਕਾਨੂੰਨ ਦਾ ਖਰੜਾ ਸ਼੍ਰੋਮਣੀ ਕਮੇਟੀ ਨੂੰ ਭੇਜੇ। ਇਸ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਦਲ ਬਾਬਾ ਬਿਧੀ ਚੰਦ ਸੰਪ੍ਰਦਾ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮੁਖੀ ਤਰਨਾ ਦਲ, ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਮੇਜਰ ਸਿੰਘ ਸੋਢੀ ਮੁਖੀ ਦਸਮੇਸ਼ ਤਰਨਾ ਦਲ, ਬਾਬਾ ਤੇਜਾ ਸਿੰਘ ਖੁੱਡਾ ਕੁਰਾਲਾ ਨਿਰਮਲੇ, ਤਖ਼ਤ ਹਜ਼ੂਰ ਸਾਹਿਬ ਬੋਰਡ ਦੇ ਚੇਅਰਮੈਨ ਡਾ. ਵਿਜੈਸਤਬੀਰ ਸਿੰਘ, ਕਿਰਨਜੋਤ ਕੌਰ ਆਦਿ ਨੇ ਸੰਬੋਧਨ ਕੀਤਾ।

ਪੰਥਕ ਰਾਏ ਤੋਂ ਬਿਨਾਂ ਕਾਨੂੰਨ ਮਨਜ਼ੂਰ ਨਹੀਂ: ਗੜਗੱਜ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਖਿਆ ਕਿ ਜੇ ਸਰਕਾਰ ਸਮੂਹਿਕ ਪੰਥਕ ਰਾਏ ਤੋਂ ਬਿਨਾਂ ਕੁਝ ਵੀ ਕਰਦੀ ਹੈ ਤਾਂ ਉਹ ਮਨਜ਼ੂਰ ਨਹੀਂ ਹੋਵੇਗਾ।

***

## ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਸਖ਼ਤ

ਕਾਨੂੰਨ ਨੂੰ ਆਪਣਾ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ।” ਸਿੱਖ ਕਾਰਕੁਨ ਨਰਾਇਣ ਸਿੰਘ ਚੌੜਾ ਨੇ ਕਿਹਾ ਕਿ ਕਿਸੇ ਕਾਨੂੰਨ ਦੀ ਲੋੜ ਨਹੀਂ ਹੈ ਅਤੇ ਉਹ ਕਾਨੂੰਨ ਬਣਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਦਾ ਸਖ਼ਤ ਵਿਰੋਧ ਕਰਦੇ ਹਨ। ਸਿੱਖ ਕੁਲੈਕਟਿਵ ਦੇ ਕਨਵੀਨਰ ਜਗਮੋਹਨ ਸਿੰਘ ਨੇ ਕਿਹਾ ਕਿ ਕਾਨੂੰਨੀ ਪਹੁੰਚ ਅਪਣਾਉਣ ਵੱਲ ਚੁੱਕਿਆ ਕੋਈ ਵੀ ਕਦਮ ਖ਼ਤਰੇ ਨਾਲ ਭਰਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਜਕਾਰੀ ਪ੍ਰਧਾਨ ਈਮਾਨ ਸਿੰਘ ਮਾਨ ਨੇ ਕਿਹਾ ਕਿ ਕਿਸੇ ਨਵੇਂ ਕਾਨੂੰਨ ਵੱਲ ਜਾਣ ਤੋਂ ਪਹਿਲਾਂ ਸਰਕਾਰ ਆਪਣੀ ਇਮਾਨਦਾਰੀ ਅਤੇ ਨਿਰਪੱਖਤਾ ਦਿਖਾਵੇ। ਸ਼੍ਰੋਮਣੀ ਕਮੇਟੀ ਮੈਂਬਰ ਕੁਲਬੀਰ ਸਿੰਘ ਬੜਾ ਪਿੰਡ ਨੇ ਕਿਹਾ ਜੇਕਰ ਕੋਈ ਗੁਰੂ ਗ੍ਰੰਥ ਸਾਹਿਬ ਅਤੇ ਗੁਰਬਾਣੀ ਦਾ ਅਪਮਾਨ ਅਤੇ ਬੇਅਦਬੀ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਖ਼ਾਲਸਾ ਪੰਥ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ। ਮਾਸਟਰ ਕੁਲਵੰਤ ਸਿੰਘ ਫੇਰੂਮਾਨ ਅਤੇ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਇਸ ਸੰਵੇਦਨਸ਼ੀਲ ਮਾਮਲੇ ਨੂੰ ‘ਆਪ’ ਸਰਕਾਰ ਅਤੇ ਅਕਾਲੀ ਦਲ ਦੀ ਖਿੱਚੋਤਾਣ ਵਾਲੀ ਰਾਜਨੀਤੀ ਦੀ ਬਲੀ ਨਹੀਂ ਚੜ੍ਹਨ ਦਿੱਤਾ ਜਾਵੇਗਾ।

***

## ਕੀ ਫੂਲਕਾ ਰਾਹੀਂ ਸਿੱਖ ਹਲਕਿਆਂ ’ਚ

ਭਗਵੰਤ ਮਾਨ ਨੇ ਕਿਹਾ, ਉਹ ਮੇਰੇ ਪੁਰਾਣੇ ਸਾਥੀ ਰਹੇ ਹਨ... ਲੋਕਾਂ ਦਾ ਚੁਣਿਆ ਬੰਦਾ ਛੱਡ ਜਾਵੇ ਤਾਂ ਲੋਕਤੰਤਰ ਲਈ ਚੰਗਾ ਨਹੀਂ।

ਕੀ ਫੂਲਕਾ ਨੇ ਸਿੱਖ ਪੀੜਤਾਂ ਦਾ ਕੇਸ ਸਹੀ ਢੰਗ ਨਾਲ ਲੜਿਆ ?

ਫੂਲਕਾ ਨੇ ਆਪਣੀ ਸਮਰੱਥਾ ਅਨੁਸਾਰ ਇਮਾਨਦਾਰੀ ਨਾਲ ਲੜਿਆ, ਪਰ ਪੂਰਾ ਨਿਆਂ ਨਾ ਮਿਲਣਾ ਜ਼ਿਆਦਾ ਤੌਰ ’ਤੇ ਭਾਰਤੀ ਨਿਆਂ ਪ੍ਰਣਾਲੀ ਅਤੇ ਰਾਜਨੀਤਿਕ ਦਬਾਅ ਦੀ ਨਾਕਾਮੀ ਹੈ, ਨਾ ਕਿ ਸਿਰਫ਼ ਇੱਕ ਵਕੀਲ ਦੀ।

ਸੱਜਣ ਕੁਮਾਰ ਨੂੰ ਸਜ਼ਾ ਉਨ੍ਹਾਂ ਦੀ ਲੜਾਈ ਦਾ ਨਤੀਜਾ ਮੰਨਿਆ ਜਾਂਦਾ ਹੈ। ਸਿੱਖ ਲੇਖਕ ਰਘਵੀਰ ਸਿੰਘ ਬਰਨਾਲਾ, ਫੂਲਕਾ ਦੇ ਅਤੀਤ ’ਤੇ ਗੰਭੀਰ ਸਵਾਲ ਚੁੱਕਦੇ ਹਨ। ਦੋਸ਼ ਹੈ ਕਿ ਮਿਸ਼ਰਾ ਕਮਿਸ਼ਨ ਵੇਲੇ ਫੂਲਕਾ ਨੇ ਪੈਸੇ ਦੇ ਲਾਲਚ (100 ਰੁਪਏ ਪ੍ਰਤੀ ਐਫੀਡੈਵਿਟ) ਵਿੱਚ ਸਾਰੇ ਪੀੜਤਾਂ ਦੇ ਬਿਆਨਾਂ ਦਾ ਇੱਕੋ ਜਿਹਾ ‘ਪਰਫੋਰਮਾ’ ਤਿਆਰ ਕੀਤਾ, ਜਿਸ ਨਾਲ ਕੇਸ ਕਮਜ਼ੋਰ ਹੋਇਆ ਅਤੇ ਕਈ ਦੋਸ਼ੀਆਂ ਨੂੰ ਕਲੀਨ ਚਿੱਟ ਮਿਲੀ। ਉਨ੍ਹਾਂ ’ਤੇ ਦੋਸ਼ ਹੈ ਕਿ ਇੱਕ ਵਾਰ ਉਨ੍ਹਾਂ ਦੋਸ਼ੀਆਂ ਨੂੰ ਮਹਿਜ਼ ਕੁਝ ਘੰਟਿਆਂ ਦੀ ‘ਸੰਕੇਤਕ ਸਜ਼ਾ’ ਦੇਣ ਦੀ ਵਕਾਲਤ ਕਰਕੇ ਪੀੜਤਾਂ ਦੇ ਜ਼ਖ਼ਮਾਂ ’ਤੇ ਲੂਣ ਛਿੜਕਿਆ ਸੀ। ਆਲੋਚਕ ਸਵਾਲ ਚੁੱਕਦੇ ਹਨ ਕਿ ਇੱਕ ਮੋਟਰਸਾਈਕਲ ਤੋਂ ਅਰਬਾਂ ਦੀ ਜਾਇਦਾਦ ਤੱਕ ਦਾ ਸਫ਼ਰ ਕੀ ਕੇਵਲ ਵਕਾਲਤ ਰਾਹੀਂ ਹੀ ਸੰਭਵ ਹੋਇਆ ?

ਇਸ ਘਟਨਾ ਨੇ ਪੰਜਾਬ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ ਹੈ। ਫੂਲਕਾ ਦਾ ਭਵਿੱਖ ਅਤੇ ਉਨ੍ਹਾਂ ਦੀ ਭੂਮਿਕਾ 2027 ਚੋਣਾਂ ਵਿੱਚ ਨਿਰਧਾਰਤ ਕਰੇਗੀ ਕਿ ਭਾਜਪਾ ਸਿੱਖ ਹਲਕਿਆਂ ਵਿੱਚ ਕਿੰਨੀ ਘੁਸਪੈਠ ਕਰ ਸਕਦੀ ਹੈ।

ਐੱਚ.ਐੱਸ. ਫੂਲਕਾ ਦਾ ਭਾਜਪਾ ਵਿੱਚ ਜਾਣਾ ਪੰਜਾਬ ਦੀ ਸਿਆਸਤ ਵਿੱਚ ਇੱਕ ਵੱਡਾ ਜੂਆ ਹੈ। ਜੇਕਰ ਉਹ ਸਿੱਖ ਪੀੜਤਾਂ ਨੂੰ ਹੋਰ ਇਨਸਾਫ਼ ਦਿਵਾਉਣ ਅਤੇ ਪੰਜਾਬ ਦੇ ਮਸਲਿਆਂ ਨੂੰ ਕੇਂਦਰ ਕੋਲ ਹੱਲ ਕਰਵਾਉਣ ਵਿੱਚ ਸਫਲ ਹੁੰਦੇ ਹਨ, ਤਾਂ ਉਹ ਭਾਜਪਾ ਲਈ ‘ਮਾਸਟਰਸਟ੍ਰੋਕ’ ਸਾਬਤ ਹੋਣਗੇ। ਪਰ ਜੇਕਰ ਉਹ ਸਿੱਖ ਸਮਾਜ ਦੇ ਤੌਖਲਿਆਂ ਨੂੰ ਦੂਰ ਨਾ ਕਰ ਸਕੇ, ਤਾਂ ਉਨ੍ਹਾਂ ਦਾ ਹਾਲ ਵੀ ਦੂਜੇ ਪਾਰਟੀ ਦੇ ਦਲ ਬਦਲੂ ਨੇਤਾਵਾਂ ਵਰਗਾ ਹੋ ਸਕਦਾ ਹੈ।

***

## ਜੰਗ ਦੌਰਾਨ ਪੰਜਾਬ ਦੀ ਆਰਥਿਕਤਾ ਨੂੰ

ਇਸ ਨਾਲ ਪਰਿਵਾਰਾਂ ਨੂੰ ਵਾਧੂ ਖਰਚਾ ਉਠਾਉਣਾ ਪੈ ਰਿਹਾ ਹੈ।

**ਦੋਆਬਾ ਖੇਤਰ ਵਿੱਚ ਰਿਕਾਰਡ ਵਾਧਾ**

ਸੂਬੇ ਵਿੱਚ ਸਭ ਤੋਂ ਵੱਧ ਗ੍ਰੋਥ ਦੋਆਬਾ ਖੇਤਰ ਵਿੱਚ ਦਰਜ ਕੀਤੀ ਗਈ ਹੈ। ਇਥੇ ਮਾਸਿਕ ਗ੍ਰੋਥ ਅਤੇ ਮਾਰਚ 2026 ਵਿੱਚ ਉਛਾਲ ਇਸ ਤਰ੍ਹਾਂ ਹੈ:

ਜਲੰਧਰ - ਔਸਤ ਮਾਸਿਕ ਗ੍ਰੋਥ 3.20 ਫੀਸਦੀ, ਮਾਰਚ ਵਿਚ 16.50 ਫੀਸਦੀ ਉਛਾਲ

ਹੁਸ਼ਿਆਰਪੁਰ - ਔਸਤ ਮਾਸਿਕ ਗ੍ਰੋਥ 2.80 ਫੀਸਦੀ, ਮਾਰਚ ਵਿੱਚ 14.20 ਫੀਸਦੀ ਉਛਾਲ

ਲੁਧਿਆਣਾ - ਔਸਤ ਮਾਸਿਕ ਗ੍ਰੋਥ 2.50 ਫੀਸਦੀ, ਮਾਰਚ ਵਿੱਚ 10.50 ਫੀਸਦੀ ਉਛਾਲ

ਕਪੂਰਥਲਾ - ਔਸਤ ਮਾਸਿਕ ਗ੍ਰੋਥ 3.00 ਫੀਸਦੀ, ਮਾਰਚ ਵਿੱਚ 13.80 ਫੀਸਦੀ ਉਛਾਲ

ਜਲੰਧਰ ਵਿੱਚ ਤਾਂ ਔਸਤਨ 3.2 ਫੀਸਦੀ ਮਾਸਿਕ ਗ੍ਰੋਥ ਤੋਂ ਉੱਪਰ ਚੜ੍ਹ ਕੇ ਮਾਰਚ ਵਿੱਚ 16.5 ਫੀਸਦੀ ਤੱਕ ਪਹੁੰਚ ਗਈ ਹੈ। ਇਸ ਤਰ੍ਹਾਂ ਦੋਆਬਾ ਵਾਲੇ ਖਾਸ ਤੌਰ ’ਤੇ ਲਾਭ ਉਠਾ ਰਹੇ ਹਨ। ਪੰਜਾਬ ਦੀ ਐੱਨ.ਆਰ.ਆਈ. ਆਬਾਦੀ ਵਿੱਚ ਦੋਆਬਾ ਖੇਤਰ ਦਾ ਯੋਗਦਾਨ ਬਹੁਤ ਵੱਡਾ ਹੈ। ਇਥੋਂ ਹਜ਼ਾਰਾਂ ਲੋਕ ਕੈਨੇਡਾ, ਯੂ.ਕੇ., ਅਮਰੀਕਾ ਅਤੇ ਆਸਟ੍ਰੇਲੀਆ ਵਿਚ ਰੁਜ਼ਗਾਰ ਤਲਾਸ਼ ਰਹੇ ਹਨ। ਉਨ੍ਹਾਂ ਦੀਆਂ ਭੇਜੀਆਂ ਰਕਮਾਂ ਨੇ ਇਥੇ ਪਰਿਵਾਰਾਂ ਦੀ ਆਰਥਿਕ ਹਾਲਤ ਨੂੰ ਮਜ਼ਬੂਤ ਕੀਤਾ ਹੈ। ਹੁਣ ਇਸ ਵਾਧੇ ਨਾਲ ਬੈਂਕਾਂ ਵਿਚ ਲਿਕਵਿਡਿਟੀ ਵਧੀ ਹੈ ਜਿਸ ਨਾਲ ਲੋਕਲ ਉਦਯੋਗਾਂ, ਖੇਤੀ ਅਤੇ ਨਿਰਮਾਣ ਖੇਤਰ ਨੂੰ ਫਾਇਦਾ ਹੋ ਰਿਹਾ ਹੈ।

ਇਸ ਵਾਧੇ ਨਾਲ ਰੀਅਲ ਐਸਟੇਟ ਮਾਰਕੀਟ ਵੀ ਗਰਮ ਹੋ ਰਹੀ ਹੈ। ਜਲੰਧਰ ਅਤੇ ਲੁਧਿਆਣਾ ਵਿਚ ਐੱਨ.ਆਰ.ਆਈ. ਆਪਣੇ ਘਰ ਵਾਪਸੀ ਲਈ ਜਾਂ ਨਿਵੇਸ਼ ਲਈ ਜ਼ਿਆਦਾ ਖਰੀਦਦਾਰੀ ਕਰ ਰਹੇ ਹਨ। ਇਸ ਨਾਲ ਉਥੇ ਨਵੀਆਂ ਇਮਾਰਤਾਂ, ਸ਼ਾਪਿੰਗ ਮਾਲ ਅਤੇ ਰਿਹਾਇਸ਼ੀ ਪ੍ਰਾਜੈਕਟ ਸ਼ੁਰੂ ਹੋ ਰਹੇ ਹਨ। ਪਰ ਉੱਥੇ ਹੀ ਉਨ੍ਹਾਂ ਪਰਿਵਾਰਾਂ ਲਈ ਚੁਣੌਤੀ ਵੀ ਹੈ ਜਿਨ੍ਹਾਂ ਦੀ ਆਮਦਨ ਵਿਦੇਸ਼ੀ ਰੁਪਏ ਤੇ ਨਿਰਭਰ ਹੈ ਅਤੇ ਖਰਚ ਵੀ ਵਧ ਗਏ ਹਨ। ਬੈਂਕ ਅਧਿਕਾਰੀਆਂ ਨੇ ਦੱਸਿਆ ਕਿ ਇਸ ਟ੍ਰੈਂਡ ਨੂੰ ਬਣਾਈ ਰੱਖਣ ਲਈ ਬਿਹਤਰ ਡਿਜੀਟਲ ਸੇਵਾਵਾਂ ਅਤੇ ਰੈਮਿਟੈਂਸ ਫੈਸਿਲਿਟੀਜ਼ ਤੇ ਧਿਆਨ ਦੇਣਾ ਚਾਹੀਦਾ ਹੈ।

ਪੰਜਾਬ ਲਈ ਇਹ ਡਾਲਰਾਂ ਦਾ ਮੀਂਹ ਇੱਕ ਵਰਦਾਨ ਵਾਂਗ ਹੈ ਜੋ ਖਾਸ ਤੌਰ ਤੇ ਦੋਆਬਾ ਵਾਸੀਆਂ ਦੇ ਬੈਂਕ ਬੈਲੈਂਸ ਨੂੰ ਬੂਸਟ ਕਰ ਰਿਹਾ ਹੈ। ਇਸ ਨਾਲ ਆਉਣ ਵਾਲੇ ਸਮੇਂ ਵਿੱਚ ਆਰਥਿਕ ਗਤੀਵਿਧੀਆਂ ਵਧਣ ਦੀ ਉਮੀਦ ਹੈ। ਬੈਂਕਾਂ ਵਿਚ ਵਧੀਆ ਲਿਕਵਿਡਿਟੀ ਨਾਲ ਲੋਨਾਂ ਦੀ ਉਪਲਬਧਤਾ ਵਧੇਗੀ ਅਤੇ ਛੋਟੇ ਉਦਯੋਗਾਂ ਨੂੰ ਨਵੀਂ ਊਰਜਾ ਮਿਲੇਗੀ। ਉਥੇ ਹੀ ਰੀਅਲ ਐਸਟੇਟ ਖੇਤਰ ਵਿੱਚ ਵੀ ਰੁਝਾਨ ਵਧਿਆ ਹੈ ਜਿਸ ਨਾਲ ਨਿਰਮਾਣ ਖੇਤਰ ਵਿੱਚ ਰੁਜ਼ਗਾਰ ਵਧੇਗਾ। ਪਰ ਇਸ ਨਾਲ ਲੋਕਲ ਮਹਿੰਗਾਈ ਅਤੇ ਆਯਾਤ ’ਤੇ ਵੀ ਅਸਰ ਪੈ ਸਕਦਾ ਹੈ।

***

## ਤੀਜੀ ਵਾਰ ਬੇਅਦਬੀ ਬਿੱਲ ਦਾ ਸ਼ੋਸ਼ਾ:

ਭਾਰਤ ਵਿੱਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਜਾਂ ਧਾਰਮਿਕ ਸਥਾਨਾਂ/ਗ੍ਰੰਥਾਂ ਦੀ ਬੇਅਦਬੀ ਨਾਲ ਜੁੜੇ ਕਾਨੂੰਨ ਕੇਂਦਰੀ ਹਨ। ਜੇਕਰ ਕੋਈ ਰਾਜ ਸਰਕਾਰ ਅਜਿਹਾ ਕਾਨੂੰਨ ਬਣਾਉਂਦੀ ਹੈ ਜੋ ਪਹਿਲਾਂ ਤੋਂ ਮੌਜੂਦ ਕੇਂਦਰੀ ਕਾਨੂੰਨ ਨਾਲ ਟਕਰਾਉਂਦਾ ਹੋਵੇ ਜਾਂ ਉਸ ਤੋਂ ਕਿਤੇ ਵੱਧ ਸਜ਼ਾ (ਜਿਵੇਂ ਉਮਰ ਕੈਦ) ਨਿਰਧਾਰਤ ਕਰਦਾ ਹੋਵੇ, ਤਾਂ ਉਸ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਲੈਣੀ ਲਾਜ਼ਮੀ ਹੁੰਦੀ ਹੈ। ਭਾਰਤੀ ਸੰਵਿਧਾਨ ਅਨੁਸਾਰ ਸਾਰੇ ਧਰਮਾਂ ਲਈ ਕਾਨੂੰਨ ਇੱਕੋ ਜਿਹਾ ਹੋਣਾ ਚਾਹੀਦਾ ਹੈ। ਜੇਕਰ ਪੰਜਾਬ ਸਰਕਾਰ ਸਿਰਫ਼ ਇੱਕ ਧਰਮ ਦੇ ਗ੍ਰੰਥ ਲਈ ਵੱਖਰੀ ਸਜ਼ਾ ਰੱਖਦੀ ਹੈ, ਤਾਂ ਕੇਂਦਰ ਸਰਕਾਰ ਜਾਂ ਰਾਸ਼ਟਰਪਤੀ ਇਸ ਨੂੰ ‘ਭੇਦਭਾਵ’ ਮੰਨ ਕੇ ਰੱਦ ਕਰ ਸਕਦੇ ਹਨ (ਜਿਵੇਂ 2016 ਵਿੱਚ ਹੋਇਆ ਸੀ)। ਜੇਕਰ ਇਹ ਕਾਨੂੰਨ ਪੰਜਾਬ ਵਿੱਚ ਲਾਗੂ ਹੋ ਵੀ ਜਾਵੇ, ਤਾਂ ਇਹ ਸਿਰਫ਼ ਪੰਜਾਬ ਦੀਆਂ ਹੱਦਾਂ ਤੱਕ ਰਹੇਗਾ।

ਸਿੱਖ ਵਿਦਵਾਨਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਦੇ ਅਦਬ-ਸਤਿਕਾਰ ਲਈ ਕਾਨੂੰਨੀ ਸੁਰੱਖਿਆ ਜ਼ਰੂਰੀ ਹੈ, ਪਰ ਇਹ ਕਾਨੂੰਨ ਅਜਿਹਾ ਹੋਣਾ ਚਾਹੀਦਾ ਹੈ ਜੋ ਗੁਰੂ ਸਾਹਿਬ ਦੀ ਰੂਹਾਨੀ ਸਰਵਉੱਚਤਾ ਨੂੰ ਘਟਾਉਣ ਦੀ ਬਜਾਏ, ਅਪਰਾਧੀਆਂ ਲਈ ਇੱਕ ਡਰ ਪੈਦਾ ਕਰੇ। ਸਿੱਖ ਵਿਦਵਾਨਾਂ ਦਾ ਮੰਨਣਾ ਹੈ ਕਿ ਬੇਅਦਬੀਆਂ ਦੇ ਨੈਰੇਟਿਵ ਪਿੱਛੇ ਅਕਸਰ ਸਿੱਖ ਕੌਮ ਨੂੰ ਮਾਨਸਿਕ ਤੌਰ ’ਤੇ ਕਮਜ਼ੋਰ ਕਰਨ ਦੀ ਸਾਜ਼ਿਸ਼ ਹੁੰਦੀ ਹੈ। ਇਸ ਲਈ ਨੌਜਵਾਨ ਪੀੜ੍ਹੀ ਨੂੰ ਗੁਰਮਤਿ ਸਿਧਾਂਤਾਂ ਨਾਲ ਜੋੜਿਆ ਜਾਵੇ ਤਾਂ ਜੋ ਉਹ ਅਜਿਹੀਆਂ ਘਟਨਾਵਾਂ ਵੇਲੇ ਭਾਵੁਕ ਹੋ ਕੇ ਗਲਤ ਕਦਮ ਚੁੱਕਣ ਦੀ ਬਜਾਏ ਸੂਝਬੂਝ ਨਾਲ ਸਾਜ਼ਿਸ਼ਕਾਰਾਂ ਨੂੰ ਫੜਨ। ਸਿੱਖ ਪੰਥ ਦਾ ਆਪਣਾ ਇੱਕ ਮਜ਼ਬੂਤ ਸੋਸ਼ਲ ਮੀਡੀਆ ਵਿੰਗ ਹੋਣਾ ਚਾਹੀਦਾ ਹੈ ਜੋ ਗਲਤ ਅਫ਼ਵਾਹਾਂ ਅਤੇ ਨੈਰੇਟਿਵ ਨੂੰ ਤੁਰੰਤ ਕੱਟ ਸਕੇ। ਕਾਨੂੰਨੀ ਸਜ਼ਾ ਦੇ ਨਾਲ-ਨਾਲ, ਬੇਅਦਬੀ ਦੇ ਦੋਸ਼ੀਆਂ ਅਤੇ ਉਨ੍ਹਾਂ ਦੇ ਮਾਸਟਰਮਾਈਂਡਾਂ (ਜਿਵੇਂ ਡੇਰਾ ਮੁਖੀ ਆਦਿ) ਦਾ ਮੁਕੰਮਲ ਸਮਾਜਿਕ ਬਾਈਕਾਟ ਕਰਨ ਦੀ ਨੀਤੀ ਅਪਣਾਈ ਜਾਵੇ। ਇਸ ਨਾਲ ਸਾਜ਼ਿਸ਼ਕਰਤਾਵਾਂ ਵਿੱਚ ਡਰ ਪੈਦਾ ਹੋਵੇਗਾ।

ਨਿਆਂ ਵਿੱਚ ਦੇਰੀ ਕਿਉਂ: ਬਹਿਬਲ ਕਲਾਂ ਅਤੇ ਬੇਅਦਬੀ ਕਾਂਡ

ਵੱਡਾ ਸਵਾਲ ਇਹ ਹੈ ਕਿ ਸਰਕਾਰ ਹੁਣ ਤੱਕ ਬਹਿਬਲ ਗੋਲੀ ਕਾਂਡ ਅਤੇ ਬੇਅਦਬੀ ਕਾਂਡ ਦਾ ਨਿਆਂ ਕਿਉਂ ਨਹੀਂ ਦੇ ਸਕੀ ? 2015 ਵਿਚ ਬਰਗਾੜੀ ਗੁਰਦੁਆਰਾ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਸੀ। ਇਸ ਤੋਂ ਬਾਅਦ ਬਹਿਬਲ ਕਲਾਂ ਵਿੱਚ ਪੁਲਿਸ ਵੱਲੋਂ ਧਰਨਾ ਦੇ ਰਹੇ ਸਿੱਖਾਂ ’ਤੇ ਗੋਲੀਬਾਰੀ ਹੋਈ, ਜਿਸ ਵਿੱਚ ਦੋ ਸਿੱਖਾਂ ਦੀ ਮੌਤ ਹੋ ਗਈ ਸੀ। ਇਸ ਕਾਂਡ ਵਿੱਚ ਅਜੇ ਤੱਕ ਕਿਸੇ ਵੱਡੇ ਅਧਿਕਾਰੀ ਜਾਂ ਰਾਜਨੀਤਿਕ ਆਗੂ ਨੂੰ ਸਜ਼ਾ ਨਹੀਂ ਹੋਈ। ਸੈਂਕੜੇ ਬੇਅਦਬੀਆਂ ਦੇ ਕੇਸਾਂ ਵਿੱਚ ਵੀ ਨਿਆਂ ਨਹੀਂ ਮਿਲਿਆ। ਕਾਂਗਰਸ ਅਤੇ ਆਪ ਵਾਲੀਆਂ ਸਰਕਾਰਾਂ ਵਿੱਚ ਵੀ 600 ਤੋਂ ਵੱਧ ਬੇਅਦਬੀਆਂ ਹੋਈਆਂ, ਪਰ ਕਾਰਵਾਈ ਨਾ ਹੋਣ ਕਾਰਨ ਲੋਕਾਂ ਵਿੱਚ ਗੁੱਸਾ ਹੈ।

ਇਸੇ ਤਰ੍ਹਾਂ ਹੁਣ ਤੱਕ ਸੌਦਾ ਸਾਧ ਰਾਮ ਰਹੀਮ ਉੱਪਰ ਬੇਅਦਬੀ ਨਾਲ ਜੁੜੀਆਂ ਘਟਨਾਵਾਂ ਵਿੱਚ ਕਾਰਵਾਈ ਕਿਉਂ ਨਹੀਂ ਹੋਈ ? 2007 ਵਿੱਚ ਸਿਰਸਾ ਵਿੱਚ ਵੀ ਬੇਅਦਬੀ ਨਾਲ ਜੁੜੀ ਘਟਨਾ ਵਾਪਰੀ ਸੀ ਅਤੇ ਸਿੱਖ ਉਸ ਨੂੰ ਇਸ ਨਾਲ ਜੋੜਦੇ ਹਨ। ਉਸ ’ਤੇ ਰੇਪ ਅਤੇ ਹੋਰ ਕੇਸਾਂ ਵਿੱਚ ਸਜ਼ਾ ਹੋਈ, ਪਰ ਬੇਅਦਬੀ ਨਾਲ ਸਬੰਧਤ ਘਟਨਾਵਾਂ ਵਿੱਚ ਅਜੇ ਵੀ ਪੂਰੀ ਕਾਰਵਾਈ ਲਟਕੀ ਹੋਈ ਹੈ। ਇਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

ਅਕਸਰ ਆਪ ਸਰਕਾਰ ਉਪਰ ਦੋਸ਼ ਲੱਗਦਾ ਹੈ ਕਿ ਡੇਰੇ ਦੇ ਵੱਡੇ ਵੋਟ ਬੈਂਕ ਕਾਰਨ ਸਿਆਸੀ ਪਾਰਟੀਆਂ ਸਖ਼ਤ ਕਾਰਵਾਈ ਕਰਨ ਤੋਂ ਕਤਰਾਉਂਦੀਆਂ ਹਨ। ਹਾਲਾਂਕਿ ਕਈ ਮਾਮਲਿਆਂ ਵਿੱਚ ਚਾਰਜਸ਼ੀਟ ਦਾਖਲ ਹੋਈ ਹੈ, ਪਰ ਹਰਿਆਣਾ ਸਰਕਾਰ ਵੱਲੋਂ ਵਾਰ-ਵਾਰ ਦਿੱਤੀ ਜਾਂਦੀ ਪੈਰੋਲ ਅਤੇ ਕੇਂਦਰੀ ਏਜੰਸੀਆਂ ਦੀ ਜਾਂਚ ਦੀ ਮੱਠੀ ਚਾਲ ਨੇ ਸਿੱਖਾਂ ਵਿੱਚ ਬੇਵਿਸ਼ਵਾਸੀ ਪੈਦਾ ਕੀਤੀ ਹੈ।




ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਕਦੇ ਫ਼ਿਲਮੀ ਸੰਗੀਤ ਵਿੱਚ ਹੂੰਦਾ ਸੀ ਰੁਮਾਂਸ, ਚੰਚਲਤਾ

ਰੁਮਾਂਸ ਦੇ ਹੋਰ ਵੀ ਕਈ ਸਿੱਧੇ ਪ੍ਰਗਟਾਵਿਆਂ ਨੂੰ ਬਹੁਤ ਨਫ਼ਾਸਤ ਨਾਲ ਘੜਿਆ ਗਿਆ। ਕਈ ਗੀਤ ਔਰਤ ਤੇ ਮਰਦ ਦੀ ਆਪਸੀ ਖਿੱਚ ਨੂੰ ਸਵੀਕਾਰ ਕਰਦੇ ਹਨ, ਫ਼ਿਰ ਵੀ ਉਨ੍ਹਾਂ ਦੀ ਕਾਵਿਕ ਸੁੰਦਰਤਾ ਇਹ ਯਕੀਨੀ ਬਣਾਉਂਦੀ ਹੈ ਕਿ ਉਹ ਕਦੇ ਵੀ ਅਸ਼ੀਲਲ ਨਾ ਲੱਗਣ। ਸਰੋਤੇ ਸਪੱਸ਼ਟਤਾ ਦੀ ਬਜਾਏ ਸੰਕੇਤਾਂ ਰਾਹੀਂ ਨੇੜਤਾ ਨੂੰ ਮਹਿਸੂਸ ਕਰਦੇ ਹਨ, ਜਿਸ ਨਾਲ ਕਲਪਨਾ ਨੂੰ ਉਸ ਤਸਵੀਰ ਨੂੰ ਪੂਰਾ ਕਰਨ ਦਾ ਮੌਕਾ ਮਿਲਦਾ ਹੈ।

ਸਦਾਬਹਾਰ ਗੀਤ 'ਬਾਹੋਂ ਮੇਂ ਚਲੇ ਆਓ' 'ਤੇ ਵੀ ਗੌਰ ਕਰੋ, ਜੋ ਨਿੱਘ ਅਤੇ ਪਿਆਰ ਨਾਲ ਨੇੜਤਾ ਦਾ ਸੱਦਾ ਦਿੰਦਾ ਹੈ। ਅਜਿਹੇ ਗੀਤ ਦਰਸਾਉਂਦੇ ਹਨ ਕਿ ਗੀਤਾਂ 'ਚ ਭਾਵਨਾਤਮਕ ਡੂੰਘਾਈ ਦੇ ਨਾਲ ਨਾਲ ਸੂਖ਼ਮ ਨਿੱਜੀ ਭਾਵਨਾਵਾਂ ਵੀ ਬਹੁਤ ਸਹਿਜ ਤੇ ਸੂਹਜ ਨਾਲ ਪ੍ਰਗਟਾਈਆਂ ਜਾ ਸਕਦੀਆਂ ਹਨ।

ਪੁਰਾਣੇ ਜ਼ਮਾਨੇ ਦੀ ਗੀਤਕਾਰੀ ਵਿੱਚ ਰੂਪਕਾਂ ਦਾ ਇੱਕ ਖ਼ਾਸ ਮਹੱਤਵ ਸੀ। 'ਮੈਂ ਨਦੀਆ ਫ਼ਿਰ ਭੀ ਮੈਂ ਪਿਆਸੀ' ਵਰਗੇ ਭਾਵ ਕਾਵਿਕ ਅਮੀਰੀ ਨਾਲ ਬਿਰਹਾ ਦੀ ਭਾਵਨਾ ਨੂੰ ਦਰਸਾਉਂਦੇ ਹਨ। ਇਨ੍ਹਾਂ ਦੀ ਚੰਚਲ ਸੁਰ ਦੇ ਬਾਵਜੂਦ ਕਾਵਿਕਤਾ ਸਦਕਾ ਨਿੱਜੀ ਭਾਵਨਾਵਾਂ ਦਾ ਪ੍ਰਗਟਾਵਾ ਕਦੇ ਵੀ ਅਸ਼ਲੀਲਤਾ ਦੇ ਦਾਇਰੇ ਵਿੱਚ ਦਾਖ਼ਲ ਨਹੀਂ ਹੋਇਆ। 'ਬਚਪਨ ਤੋ ਅਭੀ ਰੂਠਾ ਹੀ ਨਹੀਂ' ਵਰਗੀ ਇੱਕ ਲਾਈਨ ਮਾਸੂਮੀਅਤ ਨੂੰ ਬਰਕਰਾਰ ਰੱਖਦੇ ਹੋਏ ਜਵਾਨੀ ਵਿੱਚ ਤਬਦੀਲੀ ਨੂੰ ਸੁੰਦਰਤਾ ਨਾਲ ਬਿਆਨਦੀ ਹੈ। ਉਨ੍ਹਾਂ ਗੀਤਾਂ ਦੀ ਇਹ ਇੱਕ ਅਜਿਹੀ ਖ਼ਾਸੀਅਤ ਹੈ, ਜੋ ਅੱਜਕੱਲ੍ਹ ਘੱਟ ਹੀ ਦੇਖਣ ਨੂੰ ਮਿਲਦੀ ਹੈ।

ਇਹ ਕਹਿਣਾ ਗ਼ਲਤ ਹੋਵੇਗਾ ਕਿ ਆਧੁਨਿਕ ਸੰਗੀਤ ਵਿੱਚ ਨਜ਼ਾਕਤ ਬਿਲਕੁਲ ਮਨਫ਼ੀ ਹੈ। ਕਈ ਗੀਤਾਂ ਨੇ ਅੱਜ ਵੀ ਸੂਖ਼ਮ ਰੁਮਾਂਸ ਦੀ ਪਰੰਪਰਾ ਨੂੰ ਕਾਇਮ ਰੱਖਿਆ ਹੋਇਆ ਹੈ। 'ਪਹਿਲਾ ਨਸ਼ਾ', 'ਤੁਮ ਹੀ ਹੋ', 'ਰਾਤਾਂ ਲੰਬੀਆਂ', 'ਕੇਸਰੀਆ' ਅਤੇ 'ਤੇਰਾ ਬਨ ਜਾਊਂਗਾ' ਵਰਗੇ ਗੀਤ ਇਹ ਸਾਬਿਤ ਕਰਦੇ ਹਨ ਕਿ ਦਰਸ਼ਕ ਅੱਜ ਵੀ ਸੱਚਾਈ, ਸੁਰੀਲਾਪਣ ਅਤੇ ਸੱਚੀਆਂ ਭਾਵਨਾਵਾਂ ਨੂੰ ਪਸੰਦ ਕਰਦੇ ਹਨ। ਇਹ ਰਚਨਾਵਾਂ ਇਹ ਸਾਬਿਤ ਕਰਦੀਆਂ ਹਨ ਕਿ ਸਫ਼ਲਤਾ ਲਈ ਕਿਸੇ ਨੂੰ ਹੈਰਾਨ ਕਰਨ ਜਾਂ ਅਸ਼ਲੀਲਤਾ ਦਿਖਾਉਣ ਦੀ ਜ਼ਰੂਰਤ ਨਹੀਂ ਹੁੰਦੀ।

ਅੱਜਕੱਲ੍ਹ ਦੇ ਕਈ ਗੀਤਾਂ ਨੂੰ ਲੈ ਕੇ ਪ੍ਰਗਟਾਈ ਜਾਂਦੀ ਗਹਿਰੀ ਚਿੰਤਾ ਸਿਰਫ਼ ਉਨ੍ਹਾਂ ਦੀ ਸ਼ਬਦਾਵਲੀ ਬਾਰੇ ਨਹੀਂ, ਸਗੋਂ ਉਨ੍ਹਾਂ ਵਿਚਲੇ ਨਜ਼ਰੀਏ ਬਾਰੇ ਹੈ। ਦੌਲਤ, ਆਕ੍ਰਮਕਤਾ ਅਤੇ ਕਿਸੇ ਨੂੰ ਸਿਰਫ਼ ਇੱਕ ਵਸਤੂ ਦੀ ਤਰ੍ਹਾਂ ਦੇਖੇ ਜਾਣ 'ਤੇ ਵਾਰ-ਵਾਰ ਜ਼ੋਰ ਦੇਣ ਨਾਲ ਅਜਿਹੇ ਨਾਂਹ-ਪੱਖੀ ਰੁਝਾਨ ਆਮ ਹੋ ਜਾਣ ਦਾ ਖ਼ਤਰਾ ਰਹਿੰਦਾ ਹੈ। ਜਦੋਂ ਸੰਗੀਤ ਸਫ਼ਲਤਾ ਦੇ ਫ਼ੋਕੇ ਪ੍ਰਤੀਕਾਂ ਜਿਵੇਂ ਚਮਕਦਾਰ ਜੀਵਨ ਸ਼ੈਲੀ, ਦਬਦਬਾ ਅਤੇ ਤਾਕਤ ਨੂੰ ਵਧਾ ਚੜ੍ਹਾ ਕੇ ਦਿਖਾਉਂਦਾ ਹੈ ਤਾਂ ਇਹ ਅਣਜਾਣਪੁਣੇ ਵਿੱਚ ਹੀ ਲੋਕਾਂ ਦੀਆਂ ਇੱਛਾਵਾਂ ਅਤੇ ਸਮਾਜਿਕ ਵਿਹਾਰ 'ਤੇ ਅਸਰ ਪਾ ਸਕਦਾ ਹੈ। ਸਿਨੇਮਾ ਅਤੇ ਸੰਗੀਤ ਦਾ ਸਮਾਜ ਨਾਲ ਹਮੇਸ਼ਾ ਇੱਕ ਅਨਿੱਖੜ ਰਿਸ਼ਤਾ ਰਿਹਾ ਹੈ: ਇਹ ਦੋਵੇਂ ਹੀ ਨਾ ਸਿਰਫ਼ ਮੌਜੂਦਾ ਰੁਝਾਨਾਂ ਨੂੰ ਦਰਸਾਉਂਦੇ ਹਨ, ਸਗੋਂ ਉਨ੍ਹਾਂ ਨੂੰ ਆਕਾਰ ਵੀ ਦਿੰਦੇ ਹਨ। ਇਸ ਲਈ ਇਹ ਸਵਾਲ ਕਰਨਾ ਵਾਜਬ ਹੈ ਕਿ ਕੀ ਤੁਰੰਤ ਪ੍ਰਸਿੱਧੀ ਅਤੇ ਵਾਇਰਲ ਸਫ਼ਲਤਾ ਦੀ ਚਾਹਤ ਕਲਾਤਮਕ ਮਾਣ ਅਤੇ ਸੱਭਿਆਚਾਰਕ ਸੰਵੇਦਨਸ਼ੀਲਤਾ ਦੀ ਕੀਮਤ 'ਤੇ ਹਾਸਲ ਕੀਤੀ ਜਾਣੀ ਚਾਹੀਦੀ ਹੈ। ਅੰਤ ਵਿੱਚ ਇਸ ਚਰਚਾ ਦਾ ਉਦੇਸ਼ ਕਿਸੇ ਦੀ ਨਿੰਦਾ ਕਰਨਾ ਨਹੀਂ, ਸਗੋਂ ਚਿੰਤਨ ਕਰਨਾ ਹੈ। ਇਸ ਦਾ ਮਕਸਦ ਉਸ ਦੌਰ ਨੂੰ ਯਾਦ ਕਰਨਾ ਹੈ, ਜਦੋਂ ਫ਼ਿਲਮ ਸੰਗੀਤ ਵਿੱਚ ਅਸ਼ਲੀਲਤਾ ਦਾ ਸਹਾਰਾ ਲਏ ਬਿਨਾਂ ਰੁਮਾਂਸ, ਚੰਚਲਤਾ ਅਤੇ ਕਾਵਿਕ ਸੁੰਦਰਤਾ ਦਾ ਖ਼ੂਬਸੂਰਤ ਸੰਤੁਲਨ ਹੁੰਦਾ ਸੀ। ਉਹ ਵਿਰਾਸਤ ਅੱਜ ਦੇ ਰਚਨਾਕਾਰਾਂ ਲਈ ਵੀ ਇੱਕ ਕੀਮਤੀ ਮਾਰਗਦਰਸ਼ਕ ਬਣੀ ਹੋਈ ਹੈ।

ਅੱਜ ਸ਼ਾਇਦ ਇਸ ਗੱਲ ਦੀ ਸਭ ਤੋਂ ਵੱਧ ਲੋੜ ਹੈ ਕਿ ਕਲਾਤਮਕਤਾ ਪ੍ਰਤੀ ਇੱਕ ਨਵਾਂ ਨਜ਼ਰੀਆ ਅਪਣਾ ਕੇ ਬਿੰਬਾਂ, ਕਲਪਨਾ ਅਤੇ ਭਾਸ਼ਾਈ ਖ਼ੂਬਸੂਰਤੀ ਰਾਹੀਂ ਪਿਆਰ ਅਤੇ ਮਨੁੱਖੀ ਭਾਵਨਾਵਾਂ ਦੇ ਚਿਤਰਣ ਨੂੰ ਅਮੀਰ ਬਣਾਇਆ ਜਾਵੇ। ਜਦੋਂ ਇਹ ਸੰਤੁਲਨ ਬਹਾਲ ਹੋ ਜਾਵੇਗਾ ਤਾਂ ਭਾਰਤੀ ਫ਼ਿਲਮੀ ਗੀਤ ਲਗਾਤਾਰ ਜ਼ਮਾਨੇ ਮੁਤਾਬਿਕ ਬਦਲਦਿਆਂ ਹੋਇਆਂ ਵੀ ਆਪਣਾ ਸੁਹਜ ਤੇ ਖ਼ੂਬਸੂਰਤੀ ਕਾਇਮ ਰੱਖ ਸਕਣਗੇ। ਇਸ ਦੇ ਨਾਲ ਹੀ ਇਹ ਉਸ ਸਥਾਈ ਆਕਰਸ਼ਣ ਨੂੰ ਵੀ ਬਰਕਰਾਰ ਰੱਖ ਸਕਣਗੇ ਜਿਸ ਨੇ ਕਦੇ ਉਨ੍ਹਾਂ ਨੂੰ ਸਦਾਬਹਾਰ ਸੱਭਿਆਚਾਰਕ ਵਿਰਾਸਤ ਬਣਾਇਆ ਸੀ।

****

## ਆਧੁਨਿਕ ਨਾਰੀ

ਅਜਿਹੇ ਪ੍ਰਸ਼ਨ ਗਹਿਰੇ ਚਿੰਤਨ ਦੀ ਮੰਗ ਕਰਦੇ ਹਨ।

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਔਰਤ ਨੇ ਆਪਣੀ ਸੂਝ, ਮਿਹਨਤ, ਸਵੈ ਵਿਸ਼ਵਾਸ, ਦ੍ਰਿੜ ਇਰਾਦੇ, ਹਿੰਮਤ, ਸਿਦਕਦਿਲੀ ਆਦਿ ਨਾਲ ਅਨੇਕ ਮੱਲਾਂ ਮਾਰੀਆਂ ਹਨ। ਉਸ ਨੇ ਆਪਣੀ ਹੀ ਨਹੀਂ, ਆਪਣੇ ਘਰ ਪਰਿਵਾਰ ਤੇ ਦੇਸ਼ ਦੀ ਆਰਥਿਕਤਾ ਵਿੱਚ ਵੀ ਸੁਧਾਰ ਲਿਆਂਦਾ ਹੈ। ਉਪਰੋਕਤ ਦੇ ਆਧਾਰ 'ਤੇ ਔਰਤ ਦੀ ਸਥਿਤੀ ਦਾ ਇਕ ਪਾਸਾ ਧੁੰਦਲਾ ਨਜ਼ਰ ਆਉਂਦਾ ਹੈ, ਦੂਜਾ ਰੋਸ਼ਨ । ਜੇ ਸਥਿਤੀ ਦੇ ਧੁੰਦਲੇ ਪਾਸੇ ਵਾਲੀ ਔਰਤ ਰੋਸ਼ਨ ਪਾਸੇ ਵਾਲੀ ਔਰਤ ਦੀ ਜੀਵਨ ਪੱਧਿਤੀ ਨੂੰ ਸਮਝ ਕੇ, ਉਸ ਨੂੰ ਆਪਣਾ ਆਦਰਸ਼ ਮੰਨ ਕੇ, ਮਿਹਨਤ ਦਾ ਲੜ ਫੜ ਕੇ ਚੱਲਦੀ ਹੈ ਤਾਂ ਉਹ ਵੀ ਸਮਾਜਿਕ-ਆਰਥਿਕ ਆਜ਼ਾਦੀ ਹਾਸਲ ਕਰ ਕੇ ਸ਼ਕਤੀਸ਼ਾਲੀ ਬਣ ਸਕਦੀ ਹੈ। ਅਜਿਹੀ ਹਾਲਤ ਵਿੱਚ ਮਹਿਲਾ ਸ਼ਕਤੀਕਰਨ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ। ਔਰਤ ਦਿਵਸ ਦੀ ਸਾਰਥਿਕਤਾ ਤਾਂ ਹੀ ਸਮਝੀ ਜਾਵੇਗੀ ਜੇ ਸਾਧਾਰਨ ਔਰਤ ਵੀ ਪੜ੍ਹ ਲਿਖ ਕੇ, ਰੁਜ਼ਗਾਰ ਹਾਸਲ ਕਰ ਕੇ, ਆਰਥਿਕ ਪੱਖੋਂ ਆਜ਼ਾਦ ਹੋ ਕੇ ਸਹਿਮ ਦੇ ਪਰਛਾਵੇਂ ਹੇਠ, ਮੁਥਾਜੀ ਵਾਲਾ ਜੀਵਨ ਨਾ ਜੀਵੇ। ਕੇਵਲ ਸ਼ਬਦਾਂ ਦੇ ਤਾਣੇ-ਬਾਣੇ ਵਿੱਚ ਹੀ ਔਰਤ ਨੂੰ 'ਸ਼ਕਤੀ' ਨਾ ਮੰਨਿਆ ਜਾਵੇ, ਸਗੋਂ ਵਿਵਹਾਰਿਕ ਰੂਪ ਵਿੱਚ ਵੀ ਔਰਤ ਸ਼ਕਤੀਸ਼ਾਲੀ ਬਣੇ।

***

## ਸਿੱਖ ਪੰਥ ਨੂੰ ਪੜਚੋਲ ਕਰ,

ਨੌਜਵਾਨਾਂ ਲਈ ਵਿੱਦਿਆ ਤੇ ਰੋਜ਼ਗਾਰ ਦਾ ਪ੍ਰਬੰਧ ਕੌਣ ਕਰੇਗਾ ? ਸਿੱਖ ਨੌਜਵਾਨੀ ਨੂੰ ਅਤਿਵਾਦ ਦੇ ਰਾਹ ਤੋਂ ਕਿਵੇਂ ਮੋੜਿਆ ਜਾਵੇ ? ਸਿੱਖ ਕੌਮ ਦੇ ਅਸਲ ਦੋਸਤ ਕੌਣ ਹਨ ? ਇਹ ਸਵਾਲ ਜਵਾਬ ਮੰਗਦੇ ਹਨ।

ਪਿਛਲੇ ਸੌ ਸਾਲਾਂ ਵਿੱਚ ਸਿੱਖ ਲੀਡਰਸ਼ਿਪ ਸ਼੍ਰੋਮਣੀ ਅਕਾਲੀ ਦਲ ਕੋਲ ਰਹੀ ਹੈ। ਉਨ੍ਹਾਂ ਨੇ ਹੀ ਪੰਜਾਬੀ ਸੂਬੇ ਤੇ ਧਰਮ ਯੁੱਧ ਮੋਰਚੇ ਲਾਏ ਅਤੇ ਪੰਜਾਬ ਤੇ ਕੇਂਦਰ ਵਿੱਚ ਸੱਤਾ ਦਾ ਹਿੱਸਾ ਰਹੇ। ਪਰ ਤਾਕਤ ਵਿੱਚ ਹੁੰਦਿਆਂ ਉਨ੍ਹਾਂ ਨੇ ਕੌਮ ਦੇ ਕਿਹੜੇ ਮਸਲੇ ਹੱਲ ਕੀਤੇ ? ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਜਥੇਦਾਰ ਵੀ ਰਾਜ ਸਭਾ/ਲੋਕ ਸਭਾ ਮੈਂਬਰ ਜਾਂ ਮੰਤਰੀ ਬਣਦੇ ਰਹੇ। ਜੇਕਰ ਸਾਰੇ ਰਾਜਨੀਤੀ ਵੱਲ ਵੇਖਣਗੇ, ਤਾਂ ਧਰਮ ਦੀ ਸੇਵਾ ਲਈ ਕੌਣ ਬਚੇਗਾ ? ਰਾਜਨੀਤੀ ਲਈ ਗੁਰੂ-ਘਰਾਂ ਦੀ ਵਰਤੋਂ ਕਾਰਨ ਸਿੱਖ ਧਰਮ ਤੇ ਰਾਜਨੀਤੀ ਦੋਵਾਂ ਦਾ ਨੁਕਸਾਨ ਹੋਇਆ ਹੈ। ਇਸ ਨੂੰ ਬਦਲਣ ਦੀ ਲੋੜ ਹੈ।

ਕੀ ਸਿੱਖ ਧਰਮ ਵਿੱਚ ਬਿਨਾਂ ਤਨਖ਼ਾਹ ਲਏ ਸੇਵਾ ਕਰਨ ਵਾਲੇ ਵਿਅਕਤੀਆਂ ਦੀ ਸੰਸਥਾ ਨਹੀਂ ਬਣਨੀ ਚਾਹੀਦੀ ? ਜੋ ਲੋਕ ਰਾਜਨੀਤੀ ਵਿੱਚ ਹੁੰਦਿਆਂ ਗੁਰੂ ਸਾਹਿਬਾਨ ਦੀ ਬਰਾਬਰੀ ਕਰਨ ਵਾਲਿਆਂ ਨਾਲ ਖੜ੍ਹੇ ਹੋਏ ਅਤੇ ਦੋਸ਼ੀਆਂ ਨੂੰ ਸਜ਼ਾ ਨਹੀਂ ਦਿਵਾਈ, ਕੀ ਉਹ ਕੌਮ ਦੇ ਆਗੂ ਹੋ ਸਕਦੇ ਹਨ ?

ਸਿੱਖ ਸਮਾਜ ਵਿੱਚ ਗਿਆਨਵਾਨ, ਇਮਾਨਦਾਰ ਤੇ ਦੂਰ-ਅੰਦੇਸ਼ ਸਾਬਕਾ ਅਫ਼ਸਰਾਂ, ਜਰਨੈਲਾਂ, ਜੱਜਾਂ ਤੇ ਸਮਾਜ ਸੇਵੀਆਂ ਦੀ ਕਮੀ ਨਹੀਂ। ਸਮੱਸਿਆ ਉਨ੍ਹਾਂ ਨੂੰ ਇੱਕ ਮੰਚ 'ਤੇ ਇਕੱਠੇ ਕਰਨ ਦੀ ਹੈ। ਜੈਨ ਤੇ ਯਹੂਦੀ ਧਰਮਾਂ ਵਾਂਗ ਅਜਿਹੀਆਂ ਸੰਸਥਾਵਾਂ ਬਣਾਉਣੀਆਂ ਚਾਹੀਦੀਆਂ ਹਨ ਜੋ ਸਮਾਜ ਨੂੰ ਮਜ਼ਬੂਤ ਕਰਨ। ਸਿੱਖ ਵਿਦਵਾਨਾਂ ਨੂੰ ਇਸ ਬਾਰੇ ਹਿੰਮਤ ਕਰਨੀ ਚਾਹੀਦੀ ਹੈ।

ਸਭ ਤੋਂ ਵੱਡਾ ਉੱਦਮ ਕੌਮ ਨੂੰ ਗੁਰਦੁਆਰਿਆਂ ਦੀ ਚਾਰਦੀਵਾਰੀ ਤੋਂ ਬਾਹਰ 'ਸਿੱਖ ਕਲਚਰਲ ਸੈਂਟਰ' ਸਥਾਪਤ ਕਰਨ ਦਾ ਕਰਨਾ ਚਾਹੀਦਾ ਹੈ। ਇਸ ਵਿੱਚ ਸਿੱਖ ਕਾਰੋਬਾਰੀਆਂ ਨੂੰ ਪਹਿਲ ਕਰਨੀ ਚਾਹੀਦੀ ਹੈ ਤਾਂ ਜੋ ਨੌਜਵਾਨਾਂ ਨੂੰ ਅੱਗੇ ਵਧਾਉਣ ਲਈ ਗੈਰ-ਰਸਮੀ ਰੂਪ ਵਿੱਚ ਵਿਚਾਰ ਹੋ ਸਕੇ।

ਗੁਰਬਾਣੀ ਦਾ ਸਿਧਾਂਤ (ਧਨਾਸਰੀ ਮ: ੫) ਸਾਨੂੰ ਸਿਖਾਉਂਦਾ ਹੈ ਕਿ ਸਭ ਨੂੰ ਮਿੱਤਰ ਬਣਾਉਣਾ ਹੈ: ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥ ਅੱਜ ਸਿੱਖ ਕੌਮ ਦਾ ਮਿੱਤਰ ਕੌਣ ਹੈ ? ਮੁਗ਼ਲ, ਅੰਗਰੇਜ਼ ਤੇ ਕਾਂਗਰਸ (ਸਾਕਾ ਨੀਲਾ ਤਾਰਾ ਤੇ 84 ਦੇ ਕਤਲੇਆਮ ਕਾਰਨ) ਦੋਸ਼ੀ ਰਹੇ ਹਨ। ਲੇਕਿਨ ਪਿਛਲੇ 30 ਸਾਲਾਂ ਵਿੱਚ ਜਦੋਂ ਵੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ, ਅਟਲ ਬਿਹਾਰੀ ਵਾਜਪਾਈ ਤੇ ਨਰਿੰਦਰ ਮੋਦੀ ਨੇ ਨਾ ਸਿਰਫ਼ ਸਿੱਖ ਜ਼ਖ਼ਮਾਂ 'ਤੇ ਮਲ੍ਹਮ ਲਾਈ, ਬਲਕਿ ਸਿੱਖ ਧਰਮ ਦੇ ਪ੍ਰਚਾਰ ਲਈ ਦੇਸ਼-ਵਿਦੇਸ਼ ਵਿੱਚ ਯਤਨ ਕੀਤੇ। ਕੀ ਉਨ੍ਹਾਂ ਦਾ ਬਣਦਾ ਸਤਿਕਾਰ ਹੋ ਰਿਹਾ ਹੈ ? ਲੋੜ ਤਾਂ ਸਿੱਖ ਮੁਦਿਆਂ ਲਈ ਕੇਂਦਰ ਸਰਕਾਰ ਨਾਲ ਰਾਬਤਾ ਦੀ ਹੈ, ਪਰ ਕੌਣ ਕਰੇ ?

ਇਹ ਇਤਿਹਾਸਕ ਸੱਚ ਹੈ ਕਿ ਸਿੱਖ ਕੌਮ ਨੂੰ ਵਾਅਦੇ ਅਨੁਸਾਰ ਮਾਣ-ਸਨਮਾਨ ਨਹੀਂ ਮਿਲਿਆ, ਪਰ ਇਹ ਵਾਅਦਾ ਕਿਸ ਨੇ ਕੀਤਾ ਸੀ ? ਲਿਖਤ ਨਾ ਲੈ ਕੇ ਦੇਣ ਵਾਲੇ ਸਿੱਖ ਆਗੂ ਕੌਣ ਸਨ ? ਕੁਰਸੀ ਦੇ ਲਾਲਚ ਵਿੱਚ ਕਿਹੜੇ ਅਕਾਲੀ ਕਾਂਗਰਸੀ ਬਣ ਗਏ ? ਮਾੜੀ ਸਿੱਖ ਲੀਡਰਸ਼ਿਪ ਕਾਰਨ ਪੰਥਕ ਸੰਸਥਾਵਾਂ ਬੇਅਸਰ ਹੋ ਗਈਆਂ।

ਸਮਾਂ ਚੁੱਪ ਰਹਿਣ ਦਾ ਨਹੀਂ, ਬਲਕਿ ਸੋਚ-ਵਿਚਾਰ ਰਾਹੀਂ ਸਿੱਖ-ਹਮਾਇਤੀ ਸਰਕਾਰ ਦਾ ਲਾਭ ਲੈ ਕੇ ਹਰ ਖੇਤਰ ਵਿੱਚ ਤਰੱਕੀ ਕਰਨ ਦਾ ਹੈ। ਸਮਾਂ 'ਦੇਰ ਆਏ ਦਰੁਸਤ ਆਏ' ਦੇ ਰਾਹ ਪੈਣ ਦਾ ਹੈ।

***

## ਕੀ ਹਿੰਦੂਆਂ ਦੀ ਸਰਵਉੱਚ

ਬੱਚਿਆਂ ਅਤੇ ਵੱਡਿਆਂ ਨੂੰ ਵੀ ਪੰਛੀਆਂ ਬਾਰੇ ਜਾਣਕਾਰੀ ਦਿੰਦੇ ਹਨ। ਉਨ੍ਹਾਂ ਦੇ ਰਹਿਣ-ਸਹਿਣ, ਇੱਕ ਮਹਾਂਦੀਪ ਤੋਂ ਦੂਜੇ ਮਹਾਂਦੀਪ ਤੱਕ ਬਿਨਾਂ ਪਾਸਪੋਰਟ ਵੀਜ਼ਾ ਦੇ ਉਨ੍ਹਾਂ ਦੀ ਆਵਾਜਾਈ, ਆਪਣੇ ਮੂਲ ਨਿਵਾਸ ਤੋਂ ਹਜ਼ਾਰਾਂ ਮੀਲ ਦੂਰ ਇਲਾਕਿਆਂ ਵਿੱਚ ਉਨ੍ਹਾਂ ਦੇ ਪ੍ਰਵਾਸ ਬਾਰੇ ਉਨ੍ਹਾਂ ਨਾਲ ਗੱਲ ਕਰਦੇ ਹਨ। ਉਹ ਦੇਹਰਾਦੂਨ ਦੇ ਇੱਕ ਸਕੂਲ ਦੇ ਬੱਚਿਆਂ ਨੂੰ ਪ੍ਰਵਾਸੀ ਪੰਛੀਆਂ ਬਾਰੇ ਦੱਸ ਰਹੇ ਸਨ। ਖ਼ਿਆਲ ਆਇਆ ਕਿ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਨਸਾਨ ਵੀ ਇਸ ਮਾਮਲੇ ਵਿੱਚ ਪੰਛੀਆਂ ਵਰਗੇ ਹੀ ਹਨ। ਸੋ ਉਹ ਉਨ੍ਹਾਂ ਨੂੰ ਵਣਗੁੱਜਰਾਂ ਦੀ ਬਸਤੀ ਵਿੱਚ ਲੈ ਗਏ। ਉਨ੍ਹਾਂ ਨੂੰ ਮਿਲਾਉਣ ਤੋਂ ਪਹਿਲਾਂ ਕਿਹਾ ਕਿ ਬੱਚਿਆਂ ਨੂੰ ਉਨ੍ਹਾਂ ਦਾ ਸਵਾਗਤ ਕਰਨਾ ਚਾਹੀਦਾ ਹੈ। ਬੱਚਿਆਂ ਨੇ ਮਿਲਦੇ ਹੀ ਇਕਸੁਰ ਵਿੱਚ ਕਿਹਾ, ਜੈ ਸ਼੍ਰੀ ਰਾਮ ! ਮੇਰੇ ਮਿੱਤਰ ਅਧਿਆਪਕ ਹੈਰਾਨ ਰਹਿ ਗਏ।

ਪੂਣੇ ਦੇ ਬੱਚੇ ਝੁੱਗੀਆਂ ਵਿੱਚ ਰਹਿਣ ਵਾਲੇ ਸਨ। ਦੇਹਰਾਦੂਨ ਦੇ ਇਹ ਬੱਚੇ ਭਾਰਤ ਦੇ ਸਭ ਤੋਂ ਅਮੀਰ ਤਬਕੇ ਦੇ ਬੱਚੇ ਸਨ। ਦੋਵਾਂ ਤੋਂ ਪੁੱਛਿਆ ਜਾਵੇ ਕਿ ਉਹ ਜੋ ਨਾਅਰਾ ਲਗਾ ਰਹੇ ਹਨ, ਕੀ ਇਸਦਾ ਅਰਥ ਜਾਣਦੇ ਹਨ, ਤਾਂ ਉਹ ਸ਼ਾਇਦ ਪੁੱਛਣ ਵਾਲੇ ਦਾ ਮੂੰਹ ਦੇਖਣ ਲੱਗ ਪੈਣਗੇ। ਉਨ੍ਹਾਂ ਨੂੰ ਨਹੀਂ ਪਤਾ ਕਿ ਇਹ ਹਿੰਦੂਤਵਵਾਦੀ ਸ਼ਕਤੀ ਦਾ ਭਿਆਨਕ ਪ੍ਰਤੀਕ ਜਾਂ ਐਲਾਨ ਹੈ। ਉਨ੍ਹਾਂ ਨੂੰ ਨਹੀਂ ਪਤਾ ਕਿ ਇਹ ਮੁਸਲਮਾਨਾਂ ਅਤੇ ਇਸਾਈਆਂ ਨੂੰ ਡਰਾਉਣ ਦਾ ਭਾਸ਼ਾਈ ਹਥਿਆਰ ਹੈ। ਬੱਚੀ ਦੇ ਹੱਥ ਵਿੱਚ ਖਿਡੌਣਾ ਬੁਲਡੋਜ਼ਰ ਕੀ ਹਿੰਦੂਆਂ ਵਿੱਚ ਸ਼ਕਤੀ ਦੀ ਇੱਕ ਨਵੀਂ ਕਲਪਨਾ ਦੇ ਹਕੀਕਤ ਬਣ ਜਾਣ ਦੀ ਸੂਚਨਾ ਹੈ ? ਜਾਂ ਉਹ ਹਰ ਕਿਸਮ ਦੀ ਕਲਪਨਾਸ਼ੀਲਤਾ ਦਾ ਅੰਤ ਹੈ ? ਕਲਪਨਾ ਦਾ ਰਿਸ਼ਤਾ ਸਿਰਜਣਾ (ਨਿਰਮਾਣ) ਨਾਲ ਹੈ। ਬੁਲਡੋਜ਼ਰ ਵਿਨਾਸ਼ ਦਾ ਪ੍ਰਤੀਕ ਹੈ। ਉਹ ਕਿਹੜੀ ਸ਼ਕਤੀ ਹੈ ਜੋ ਰਾਮ ਦੇ ਭਗਤਾਂ ਦੇ ਅਵਚੇਤਨ ਮਨ ਵਿੱਚ ਸਮਾ ਗਈ ਹੈ ?

***

## ਕਿਵੇਂ ਖ਼ਤਮ ਹੋਵੇਗੀ

ਇਰਾਨ ਪਹਿਲਾਂ ਤੋਂ ਹੀ ਖਾੜੀ ਦੇਸ਼ਾਂ ਵਿੱਚ ਅਜਿਹਾ ਕਰ ਰਿਹਾ ਹੈ ਜਿਸ ਨਾਲ ਉਨ੍ਹਾਂ ਦੀ ਅਰਥ-ਵਿਵਸਥਾ ਨੂੰ ਨੁਕਸਾਨ ਹੋ ਰਿਹਾ ਹੈ। ਡ੍ਰੋਨਾਂ ਨੇ ਯੁੱਧ ਦੀ ਪ੍ਰਕਿਰਤੀ ਹੀ ਬਦਲ ਦਿੱਤੀ ਹੈ। ਮਿਜ਼ਾਈਲਾਂ ਦੀ ਤੁਲਨਾ 'ਚ ਡ੍ਰੋਨਾਂ ਨੂੰ ਬਣਾਉਣਾ ਅਤੇ ਲਾਂਚ ਕਰਨਾ ਵੀ ਕਾਫ਼ੀ ਸਸਤਾ ਹੈ ਜਿਵੇਂ ਯੂਕ੍ਰੇਨ ਨੇ ਕਰ ਵਿਖਾਇਆ ਹੈ। ਡ੍ਰੋਨ ਯੁੱਧ ਨੂੰ ਲੰਮੇ ਸਮੇਂ ਤੱਕ ਜਾਰੀ ਰੱਖ ਸਕਦੇ ਹਨ ਭਾਵੇਂ ਹੀ ਦੋਵਾਂ ਦੇਸ਼ਾਂ ਦੀ ਸੈਨਿਕ ਤਾਕਤ ਵਿੱਚ ਵੱਡਾ ਫ਼ਰਕ ਹੋਵੇ। ਅਜੇ ਤੱਕ ਕੋਈ ਨਹੀਂ ਜਾਣਦਾ ਕਿ ਡ੍ਰੋਨ ਬਣਾਉਣ ਦੀ ਸਮੱਰਥਾ ਨੂੰ ਪੂਰੀ ਤਰਾਂ ਕਿਵੇਂ ਖ਼ਤਮ ਕੀਤਾ ਜਾਵੇ। ਦੁਨੀਆ ਦੇ 20 ਫ਼ੀਸਦੀ ਤੇਲ ਤੇ ਗੈਸ ਦੀ ਸਪਲਾਈ ਹੋਰਮੁਜ਼ ਜਲ ਮਾਰਗ ਰਾਹੀਂ ਹੁੰਦੀ ਹੈ। ਇਹ ਇਰਾਨ ਦੇ ਹਿੱਤ ਵਿੱਚ ਹੋਵੇਗਾ ਕਿ ਡ੍ਰੋਨਾਂ ਦੇ ਇਸਤੇਮਾਲ ਅਤੇ ਹੋਰਮੁਜ਼ ਉੱਤੇ ਆਪਣੇ ਕੰਟਰੋਲ ਰਾਹੀਂ ਯੁੱਧ ਦੀ ਕੀਮਤ ਵਧਾਏ ਅਤੇ ਉਸ ਕੋਲ ਅਜਿਹਾ ਕਰਨ ਦੀ ਸਮੱਰਥਾ ਵੀ ਹੈ। ਵੈਨੇਜ਼ੁਏਲਾ ਵਰਗੀ ਕੋਈ ਸੌਖੀ ਜਿੱਤ ਅਮਰੀਕਾ ਲਈ ਸੰਭਵ ਵੀ ਨਹੀਂ ਹੈ। ਅਮਰੀਕਾ-ਇਜ਼ਰਾਇਲ ਦੀ ਅੜੀ ਅਤੇ ਇਰਾਨ ਦੇ ਟਿਕੇ ਰਹਿਣ ਕਰ ਕੇ ਜੰਗ ਲੰਮੀ ਖਿੱਚੀ ਜਾ ਸਕਦੀ ਹੈ ਤੇ ਇਹ ਕਿਵੇਂ ਤੇ ਕਦੋਂ ਮੁੱਕੇਗੀ, ਕੁਝ ਨਹੀਂ ਕਿਹਾ ਜਾ ਸਕਦਾ।

***

## ਖ਼ਤਰਨਾਕ ਮੋੜ 'ਤੇ ਪਹੁੰਚੀ

ਓਥੋਂ ਦੇ ਸਰਵੇਖਣਾਂ ਵਿੱਚ ਯੁੱਧ ਕਾਰਨ ਟਰੰਪ ਦਾ ਸਮਰਥਨ 35 % ਰਹਿ ਗਿਆ ਹੈ। ਯੂ. ਐਨ, ਸਕੱਤਰ ਜਨਰਲ ਗੁਟੇਰੇਸ ਨੇ ਅਮਰੀਕਾ ਇਜ਼ਰਾਇਲ ਨੂੰ ਹਮਲੇ ਫ਼ੌਰੀ ਰੋਕਣ ਲਈ ਆਖਿਆ ਹੈ। ਅਮਰੀਕੀ ਮੈਗਜ਼ੀਨ 'ਟਾਈਮਜ਼' ਨੇ ਆਪਣੇ 'ਕਵਰ ਪੰਨੇ' ਉੱਤੇ ਟਰੰਪ ਦੀ ਫੋਟੋ ਲਾ ਕੇ ਉੱਪਰ ਲਿਖਿਆ ਹੈ ਕਿ ਟਰੰਪ ਬਾਹਰ ਨਿਕਲਣ ਦਾ ਰਸਤਾ ਲੱਭ ਰਿਹਾ ।

ਇੱਕ ਮਹੀਨੇ ਦੀ ਲੜਾਈ ਦਾ ਨਿਚੋੜ ਇਹ ਹੈ ਕਿ ਅਮਰੀਕਾ ਇਜ਼ਰਾਇਲ ਆਪਣੇ ਸਰਕਾਰ ਬਦਲਣ ਦੇ ਐਲਾਨਾਂ ਤੋਂ ਮੁੱਕਰ ਗਏ ਹਨ। ਸਗੋਂ ਉਲਟਾ ਇਰਾਨੀ ਆਗੂਆਂ ਦੇ ਕਤਲਾਂ ਦੇ ਬਾਵਜੂਦ ਅਮਰੀਕੀ ਏਜੰਸੀ 'ਰਾਈਟਰਜ਼' ਦੀ ਰਿਪੋਰਟ ਹੈ ਕਿ ਇਰਾਨ ਸਰਕਾਰ ਨੂੰ ਲੋਕਾਂ ਦੀ ਹਮਾਇਤ ਬਹੁਤ ਵਧ ਗਈ ਹੈ। ਪ੍ਰਮਾਣੂੰ ਮੁੱਦੇ ਬਾਰੇ ਤਾਂ ਸੰਭਾਵਨਾ ਹੈ ਕਿ ਇਰਾਨ ਪ੍ਰਮਾਣੂੰ ਬੰਬ ਬਣਾਉਣ ਨੂੰ ਹੁਣ ਆਪਣੀ ਜ਼ਰੂਰਤ ਵਜੋਂ ਪੇਸ਼ ਕਰਨ ਵੱਲ ਵਧੇਗਾ। ਇਰਾਨ ਦੀ ਮਿਜ਼ਾਈਲ ਡਰੋਨ ਸ਼ਕਤੀ ਅਜਿੱਤ ਜਾਪਣ ਲੱਗੀ ਹੈ। ਟਰੰਪ ਜਦੋਂ ਸੰਬੋਧਨ ਵਿੱਚ ਕਹਿ ਰਿਹਾ ਸੀ ਕਿ ਇਰਾਨ ਦੀ ਲੜਨ ਸ਼ਕਤੀ ਖ਼ਤਮ ਕਰ ਦਿੱਤੀ ਗਈ ਹੈ, ਉਸ ਤੋਂ 34 ਮਿੰਟ ਬਾਅਦ ਇਰਾਨ ਨੇ ਜੋ ਇਜ਼ਰਾਇਲ ਉੱਤੇ ਹਮਲਾ ਕੀਤਾ, ਉਸ ਬਾਰੇ ਇਜ਼ਰਾਇਲ ਨੇ ਕਿਹਾ ਕਿ ਇਹ ਅੱਜ ਤਕ ਦਾ ਸਭ ਤੋਂ ਵੱਡਾ ਹਮਲਾ ਸੀ। ਦੂਜੇ ਬੰਨੇ ਅਮਰੀਕਾ ਇਜ਼ਰਾਇਲ ਵੀ ਇਰਾਨ ਦੀ ਮੁਕੰਮਲ ਬਰਬਾਦੀ ਕਰਨ ਵੱਲ ਵਧ ਰਹੇ ਹਨ।

ਹਾਰਮੂਜ਼ ਸਮੁੰਦਰੀ ਲਾਂਘਾ ਅਮਰੀਕਾ ਇਜ਼ਰਾਇਲ ਤੇ ਉਹਨਾਂ ਦੇ ਸਹਿਯੋਗੀਆਂ ਲਈ ਇਰਾਨ ਨੇ ਫਿਲਹਾਲ ਬੰਦ ਕਰ ਦਿੱਤਾ ਹੈ। ਮੱਧ ਪੂਰਬੀ ਅਰਬ ਦੇਸ਼ਾਂ ਦਾ ਕਾਰੋਬਾਰ ਚੌਪਟ ਹੋਣ ਵੱਲ ਹੈ। ਅਰਬ ਦੇਸ਼ਾਂ ਵਿਚਲੇ ਅਮਰੀਕੀ ਫ਼ੌਜੀ ਅੱਡਿਆਂ ਦਾ ਬਹੁਤ ਨੁਕਸਾਨ ਹੋਇਆ ਹੈ, ਇਕੋ ਇੱਕ ਮਹਾਂਸ਼ਕਤੀ ਵਾਲਾ ਭਰਮ ਟੁੱਟਾ ਹੈ।

ਇਰਾਨ ਦਾ ਪੈਂਤੜਾ ਹੈ ਕਿ ਉਹ ਹੁਣ ਕਿਸੇ ਧੋਖੇ ਵਿੱਚ ਨਹੀਂ ਆਵੇਗਾ। ਜਦਕਿ ਟਰੰਪ ਇੱਕ ਪਾਸੇ ਡੀਲ ਕਰਨ ਲਈ ਧਮਕਾ ਰਿਹਾ ਤੇ ਦੂਜੇ ਪਾਸੇ ਕਿਸੇ ਅਪਰੇਸ਼ਨ ਲਈ ਘੇਰਾਬੰਦੀ ਵੀ ਜ਼ੋਰ-ਸ਼ੋਰ ਨਾਲ ਜਾਰੀ ਹੈ। ਟਰੰਪ ਦੀ ਗੱਲ 'ਤੇ ਹੁਣ ਕੋਈ ਯਕੀਨ ਨਹੀਂ ਕਰਦਾ।

ਸੰਸਾਰ ਭਰ ਵਿੱਚ ਤੇਲ ਗੈਸ ਦਾ ਵੱਡਾ ਸੰਕਟ ਆ ਚੁੱਕਾ ਦਿੱਸ ਰਿਹਾ। 85 ਦੇਸ਼ਾਂ ਵਿੱਚ ਤੇਲ ਦੇ ਭਾਅ 50 % ਤੱਕ ਵਧ ਚੁੱਕੇ ਹਨ। ਸ਼ੇਅਰ ਬਜ਼ਾਰ ਮੂਧੇ ਮੂੰਹ ਡਿੱਗੇ ਪਏ ਹਨ। ਮਹਿੰਗਾਈ ਤੇਜੀ ਨਾਲ ਵਧੀ। ਹਾਹਾਕਾਰ ਮੱਚੀ ਪਈ ਹੈ। ਰੂਸ ਨੇ ਇੱਕ ਅਪ੍ਰੈਲ ਤੋਂ ਅਗਲੇ 4 ਮਹੀਨਿਆਂ ਲਈ ਆਪਣੀ ਤੇਲ ਗੈਸ ਦੇ ਨਿਰਯਾਤ ਉੱਤੇ ਰੋਕ ਲਾ ਦਿੱਤੀ ਹੈ।

ਇਹ ਖ਼ਤਰਨਾਕ ਹਾਲਾਤ ਹਤਾਸ਼ਾ ਵਿੱਚ ਕੋਈ ਵੀ ਮੋੜ ਲੈ ਸਕਦੇ ਹਨ।

ਲੋਕੋ, ਬੰਦੇ ਵੱਲੋਂ ਸਾਰੀ ਕੁਦਰਤੀ ਲੀਲਾ ਨੂੰ ਫ਼ਨਾਹ ਕਰਨ ਲਈ ਐਟਮ ਬੰਬ ਬਣਾਉਣੇ ਧਰਤੀ ਵਿਰੋਧੀ ਗੁਨਾਹ ਹੈ। ਕਾਸ਼ ! ਇਨਸਾਨ ਆਪਣਾ ਮੂਲ ਪਛਾਣ ਕੇ ਧਰਤੀ ਮਾਂ ਨਾਲ, ਕੁਦਰਤ ਨਾਲ ਆਪਣਾ ਪਿਆਰਾ ਰਿਸ਼ਤਾ ਬਣਾ ਲਵੇ।

***

## ਕੈਨੇਡਾ ਵਿੱਚ ਹਿੰਸਕ ਘਟਨਾਵਾਂ ਲਈ

ਕੈਨੇਡਾ ਦੇ ਦਾਅਵਿਆਂ ਦਾ ਇੱਕ ਮੁੱਖ ਹਿੱਸਾ ਭਾਰਤ ਸਥਿਤ ਲਾਰੈਂਸ ਬਿਸ਼ਨੋਈ ਗੈਂਗ 'ਤੇ ਕੇਂਦਰਿਤ ਸੀ, ਜਿਸ 'ਤੇ ਕੈਨੇਡਾ ਨੇ ਭਾਰਤੀ ਹਿੱਤਾਂ ਲਈ ਕੰਮ ਕਰਨ ਦਾ ਦੋਸ਼ ਲਗਾਇਆ ਸੀ ਅਤੇ ਸਤੰਬਰ 2025 ਵਿੱਚ ਇਸ ਨੂੰ ਅੱਤਿਵਾਦੀ ਜਥੇਬੰਦੀ ਐਲਾਨ ਦਿੱਤਾ ਗਿਆ ਸੀ।

ਭਾਰਤ ਸਰਕਾਰ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਅਤੇ ਰਾਜਨੀਤੀ ਤੋਂ ਪ੍ਰੇਰਿਤ ਦੱਸ ਕੇ ਸਖ਼ਤੀ ਨਾਲ ਰੱਦ ਕਰ ਦਿੱਤਾ ਸੀ। ਭਾਰਤ ਨੇ ਵਾਰ-ਵਾਰ ਕੈਨੇਡਾ ਨੂੰ ਆਪਣੀ ਧਰਤੀ 'ਤੇ ਖ਼ਾਲਿਸਤਾਨੀ ਕੱਟੜਪੰਥੀਆਂ ਵਿਰੁੱਧ ਕਾਰਵਾਈ ਕਰਨ ਅਤੇ ਬਿਸ਼ਨੋਈ ਨੈੱਟਵਰਕ ਨਾਲ ਜੁੜੀਆਂ ਹਵਾਲਗੀ ਬੇਨਤੀਆਂ 'ਤੇ ਕਾਰਵਾਈ ਕਰਨ ਦੀ ਅਪੀਲ ਕੀਤੀ ਸੀ।

ਦੂਜੇ ਪਾਸੇ ਉਸ ਇੰਟਰਵਿਊ ਵਿੱਚ ਕਮਿਸ਼ਨਰ ਡ੍ਰਹੇਮ ਨੇ ਇਹ ਵੀ ਸਪੱਸ਼ਟ ਕੀਤਾ ਸੀ ਕਿ ਜਬਰਨ ਵਸੂਲੀ ਦੀਆਂ ਕੁਝ ਧਮਕੀਆਂ ਦੇਣ ਵਾਲੇ ਅਜਿਹੇ ਲੋਕ ਸਨ ਜਿਨ੍ਹਾਂ ਦਾ ਲਾਰੈਂਸ ਬਿਸ਼ਨੋਈ ਨਾਲ ਸਬੰਧ ਨਹੀਂ ਸੀ ਪਰ ਉਹ ਕੇਵਲ ਡਰ ਪੈਦਾ ਕਰਨ ਲਈ ਇਸ ਸੰਗਠਨ ਦੇ ਨਾਮ ਦੀ ਵਰਤੋਂ ਕਰ ਰਹੇ ਸਨ।

ਪੁਰਾਣੇ ਤਣਾਅ ਦੇ ਬਾਵਜੂਦ ਦੋਵੇਂ ਦੇਸ਼ ਲਗਾਤਾਰ ਸਬੰਧਾਂ ਨੂੰ ਮੁੜ ਲੀਹ ਉੱਤੇ ਲਿਆ ਰਹੇ ਹਨ। ਸਤੰਬਰ 2025 ਵਿੱਚ ਹਾਈ ਕਮਿਸ਼ਨਰਾਂ ਨੂੰ ਮੁੜ ਬਹਾਲ ਕੀਤਾ ਗਿਆ ਸੀ, ਜਿਸ ਤੋਂ ਬਾਅਦ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਅਤੇ ਵਿਦੇਸ਼ ਮੰਤਰੀਆਂ ਵਿਚਕਾਰ ਉੱਚ ਪੱਧਰੀ ਗੱਲਬਾਤ ਹੋਈ ਸੀ।

***

## ਤੇਲ ਅਤੇ ਗੈਸ ਦੀਆਂ ਕੀਮਤਾਂ 'ਚ ਵਾਧਾ

ਇਸ ਦਾ ਅਸਰ ਹੋਰ ਚੀਜ਼ਾਂ ਦੀਆਂ ਕੀਮਤਾਂ 'ਤੇ ਵੀ ਪਵੇਗਾ, ਜਿਸ ਨਾਲ ਖਪਤਕਾਰਾਂ 'ਤੇ ਬੋਝ ਵਧੇਗਾ। ਹੋਰਮੁਜ਼ ਸਟ੍ਰੇਟ ਦੀ ਨਾਕਾਬੰਦੀ ਕਾਰਨ ਵਿਸ਼ਵ ਅਰਥਚਾਰੇ ਨੂੰ ਪਹਿਲਾਂ ਹੀ ਕਰੋੜਾਂ ਬੈਰਲ ਤੇਲ ਦਾ ਨੁਕਸਾਨ ਹੋ ਚੁੱਕਾ ਹੈ। ਜੇਪੀ ਮੋਰਗਨ ਦੀ ਰਿਪੋਰਟ ਅਨੁਸਾਰ, ਏਸ਼ੀਆ ਨੂੰ ਸਭ ਤੋਂ ਪਹਿਲਾਂ ਤੇਲ ਦੀ ਸਪਲਾਈ ਵਿੱਚ ਕਮੀ ਦਾ ਸਾਹਮਣਾ ਕਰਨਾ ਪਿਆ ਹੈ, ਜਿੱਥੇ ਸਰਕਾਰਾਂ ਨੇ ਰਾਸ਼ਨਿੰਗ ਦੇ ਨਿਰਦੇਸ਼ ਦਿੱਤੇ ਹਨ। ਯੂਰਪ ਵਿੱਚ ਅਪ੍ਰੈਲ ਦੇ ਅੱਧ ਤੱਕ ਕਿੱਲਤ ਹੋਣ ਦੀ ਸੰਭਾਵਨਾ ਹੈ। ਅਮਰੀਕਾ ਤੱਕ ਤੇਲ ਪਹੁੰਚਣ ਵਿੱਚ 35 ਤੋਂ 45 ਦਿਨ ਲੱਗਦੇ ਹਨ, ਇਸ ਲਈ ਇਹ ਪ੍ਰਭਾਵਿਤ ਹੋਣ ਵਾਲਾ ਆਖਰੀ ਬਾਜ਼ਾਰ ਹੋਵੇਗਾ। ਕੀਮਤਾਂ ਵਧਣਗੀਆਂ, ਪਰ ਤੇਲ ਉਤਪਾਦਾਂ ਦੀ ਘਾਟ ਸ਼ਾਇਦ ਸਿਰਫ ਕੈਲੀਫੋਰਨੀਆ ਤੱਕ ਹੀ ਸੀਮਤ ਰਹੇਗੀ, ਕਿਉਂਕਿ ਇਹ ਇਲਾਕਾ ਦੇਸ਼ ਦੇ ਬਾਲਣ ਸਪਲਾਈ ਸਿਸਟਮ ਤੋਂ ਭੌਤਿਕ ਤੌਰ 'ਤੇ ਵੱਖਰਾ ਹੈ।

***

## ਅੰਮ੍ਰਿਤਸਰ ਹਵਾਈ ਅੱਡੇ 'ਤੇ ਸ਼ਰਾਬ ਦੀਆਂ ਦੁਕਾਨਾਂ

ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਇਸ ਸੰਵੇਦਨਸ਼ੀਲ ਮੁੱਦੇ ਦਾ ਨੋਟਿਸ ਲੈਣ ਅਤੇ ਗੁਰੂ ਕੀ ਨਗਰੀ ਦੇ ਹਵਾਈ ਅੱਡੇ ਤੋਂ ਸ਼ਰਾਬ ਦੀਆਂ ਦੁਕਾਨਾਂ ਹਟਾਉਣ ਦੇ ਤੁਰੰਤ ਆਦੇਸ਼ ਜਾਰੀ ਕਰਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸ਼ਹਿਰ ਦੇ ਪਵਿੱਤਰ ਸਰੂਪ ਅਤੇ ਮਰਿਯਾਦਾ ਨੂੰ ਕਾਇਮ ਰੱਖਣਾ ਸਰਕਾਰ ਦੀ ਨੈਤਿਕ ਜ਼ਿੰਮੇਵਾਰੀ ਹੈ।

***

## ਵਿਸਾਖੀ ਮੌਕੇ ਕਰਤਾਰਪੁਰ ਸਾਹਿਬ ਲਾਂਘਾ

ਲਾਂਘਾ ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਵਿੱਚ ਸਥਿਤ ਕਰਤਾਰਪੁਰ ਸਾਹਿਬ ਗੁਰਦੁਆਰਾ (ਜਿਸ ਨੂੰ ਦਰਬਾਰ ਸਾਹਿਬ ਵਜੋਂ ਵੀ ਜਾਣਿਆ ਜਾਂਦਾ ਹੈ) ਨੂੰ ਭਾਰਤ ਦੇ ਡੇਰਾ ਬਾਬਾ ਨਾਨਕ ਨਾਲ ਜੋੜਦਾ ਹੈ।

ਇਸੇ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤਰਰਾਸ਼ਟਰੀ ਮਾਮਲਿਆਂ ਦੇ ਮੁੱਖ ਸਲਾਹਕਾਰ ਪਰਮਜੀਤ ਸਿੰਘ ਚੰਡੋਕ ਨੇ ਦੱਸਿਆ ਕਿ ਦਿੱਲੀ ਸਥਿਤ ਸਿੱਖ ਸੰਸਥਾ ਨੇ ਹਾਲ ਹੀ ਵਿੱਚ ਨਰਿੰਦਰ ਮੋਦੀ ਸਰਕਾਰ ਨੂੰ ਇੱਕ ਪੱਤਰ ਲਿਖ ਕੇ ਸਿੱਖ ਸ਼ਰਧਾਲੂਆਂ ਲਈ ਲਾਂਘਾ ਮੁੜ ਖੋਲ੍ਹਣ ਦੀ ਬੇਨਤੀ ਕੀਤੀ ਹੈ। ਉਨ੍ਹਾਂ ਤਰਕ ਦਿੱਤਾ ਕਿ 14 ਅਪ੍ਰੈਲ ਨੂੰ ਵਿਸਾਖੀ 'ਤੇ ਸੀਮਤ ਗਿਣਤੀ ਵਿੱਚ ਸ਼ਰਧਾਲੂਆਂ ਨੂੰ ਇਜਾਜ਼ਤ ਦੇ ਕੇ ਲਾਂਘਾ ਖੋਲ੍ਹਿਆ ਜਾ ਸਕਦਾ ਹੈ। ਸੀਮਤ ਸ਼ਰਧਾਲੂਆਂ ਲਈ ਲਾਂਘਾ ਖੋਲ੍ਹਣਾ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਲਈ ਸੰਭਾਲਣਾ ਸੁਖਾਲਾ ਹੋਵੇਗਾ। ਜ਼ਿਕਰਯੋਗ ਹੈ ਕਿ 22 ਅਪਰੈਲ 2025 ਨੂੰ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਸੁਰੱਖਿਆ ਚਿੰਤਾਵਾਂ ਕਾਰਨ ਮਈ 2025 ਵਿੱਚ ਭਾਰਤ ਵਾਲੇ ਪਾਸੇ ਤੋਂ ਲਾਂਘਾ ਬੰਦ ਕਰ ਦਿੱਤਾ ਗਿਆ ਸੀ। ਜਦੋਂ ਕਿ ਰਿਪੋਰਟਾਂ ਦੱਸਦੀਆਂ ਹਨ ਕਿ ਪਾਕਿਸਤਾਨ ਨੇ ਆਪਣਾ ਪਾਸਾ ਖੁੱਲ੍ਹਾ ਰੱਖਿਆ ਹੈ, ਪਰ ਭਾਰਤੀ ਪਾਸੇ ਤੋਂ ਮੁਸਾਫ਼ਰਾਂ ਲਈ ਇਹ ਲਾਂਘਾ ਬੰਦ ਹੈ। ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਦਲ ਖ਼ਾਲਸਾ ਸਮੇਤ ਕਈ ਸਿੱਖ ਜਥੇਬੰਦੀਆਂ ਲਾਂਘਾ ਖੋਲ੍ਹਣ ਲਈ ਮੰਗ ਕਰਦੀਆਂ ਆ ਰਹੀਆਂ ਹਨ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**